Punjab Vidhan Sabha Debates

1st April, 1987

Vol.—V—No. 16

OFFICIAL REPORT

Chief Reporter
Punjab Vidhan Sabha
Chandigarh

CONTENTS

Wednesday, the 1st April, 1987

Punjab Vidhan Sabha Secretariat, Chandigarh

Price : Rs

...th;
... Sabha
... Library

Original with;
Punjab Vidhan Sabha
Digitized by;
Panjab Digital Library

ERRATA

To

PUNJAB VIDHAN SABHA DEBATES

VOL. V— No. 16

Dated 1st April, 1987.

Read	*For*	*Page*	*Line*
ਟੈਰੋਰਿਸਟ	ਟੈਰੋਟਿਸਟ	(16)24	8th from below
Read 'No' between 'ਮੈਨੂੰ' and 'point'		(16)27	9th from below
ਪੜਤਾਲ	ਪੜਾਲ	(16)30	16
ਛਡਣਾ	ਛੱਡਕਾ	(16)41	2
ਰੈਗੁਲੇਸ਼ਨਜ	ਰੇਜੋਲਿਊਸ਼ਨ	(16)59	17
are	or	(16)64	19
ਕਹਿੰਦੇ	ਸਹਿੰਦੇ	(16)68	11
ਕਲਾਜ਼	ਲਾਜ਼	(16)75	3
ਕਲਾਜ਼	ਕਾਜ਼	(16)76	7
ਬਣੇ	ਬਣ	(16)77	7

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

PUNJAB VIDHAN SABHA

Wednesday, the 1st April, 1987

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Sardar Surjit Singh Minhas) in the Chair.

STARRED QUESTIONS AND ANSWERS

ਨਿਸ਼ਾਨਵਾਲਾ ਪ੍ਰਸ਼ਨ ਨੰ: 709

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਇਆ ।)

Stay order regarding leasing out of Panchayati land of village Samaspura

***776. Sardar Dilbagh Singh** : Will the Minister of State for Rural Development and Panchayats be pleased to state—

(a) whether any stay order has been issued by the Sub-Judge Nawanshahr in the matter of leasing out of the Panchayati Land of Village Samaspura, Block Nawanshahr, District Jalandhar ;

(b) if the reply to part (a) above be in the affirmative ; whether any efforts have been made by the Panchayats Department to get the said stay order vacated ; if not ; the reasons therefor ?

ਸਰਦਾਰ ਬਲਦੇਵ ਸਿੰਘ ਖਿਆਲਾ : (ੳ) ਹਾਂ ਜੀ, ਸਬ-ਜੱਜ, ਦਰਜਾ ਅਵੱਲ, ਨਵਾਂ ਸ਼ਹਿਰ ਜ਼ਿਲ੍ਹਾ ਜਲੰਧਰ ਵਲੋਂ ਮੁਕੱਦਮੇ ਵਾਲੀ ਜ਼ਮੀਨ ਸਬੰਧੀ ਸਟੇਅ ਆਰਡਰ ਜਾਰੀ ਕੀਤਾ ਗਿਆ ਹੈ ।

(ਅ) ਗਰਾਮ ਪੰਚਾਇਤ ਵਲੋਂ ਮੁੱਕਦਮੇ ਦੀ ਪੈਰਵੀ ਕੀਤੀ ਗਈ ਸੀ ਅਤੇ ਵਿਭਾਗ ਇਸ ਵਿਚ ਪਾਰਟੀ ਨਹੀਂ ਸੀ। ਸਟੇਅ ਨੂੰ ਰੱਦ ਕਰਾਉਣ ਲਈ ਅਦਾਲਤ ਵਿਚ ਕੋਈ ਵੀ ਵਖਰੀ ਦਰਖਾਸਤ ਨਹੀਂ ਦਿੱਤੀ ਗਈ। ਸਰਪੰਚ ਕਸੂਰਵਾਰ ਹੋਣ ਕਰਕੇ ਮੁਅੱਤਲ ਕੀਤਾ ਜਾ ਚੁੱਕਾ ਹੈ।

ਸਰਦਾਰ ਦਿਲਬਾਗ ਸਿੰਘ : ਮੈਂ ਸਿਰਫ ਐਨਾ ਹੀ ਜਾਣਨਾ ਚਾਹੁੰਦਾ ਹਾਂ ਕਿ ਸਾਡੇ ਪੰਚਾਇਤ ਐਕਟ ਵਿਚ ਇਹ ਹੈ ਕਿ 100 ਏਕੜ ਤੋਂ ਵੱਧ ਜ਼ਮੀਨ ਹੋਵੇ ਤਾਂ ਉਸ ਦੀ ਬੋਲੀ ਡੀ. ਡੀ. ਪੀ. ਓ. ਨੇ ਕਰਨੀ ਹੈ ਔਰ ਅਗਰ 20 ਏਕੜ ਹੋਵੇ ਤਾਂ ਬੀ. ਡੀ. ਓ. ਨੇ ਕਰਨੀ ਹੈ। ਇਹ 120 ਏਕੜ ਜ਼ਮੀਨ ਸੀ ਜਿਸ ਦਾ ਅਖਤਿਆਰ ਡੀ. ਡੀ. ਪੀ. ਓ. ਨੂੰ ਸੀ, ਉਸ ਨੂੰ ਪਾਰਟੀ ਬਣਾਉਣਾ, ਸਵਾਲ ਇਹ ਪੈਦਾ ਹੁੰਦਾ ਹੈ ਕਿ ਮਾਲਕ ਮੈਂ ਹਾਂ ਸਟੇਟ ਆਰਡਰ ਕੋਈ ਹੋਰ ਲਵੇ। ਇਹ ਠੀਕ ਨਹੀਂ ਲਗਦਾ।

ਰਾਜ ਮੰਤਰੀ : ਮਾਨਯੋਗ ਮੈਂਬਰ ਸਾਹਿਬ ਨੇ ਠੀਕ ਕਿਹਾ ਹੈ ਕਿ 20 ਏਕੜ ਹੋਵੇ ਤਾਂ ਬੀ. ਡੀ. ਓ. ਦੀ ਡਿਊਟੀ ਹੈ। ਪਰ ਇਥੇ ਕੋਈ 143 ਏਕੜ ਸੀ। ਇਸ ਤੇ ਕਾਰਵਾਈ ਕੀਤੀ ਜਾਵੇਗੀ ।

Original with;
Punjab Vidhan Sabha
Digitized by;
Panjab Digital Library

ਸਰਦਾਰ ਭਾਗ ਸਿੰਘ : ਕਾਮਨ ਲੈਂਡ ਐਕਟ ਦੇ ਅੰਦਰ ਸਿਵਿਲ ਜੁਰਿਸਡਿਕਸ਼ਨ ਦੇ ਇਹ ਵੇਖਿਆ ਗਿਆ ਹੈ ਇੰਟਰਮਟਿਡ ਪਾਰਟੀ ਆਪਣਾ ਦਬਾਅ ਪਾਅ ਕੇ ਸਟੇਅ ਲੈ ਲੈਂਦੇ ਹਨ ਮਹਿਕਮੇਂ ਵਾਲੇ ਪੈਰਵੀ ਨਹੀਂ ਕਰਦੇ। ਵਿਦ ਦੀ ਰਿਜਲਟ 6 ਮਹੀਨੇ ਜਾਂ ਸਾਲ ਕੇਸ ਪੈਂਡਿੰਗ ਪਏ ਰਹਿੰਦੇ ਹਨ। ਕੀ ਇਹ ਵਿਸ਼ਵਾਸ ਦਿਵਾਉਣਗੇ ਕਿ ਇਹ ਕੇਸ ਪੈਂਡਿੰਗ ਨਾ ਪਏ ਰਹਿਣ ਔਰ ਜਲਦੀ ਕਾਰ-ਵਾਈ ਹੋਵੇ ।

ਰਾਜ ਮੰਤਰੀ : ਸਪੀਕਰ ਸਾਹਿਬ, ਕਾਇਦੇ ਅਨੁਸਾਰ ਤਾਂ ਜਿਸ ਦਾ ਅਖਤਿਆਰ ਹੋਵੇ ਉਸ ਨੂੰ ਹੀ ਕਰਨਾ ਚਾਹੀਦਾ ਹੈ ਪਰ ਹੁੰਦਾ ਇਹ ਹੈ ਕਿ ਕਈ ਵਾਰ ਹੋਰ ਹੀ ਪਾਰਟੀ ਆਪਣੀ ਲੱਤ ਅੜਾ ਕੇ ** ** ** ਇਸ ਕੇਸ ਵਿਚ ਵੀ ਸਰਪੰਚ ਨੇ ਸਟੇਅ ਨੂੰ ਵਿਕੇਟ ਕਰਾਉਣ ਵਿਚ ਕੋਤਾਹੀ ਕੀਤੀ ਹੈ ਇਸ ਕਰਕੇ ਉਸ ਨੂੰ ਸਸਪੈਂਡ ਕੀਤਾ ਗਿਆ ਹੈ । ਹੋਰ ਵੀ ਜਿਹੜਾ ਅਧਿਕਾਰੀ ਜ਼ਿੰਮੇਵਾਰ ਹੋਵੇਗਾ ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ ।

ਸ੍ਰੀ ਸਪੀਕਰ : ਇਹ ਜਿਹੜਾ ਮਨਿਸਟਰ ਸਾਹਿਬ ਨੇ ** ** ** ਬਾਰੇ ਕਿਹਾ ਹੈ ਇਹ ਜੁਡੀਸ਼ਰੀ ਤੇ ਐਸਪਰਸ਼ਨ ਹੈ। ਇਸ ਨੂੰ ਐਕਸਪੰਜ ਕਰ ਦਿੱਤਾ ਜਾਵੇ ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਇਹ 143 ਏਕੜ ਜ਼ਮੀਨ ਸੀ। ਇਹ 52 ਰੁਪਏ ਫੀ ਏਕੜ ਦੇ ਹਿਸਾਬ ਨਾਲ ਰਖੀ ਰਹੀ ਔਰ ਜੇ ਕੋਈ ਇਸ ਵਿਚ ਗੜਬੜ ਕਰਦਾ ਹੈ ਤਾਂ ਉਸ ਤੋਂ 20 ਗੁਣਾ ਰੁਪਿਆ ਜ਼ਿਆਦਾ ਲਿਆ ਜਾਂਦਾ ਹੈ। ਜੇ ਮਹਿਕਮਾ ਸਹੀ ਹੈ ਤਾਂ ਇਸ ਵਿਚ ਜਿਹੜਾ ਵੀ ਕਸੂਰਵਾਰ ਹੈ ਉਸ ਦੇ ਖਿਲਾਫ ਕਾਰਵਾਈ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੱਸ ਦਿੱਤਾ ਹੈ ਕਿ ਜ਼ਮੀਨ ਖਾਲੀ ਕਰ-ਵਾਉਣ ਵਾਸਤੇ ਮੁੱਕਦਮਾਂ ਦਰਜ ਕਰ ਦਿੱਤਾ ਗਿਆ ਹੈ। ਡੀ.ਡੀ.ਪੀ.ਓ. ਅਤੇ ਦੂਜੇ ਅਫਸਰਾਂ ਦੀ ਪੈਰਵਾਈ ਕਰਨ ਤੋਂ ਬਾਅਦ ਫੈਸਲਾ ਹੁੰਦਾ ਹੈ । ਜੋ ਕਾਨੂੰਨ ਦੇ ਮੁਤਾਬਿਕ ਹੋਵੇਗਾ, ਉਸ ਦੇ ਮੁਤਾ-ਬਿਕ ਹੀ ਪੈਸੇ ਵਸੂਲੇ ਜਾਣਗੇ।

ਸ੍ਰੀ ਸਪੀਕਰ : ਸਬ-ਜੱਜ ਤੋਂ ਉਹ ਸਟੇਅ ਲੈ ਆਏ ਹਨ। ਮਹਿਕਮਾ ਸਟੇਅ ਵਿਕੇਟ ਕਰ-ਵਾਉਣ ਦੀ ਕੋਸ਼ਿਸ਼ ਕਰਦਾ ਹੈ ।

Sardar Bhag Singh: May I know why the D,D.P.O. or B. D. P. O. do not take action to get the stay vacated?

Mr. Speaker : Please take your seat. ਇਹ ਐਕਟ ਵਿਚ ਇਨਸਟਰਕਸ਼ਨਾਂ ਹਨ । ਫਰਜ਼ ਬਣਦਾ ਹੈ ਕਿ ਮਹਿਕਮਾ ਨੋਟਿਸ ਲਵੇ ਅਤੇ ਸਟੇਅ ਵਿਕੇਟ ਕਰਾਵੇ । Next question. Sardar Dilbagh Singh to please put his question.

Panchayat Land of Village Neelowal

*777. **Sardar Dilbagh Singh** : Will the Minister of State for Rural Development and Panchayats be pleased to state—

(a) the total acreage of land with the Gram Panchayat of village Neelowal, Block Nawanshahr, District Jalandhar;

**Expunged as ordered by the Chair.

Original with;
Punjab Vidhan Sabha
Digitized by;
Panjab Digital Library

(b) whether the said village panchayat has leased out the said land, if so, per acre rate thereof ;

(c) whether any request has been received by the said panchayat offering higher bid for the said land ;

(d) if the reply to part (c) above be in the affirmative whether the said land has been given to this higher bidder, if not, the reasons thereof ?

ਸਰਦਾਰ ਬਲਦੇਵ ਸਿੰਘ ਖਿਆਲਾ: (ੳ) ਪਿੰਡ ਨੀਲੋਂਵਾਲ, ਬਲਾਕ ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ , ਦੀ ਪੰਚਾਇਤ ਕੋਲ ਕੁਲ 41 ਏਕੜ 13 ਮਰਲੇ ਜ਼ਮੀਨ ਹੈ, ਜਿਸ ਵਿਚੋਂ 20 ਏਕੜ 3 ਕਨਾਲ 16 ਮਰਲੇ ਵਾਹੀਯੋਗ ਜ਼ਮੀਨ ਅਤੇ ਬਾਕੀ ਰਹਿੰਦੀ 20 ਏਕੜ 4 ਕਨਾਲ 17 ਮਰਲੇ ਗੈਰ-ਵਾਹੀਯੋਗ ਹੈ ਜੋ ਸਾਂਝੇ ਮੰਤਵਾਂ ਲਈ ਰਾਖਵੀਂ ਹੈ।

(ਅ) ਅਦਾਲਤ ਦੇ ਸਟੇਅ ਆਰਡਰ ਅਨੁਸਾਰ 385-37 ਰੁਪਏ ਪ੍ਰਤੀ ਏਕੜ ਦੇ ਦਰ ਨਾਲ ਪੁਰਾਣੇ ਪਟੇਦਾਰਾਂ ਪਾਸ ਹੀ ਪੰਚਾਇਤ ਦੀ ਜ਼ਮੀਨ ਚਲ ਰਹੀ ਹੈ।

(ੲ) ਹਾਂ ਜੀ। ਉਕਤ ਜ਼ਮੀਨ ਲਈ ਉਚੇਰੀ ਬੋਲੀ ਦੇਣ ਵਾਸਤੇ ਇਕ ਦਰਖਾਸਤ ਪ੍ਰਾਪਤ ਹੋਈ ਸੀ।

(ਸ) ਸਿਵਲ ਕੋਰਟ ਵਲੋਂ ਸਟੇਅ ਆਰਡਰ ਜਾਰੀ ਹੋਣ ਕਾਰਨ ਉਚੇਰੀ ਬੋਲੀ ਦੇਣ ਵੇਲੇ ਦੀ ਦਰਖਾਸਤ ਤੇ ਵਿਚਾਰ ਨਹੀਂ ਕੀਤਾ ਗਿਆ।

ਸਰਦਾਰ ਦਿਲਬਾਗ ਸਿੰਘ : ਇਨ੍ਹਾਂ ਦਾ ਜਵਾਬ ਹੈ ਕਿ 385 ਰੁਪਏ 37 ਪੈਸੇ ਪ੍ਰਤੀ ਏਕੜ ਦੀ ਦਰ ਨਾਲ ਜ਼ਮੀਨ ਪੁਰਾਣੇ ਪੱਟੇਦਾਰਾਂ ਪਾਸ ਚਲ ਰਹੀ ਹੈ। ਸਪੀਕਰ ਸਾਹਿਬ, ਉਥੇ ਬੋਲੀ ਹੋਰ ਵੀ ਲੋਕ ਵਧਾਉਣ ਲਈ ਤਿਆਰ ਹਨ। ਫਿਰ ਇਹ 385 ਰੁਪਏ ਦੀ ਫਿਗਰਜ਼ ਕਿਥੋਂ ਆ ਗਈ। ਕੀ ਮੰਤਰੀ ਜੀ ਇਸ ਬਾਰੇ ਦਸਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਪਿੰਡ ਨੀਲੋਂਵਾਲ, ਬਲਾਕ ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ ਦੀ ਗਰਾਮ ਪੰਚਾਇਤ ਕੋਲ ਕੁਝ 41 ਏਕੜ 13 ਮਰਲੇ ਜ਼ਮੀਨ ਹੈ। ਜਿਸ ਵਿਚੋਂ 20 ਏਕੜ 3 ਕਨਾਲ 16 ਮਰਲੇ ਜ਼ਮੀਨ ਵਾਹੀਯੋਗ ਹੈ ਅਤੇ ਬਾਕੀ ਰਹਿੰਦੀ 20 ਏਕੜ 4 ਕਨਾਲ 17 ਮਰਲੇ ਗੈਰ-ਵਾਹੀਯੋਗ ਹੈ ਜੋ ਸਾਡੇ ਮੰਤਵਾਂ ਲਈ ਰਾਖਵੀਂ ਹੈ। ਕੁਲ ਜ਼ਮੀਨ ਦਾ ਵੇਰਵਾ 41 ਏਕੜ 13 ਮਰਲੇ ਹੈ। ਗਰਾਮ ਪੰਚਾਇਤ ਨੀਲੋਂਵਾਲ ਵੱਲੋਂ ਸਾਲ 1985-86 ਦੇ ਦੌਰਾਨ ਖੁੱਲੀ ਬੋਲੀ ਰਾਹੀਂ ਹਰ ਸਾਲ ਵਾਹੀਯੋਗ ਜ਼ਮੀਨ ਚਕੋਤੇ ਤੇ ਦਿੱਤੀ ਜਾਂਦੀ ਹੈ। ਇਹ ਜ਼ਮੀਨ ਤਿੰਨ ਪੱਟੇਦਾਰਾਂ ਨੂੰ ਕੁਲ 7,900 ਰੁਪਏ ਵਿੱਚ ਚਕੋਤੇ ਤੇ ਦਿੱਤੀ। ਸਾਲ 1986-87 ਲਈ ਗਰਾਮ ਪੰਚਾਇਤ, ਨੀਲੋਂਵਾਲ ਨੇ ਜ਼ਮੀਨ ਚਕੋਤੇ ਤੇ ਦੇਣ ਲਈ ਮਿਤੀ 12 ਮਈ, 1986 ਅਤੇ ਮਿਤੀ 20 ਮਈ, 1986 ਨਿਯਤ ਕੀਤੀ। ਪਰੰਤੂ ਪੰਚਾਇਤ ਦਾ ਕੋਰਮ ਨਾ ਹੋਣ ਕਰਕੇ ਜ਼ਮੀਨ ਬੋਲੀ ਤੇ ਨਾ ਦਿੱਤੀ ਜਾ ਸਕੀ। ਪੰਚਾਇਤ ਦੀ ਜ਼ਮੀਨ ਚਕੋਤੇ ਤੇ ਦੇਣ ਲਈ ਮੁੜ ਮਿਤੀ 5 ਜੂਨ, 1986 ਨਿਯਤ ਕੀਤੀ, ਇਸ ਦੇ ਨਾਲ ਹੀ ਪੁਰਾਣੇ ਪੱਟੇਦਾਰਾਂ ਨੇ ਅਡੀਸ਼ਨਲ ਸੀਨੀਅਰ ਸਬ-ਜੱਜ, ਨਵਾਂ ਸ਼ਹਿਰ ਵੱਲੋਂ ਜਾਰੀ ਕੀਤਾ ਸਟੇਅ ਆਰਡਰ ਪੇਸ਼ ਕੀਤਾ ਕਿ ਇਨ੍ਹਾਂ ਵਿਅਕਤੀਆਂ ਨੂੰ ਬੇਦਖਲ ਨਾ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ]

ਸਪੀਕਰ ਸਾਹਿਬ, ਗਰਾਮ ਪੰਚਾਇਤ ਨੇ ਆਪਣੇ ਮਤੇ ਮਿਤੀ 12 ਜੂਨ, 1986 ਰਾਹੀਂ ਸ਼੍ਰੀ ਲਛੂ ਰਾਮ, ਸਰਪੰਚ ਨੂੰ ਪੰਚਾਇਤ ਦੇ ਅਧਿਕਾਰਾਂ ਦੀ ਵਰਤੋਂ ਕਰਕੇ, ਸਟੇਅ ਆਰਡਰ ਨੂੰ ਖਾਲੀ ਕਰਾਉਣ ਦੇ ਸਬੰਧ ਵਿਚ ਪੈਰਵੀ ਕਰਨ ਦੇ ਅਖਤਿਆਰ ਦਿੱਤੇ। ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਵਲੋਂ ਦਿੱਤੇ ਆਦੇਸ਼ਾਂ ਦੇ ਬਾਵਜੂਦ ਵੀ ਜੱਜ ਵਲੋਂ ਜਾਰੀ ਕੀਤੇ ਸਟੇਅ ਨੂੰ ਵਿਕੇਟ ਕਰਾਉਣ ਲਈ ਕੋਈ ਵੱਖਰੀ ਦਰਖਾਸਤ ਨਹੀਂ ਦਿੱਤੀ ਗਈ । ਇਸ ਕੇਸ ਦਾ ਅੰਤਮ ਫੈਸਲਾ ਮਿਤੀ 3-1-1987 ਨੂੰ ਪੁਰਾਣੇ ਪੱਟੇਦਾਰਾਂ ਦੇ ਹੱਕ ਵਿਚ ਕੀਤਾ ਗਿਆ। ਇਸ ਦੇ ਨਾਲ ਹੀ ਨਜਾਇਜ਼ ਕਾਬਜ਼ਾਂ ਨੇ ਸਹਾਇਕ ਕੁਲੈਕਟਰ ਦਰਜਾ ਇਕ ਨਾਇਬ-ਤਹਿਸੀਲਦਾਰ, ਨਵਾਂ ਸ਼ਹਿਰ ਦੇ ਹੁਕਮ ਹਾਸਲ ਕੀਤੇ ਅਤੇ ਪੰਜਾਬ ਸਕਿਉਰਿਟੀ ਲੈਂਡ ਟੈਨਿਓਰਜ਼ ਐਕਟ, 1953 ਦੀ ਧਾਰਾ 14-ਏ ਅਧੀਨ ਤਹਿ-ਸੀਲਦਾਰ ਦੇ ਦਫਤਰ ਵਿੱਚ ਪੱਟੇ ਦੀ ਰਕਮ ਜਮ੍ਹਾਂ ਕਰਵਾਈ। ਗਰਾਮ ਪੰਚਾਇਤ ਨੇ ਇਹ ਰਕਮ ਅਜੇ ਵਸੂਲ ਨਹੀਂ ਕੀਤੀ। ਸਿਵਲ ਕੋਰਟਾਂ ਵਲੋਂ ਜਾਰੀ ਕੀਤਾ ਸਟੇਅ ਗਰਾਮ ਪੰਚਾਇਤਾਂ ਤੇ ਲਾਗੂ ਨਹੀਂ ਸੀ। ਪੰਜਾਬ ਵਿਲੇਜ ਕਾਮਨ ਲੈਂਡਜ਼ (ਰ) ਐਕਟ, 1961 ਅਧੀਨ, ਸਿਵਲ ਕੋਰਟ ਨੂੰ ਸ਼ਾਮਲਾਤ ਜ਼ਮੀਨਾਂ ਸਬੰਧੀ ਕੇਸ ਸੁਣਨ ਦੇ ਅਖਤਿਆਰ ਨਹੀਂ ਹਨ। ਗਰਾਮ ਪੰਚਾਇਤ ਨੂੰ ਸਟੇਅ ਰੱਦ ਕਰਾਉਣ ਲਈ ਵੱਖਰੀ ਦਰਖਾਸਤ ਦਾਇਰ ਕਰਨੀ ਚਾਹੀਦੀ ਸੀ, ਇਸ ਪਰਕਾਰ ਅਜਿਹਾ ਪੰਚਾਇਤ ਵਲੋਂ ਨਹੀਂ ਕੀਤਾ ਗਿਆ । ਗਰਾਮ ਪੰਚਾਇਤ ਨੇ ਕੇਵਲ ਪੰਜਾਬ ਵਿਲੇਜ ਕਾਮਨ ਲੈਂਡਜ਼ (ਰ) ਐਕਟ, 1961 ਦੀ ਧਾਰਾ 7 ਅਧੀਨ ਕੁਲੈਕਟਰ (ਡੀ. ਡੀ. ਪੀ. ਓ.) ਜਲੰਧਰ ਦੀ ਅਦਾਲਤ ਵਿੱਚ ਕੇਸ ਦਾਇਰ ਕੀਤਾ ਅਤੇ ਇਹ ਲੰਬਤ ਪਿਆ ਹੈ। ਸਰਪੰਚ ਨੂੰ ਮੁਅੱਤਲ ਕੀਤਾ ਜਾ ਚੁੱਕਾ ਹੈ ਹੈ ਕਿਉਂ ਜੋ ਉਹ ਸਟੇਅ ਆਰਡਰ ਨੂੰ ਰੱਦ ਕਰਾਉਣ ਲਈ ਦਰਖਾਸਤ ਦਾਇਰ ਕਰਾਉਣ ਵਿੱਚ ਅਸਫਲ ਰਿਹਾ ਹੈ।

ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਨਵਾਂ ਸ਼ਹਿਰ ਨੂੰ ਕੁਲੈਕਟਰ ਜਲੰਧਰ ਦੀ ਅਦਾਲਤ ਵਿੱਚ ਗਰਾਮ ਪੰਚਾਇਤ ਵਲੋਂ ਕੇਸ ਦੀ ਪੈਰਵੀ ਕਰਨ ਲਈ ਕਿਹਾ ਗਿਆ ਹੈ। ਜਦ ਬੇਦਖਲੀ ਦੀ ਕਾਰਵਾਈ ਅੰਤਮ ਹੋ ਜਾਵਗੀ, ਨਜਾਇਜ਼ ਕਾਬਜ਼ਾਂ ਨੂੰ ਸ਼ਾਮਲਾਤ ਜ਼ਮੀਨ ਤੋਂ ਬੇਦਖਲ ਕਰ ਦਿਤਾ ਜਾਵੇਗਾ ।

ਇਸ ਕੇਸ ਵਿੱਚ ਇਕ ਦਰਖਾਸਤ ਇਕ ਵਿਅਕਤੀ ਸ਼੍ਰੀ ਗਿਆਨ ਸਿੰਘ, ਸਰਪੰਚ, ਪਿੰਡ ਸਹਾਬ-ਪੁਰ, ਬਲਾਕ ਨਵਾਂ ਸ਼ਹਿਰ ਵਲੋਂ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦੇ ਦਫਤਰ ਵਿੱਚ ਮਿਲੀ ਸੀ, ਜਿਸ ਵਿਚ ਉਸਨੇ 15,000 ਰੁਪਏ ਦੀ ਚਕੋਤੇ ਦੀ ਰਕਮ ਦੇਣ ਦੀ ਪੇਸ਼ਕਸ਼ ਕੀਤੀ ਸੀ। ਦਿਵਾਨੀ ਅਦਾਲਤ ਵਲੋਂ ਰੋਕ ਲੱਗੀ ਹੋਣ ਕਰਕੇ ਇਸ ਦਰਖਾਸਤ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ।

ਸ਼੍ਰੀ ਸਪੀਕਰ : ਇਸ ਵਿਚ ਖਿਆਲਾ ਸਾਹਿਬ, ਹਾਊਸ ਜਾਨਣਾ ਚਾਹੇਗਾ ਕਿ ਜੇ ਸਰਪੰਚ ਨੇ ਕਾਰਵਾਈ ਨਹੀਂ ਕੀਤੀ ਕਿਤੇ ਕੋਰਟ ਦਾ ਫੈਸਲਾ ਅਗੇਂਸਟ ਹੋ ਗਿਆ। ਕੀ ਇਸ ਦੇ ਮੁਤੱਲਕ ਡਿਸ-ਟ੍ਰਿਕਟ ਕੋਰਟ ਵਿੱਚ ਕੋਈ ਕਾਰਵਾਈ ਕੀਤੀ ਗਈ ?

ਰਾਜ ਮੰਤਰੀ : ਉਹ ਜੀ ਕਾਇਦੇ ਅਨੁਸਾਰ ਕਰ ਹੀ ਨਹੀਂ ਸਕਦਾ ਸੀ।

ਸ਼੍ਰੀ ਸਪੀਕਰ : ਜੇ ਸਰਪੰਚ ਸਟੇਅ ਵਕੇਟ ਕਰਾਉਂਦਾ ਤਾਂ ਹੋ ਜਾਣੀ ਸੀ, ਹੋ ਸਕਦਾ ਹੈ ਸਰਪੰਚ ਦੀ ਕੁਝ ਮਿਲੀਭੁਗਤ ਹੋਵੇ। ਕੋਰਟ ਤੋਂ ਵਕੇਟ ਨਹੀਂ ਹੋਇਆ। ਉਸ ਜਜਮੈਂਟ ਦੀ ਅਪੀਲ ਉਪਰਲੀ ਕੋਰਟ ਤੇ ਹੋਣੀ ਚਾਹੀਦੀ ਸੀ।

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ: ਜਿਹੜੇ ਜੀ ਸਬੰਧਤ ਅਫਸਰ ਹਨ, ਜੇ ਉਨ੍ਹਾਂ ਨੇ ਵੀ ਆਪਣੀ ਡਿਊਟੀ ਨਹੀਂ ਨਿਭਾਈ ਤਾਂ ਉਨ੍ਹਾਂ ਦੇ ਖਿਲਾਫ ਵੀ ਕਾਰਵਾਈ ਹੋਵੇਗੀ।

ਸ੍ਰੀ ਸਪੀਕਰ: ਦਿਵਾਨੀ ਅਦਾਲਤ ਦੇ ਹੁਕਮ ਤੇ ਕਾਰਵਾਈ ਵੀ ਮਹਿਕਮੇ ਨੂੰ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਨਾਲ ਤਾਂ ਮਹਿਕਮੇ ਨੂੰ ਘਾਟਾ ਪਿਆ ਹੈ।

ਰਾਜ ਮੰਤਰੀ: ਜੇ ਵਕੇਟ ਕਰਨਾ ਪਿਆ, ਤਾਂ ਵਕੇਟ ਤਾਂ ਕਰਾ ਲਵਾਂਗੇ ।

ਸਰਦਾਰ ਦਿਲਬਾਗ ਸਿੰਘ: ਸਪਲੀਮੈਂਟਰੀ ਸਰ, ਮੈਂ ਹਾਲੇ ਇਕ ਹੀ ਪੁੱਛੀ ਹੈ।

ਸ੍ਰੀ ਸਪੀਕਰ: ਤੁਸੀਂ ਉਠੇ ਹੀ ਨਹੀਂ, ਤੁਹਾਡੀ ਜਗ੍ਹਾ ਤੇ ਤਾਂ ਮੈਂ ਪੁੱਛ ਰਿਹਾ ਸੀ।

Next question.

Facility of drinking water in Sanjay Nagar, etc. in Jalandhar

***818. Vaid Om Parkash Datta**: Will the Minister of State for Local Government be pleased to state whether there is any proposal under the construction of the Government to provide the facility of drinking water in Sanjay Nagar, Govind Nagar, Ravidass Nagar, Jawala Nagar and New Baldev Nagar in Jalandhar, if so, the time by which the said facility is likely to be provided ?

ਸਰਦਾਰ ਮਹਿੰਦਰ ਸਿੰਘ ਸਾਂਈਆਂਵਾਲਾ: ਅਜਿਹੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ। ਇਸ ਲਈ ਸਮਾਂ ਦੱਸਣ ਦਾ ਸਵਾਲ ਪੈਦਾ ਨਹੀਂ ਹੁੰਦਾ।

ਵੈਦ ਓਮ ਪ੍ਰਕਾਸ਼ ਦੱਤਾ: ਮੈਂ ਸਪੀਕਰ ਸਾਹਿਬ ਦੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁਛਾਂਗਾ ਕਿ 11 ਮਾਰਚ ਨੂੰ ਗਵਰਨਰ ਐਡਰੈਸ ਦੇ ਵਿੱਚ ਇਨ੍ਹਾਂ ਕਿਹਾ ਸੀ ਕਿ ਅਰਬਨ ਸਟੇਟ ਡਿਵੈਲਪਮੈਂਟ ਐਂਡ ਪਲਾਨਿੰਗ ਵਿੱਚ ਅਰਬਨ ਏਰੀਆ ਨੂੰ ਵੀ ਸਹੂਲਤਾਂ ਦਿੱਤੀਆਂ ਜਾਣਗੀਆਂ ਜਿਵੇਂ ਡਰਿੰਕਿੰਗ ਵਾਟਰ, ਸਟਰੀਟ ਲਾਈਟਨਿੰਗ, ਡਰੇਨੇਜ ਐਂਡ ਸੀਵਰੇਜ। ਮੈਂ ਪਾਣੀ ਦੇ ਬਾਰੇ ਵਿਚ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਵਾਇਦਾ ਕੀਤਾ ਸੀ, ਉਸ ਅਨੁਸਾਰ ਕੀ ਮੰਤਰੀ ਸਾਹਿਬ ਪਾਣੀ ਦੇਣ ਬਾਰੇ ਵਿਚਾਰ ਕਰਨਗੇ ?

ਰਾਜ ਮੰਤਰੀ: ਇਸ ਦੇ ਵਿਚ ਤਿੰਨ ਬਸਤੀਆਂ ਗੈਰ ਕਾਨੂੰਨੀ ਬਣੀਆਂ ਹੋਈਆਂ ਹਨ। ਉਨ੍ਹਾਂ ਦਾ ਫੈਸਲਾ ਹੋਣ ਤੇ ਵਿਚਾਰ ਕੀਤਾ ਜਾਵੇਗਾ। ਬਾਕੀ ਦੀਆਂ 2 ਬਸਤੀਆਂ ਹੁਣੇ ਹੁਣੇ ਸਾਡੇ ਕੋਲ ਟਰਾਂਸਫਰ ਹੋਈਆਂ ਹਨ ਪਿੰਡਾਂ ਦੇ ਇਲਾਕੇ ਵਿਚੋਂ । ਇਹ ਫਿਰੋਜ਼ਪੁਰ ਜਿਹੜੀ ਲਾਈਨ ਜਾਂਦੀ ਹੈ, ਉਸ ਲਾਈਨ ਤੋਂ ਪਾਰ ਕਈ ਮੀਲ ਦੇ ਫਾਸਲੇ ਤੇ ਪੈ ਜਾਂਦੀਆਂ ਹਨ। ਉਨ੍ਹਾਂ ਦੀ ਤਜਵੀਜ਼ ਹੈ । ਬਾਕੀ ਤੇ ਜਿੰਨਾ ਚਿਰ ਫੈਸਲਾ ਨਹੀਂ ਹੁੰਦਾ ਕਿ ਕਾਨੂੰਨੀ ਹਨ ਜਾਂ ਗੈਰ-ਕਾਨੂੰਨੀ, ਕੁਝ ਨਹੀਂ ਕਰ ਸਕਦੇ ।

ਵੈਦ ਓਮ ਪ੍ਰਕਾਸ਼ ਦੱਤਾ: ਇਹ ਜਿਹੜੇ ਏਰੀਆ ਮੈਂ ਲਿਖੇ ਹਨ, ਇਹ ਇੰਡਸਟਰੀਅਲ ਏਰੀਆ ਦੇ ਨਾਲ ਲਗਦੇ ਹਨ। ਇਸ ਲਈ ਬਹੁਤ ਛੋਟੀ ਲਾਈਨ ਪੈਣੀ ਹੈ । ਕੀ ਇਸ ਤੇ ਇਹ ਵਿਚਾਰ ਕਰਨਗੇ ਕਿ ਉਥੇ ਦੇ ਹੈਂਡ ਪੰਪਸ ਦਾ ਪਾਣੀ ਵੀ ਬੜਾ ਗੰਦਾ ਆਉਂਦਾ ਹੈ? ਇਹ ਬਸਤੀਆਂ ਕਾਰ-ਪੋਰੇਸ਼ਨ ਦੀ ਹੱਦ ਦੇ ਬਹੁਤ ਅੰਦਰ ਹਨ, ਬਲਿਕ ਕੋਈ ਫਰਕ ਨਹੀਂ ਪੈਣ ਵਾਲਾ ।

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ: ਜਿਹੜੀਆਂ 2 ਬਸਤੀਆਂ ਹਨ, ਉਨ੍ਹਾਂ ਤੇ ਵਿਚਾਰ ਕਰਕੇ ਛੇਤੀ ਪਾਣੀ ਦੇਣ ਦੀ ਕੋਸ਼ਿਸ਼ ਕਰਾਂਗੇ। ਜਿਹੜੀਆਂ ਲੀਗਲ ਹਨ, ਜਿਹੜੀਆਂ ਇਲਲੀਗਲ ਹਨ ਉਨ੍ਹਾਂ ਦਾ ਕੁਝ ਨਹੀਂ ਕਰ ਸਕਦੇ।

ਨਿਸ਼ਾਨਵਾਲਾ ਪ੍ਰਸ਼ਨ ਨੰ: 756

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ)।

Priority in Employment

*808. **Dr. Kewal Krishan** : Will the Minister of State for Labour and Employment be pleased to state—

(a) whether it is a fact that the Government has decided to give priority in Employment to the families of the victims of November, 1984 riots and the terrorists in the State ;

(b) whether it is also a fact that in the advertisements issued by the Government for employment purpose applications from the persons affected by November, 1984 riots only were invited ; if so, the reasons for not inviting applications from the victims of terrorists in the State ;

(c) the names of the persons out of those referred to in part (a) above employment todate ?

ਸਰਦਾਰ ਮੇਜਰ ਸਿੰਘ ਉਬੋਕੇ: (ਮਾਲ ਅਤੇ ਪੁਨਰਵਾਸ ਮੰਤਰੀ) : (ੳ) ਹਾਂ ਜੀ।

(ਅ) ਨਹੀਂ ਜੀ। ਦਰਜਾ 3 ਅਤੇ ਦਰਜਾ-4 ਸਟੇਟ ਸਰਵਿਸਿਜ਼ ਲਈ ਹੇਠ ਲਿਖੀਆਂ ਆਸਰਿਤਾਂ ਤੋਂ ਅਰਜ਼ੀਆਂ ਮੰਗੀਆਂ ਗਈਆਂ ਸਨ:—

(i) ਰਾਜ ਵਿਚ ਅਤਿਵਾਦੀਆਂ ਦੇ ਹੱਥੋਂ ਮਰਨ ਵਾਲੇ ਵਿਅਕਤੀਆਂ:

(ii) ਉਹ ਪ੍ਰੀਵਾਰ ਜਿਨ੍ਹਾਂ ਦੇ ਕਮਾਉ ਜੀਅ ਦਿੱਲੀ ਅਤੇ ਭਾਰਤ ਦੇ ਹੋਰ ਹਿੱਸਿਆਂ ਵਿੱਚ ਮਿਤੀ 31 ਅਕਤੂਬਰ, 1984 ਤੋਂ 1/7 ਨਵੰਬਰ, 1984 (ਦੋਨੋਂ ਮਿਤੀਆਂ ਸਮੇਤ) ਤੱਕ ਮਾਰੇ ਗਏ ਸੀ।

(ੲ) 555 ਉਪਰੋਕਤ (ੳ) ਭਾਗ ਵਿੱਚ ਦਸੇ ਗਏ ਵਿਅਕਤੀਆਂ ਦੇ ਨਾਮ, ਜਿਨ੍ਹਾਂ ਨੂੰ ਹੁਣ ਤੱਕ ਨੌਕਰੀਆਂ ਦਿੱਤੀਆਂ ਗਈਆਂ ਹਨ, ਨਾਲ ਨੱਥੀ ਕੀਤੀ *ਸੂਚੀ ਵਿੱਚ ਦਰਜ਼ ਹਨ।

ਡਾਕਟਰ ਕੇਵਲ ਕ੍ਰਿਸ਼ਨ: ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ 555 ਬੰਦਿਆਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ। ਮੈਂ ਜਾਣਨਾ ਚਾਹੁੰਦਾ ਹਾਂ ਕਿ 31 ਅਕਤੂਬਰ, 1984 ਤੋਂ ਲੈ ਕੇ 7 ਨਵੰਬਰ, ਤਕ ਉਨ੍ਹਾਂ ਦੀ ਵੈਰੀਫਿਕੇਸ਼ਨ ਜੋ ਬਰੈਡਵਿਨਰਜ਼ ਦੀ ਡੈਥ ਹੋ ਗਈ ਆਇਆ ਅਫੀਡੈਵਿਟਸ ਦੇ ਆਧਾਰ ਤੇ ਕਰਦੇ ਹਨ ਜਾਂ ਹੋਰ ਕੀ ਤਰੀਕਾ ਹੈ?

---

*Placed in the Library.

Original with;
Punjab Vidhan Sabha
Digitized by;
Panjab Digital Library

ਮਾਲ ਮੰਤਰੀ : ਪਹਿਲਾਂ ਤਾਂ ਐਫੀਡੈਵਿਟ ਹੀ ਲਏ ਜਾਂਦੇ ਸਨ। ਜ਼ਿਆਦਾ ਵਿਅਕਤੀ ਕਾਨਪੁਰ ਔਰ ਦਿੱਲੀ ਜਿਥੇ ਬਹੁਤ ਪੱਧਰ ਤੇ ਫਸਾਦ ਹੋਏ ਉਨ੍ਹਾਂ ਤੋਂ ਪੜਤਾਲ ਵੀ ਕਰਾਈ ਗਈ।

ਡਾਕਟਰ ਕੇਵਲ ਕ੍ਰਿਸ਼ਨ : ਜਿਹੜੇ ਸਰਵਿਸਜ਼ ਵਿਚ ਰਖੇ ਗਏ ਕੀ ਇਹ ਟੈਂਪਰੇਰੀ ਹਨ, ਐਡਹਾਕ ਹਨ ਜਾਂ ਰੈਗੂਲਰ ਹਨ ? ਇਹ ਕਿਹੜੀ ਕੈਟਾਗਰੀ ਵਿਚ ਰੱਖੇ ਗਏ ਹਨ। ਕਲਾਸ 3 ਵਿਚ ਅਤੇ ਕਲਾਸ 4 ਵਿਚ ਕਿਹੜੀ ਕੈਟੇਗਰੀ ਵਿਚ ਰਖੇ ਗਏ ਹਨ ? ਕੀ ਇਹ ਪਰਮਾਨੈਂਟਲੀ ਤੌਰ ਤੇ ਰੱਖੇ ਗਏ ਹਨ ?

ਮੰਤਰੀ : ਜਿਸ ਤਰ੍ਹਾਂ ਸਰਕਾਰ ਦੇ ਨਿਯਮ ਹਨ ਪਹਿਲਾਂ ਐਡਹਾਕ ਤੇ ਰਖੇ ਜਾਂਦੇ ਹਨ ਅਤੇ ਬਾਅਦ ਵਿਚ ਰੈਗੂਲਰ ਹੋ ਜਾਂਦੇ ਹਨ। ਬਿਲਕੁਲ ਉਸੇ ਤਰ੍ਹਾਂ ਹੀ ਰੱਖੇ ਜਾਂਦੇ ਹਨ ਜਿਸ ਤਰ੍ਹਾਂ ਬਾਕੀ ਮੁਲਾਜ਼ਮ ਰਖੇ ਜਾਂਦੇ ਹਨ।

ਡਾਕਟਰ ਕੇਵਲ ਕ੍ਰਿਸ਼ਨ : ਕੀ ਡਿਪਾਰਟਮੈਂਟਲ ਕਮੇਟੀਆਂ ਵਿਚ ਇਨ੍ਹਾਂ ਵਿਚੋਂ ਕਿਸੇ ਅਪਲਾਈ ਕੀਤਾ ਸੀ ? ਕੀ ਇਨ੍ਹਾਂ ਦੀ ਸਿਲੈਕਸ਼ਨ ਥਰੂ ਡਿਪਾਰਟਮੈਂਟਲ ਕਮੇਟੀ ਹੋਈ ਹੈ ?

ਮੰਤਰੀ : ਇਨ੍ਹਾਂ ਵਿਚੋਂ ਬਹੁਤ ਸਾਰੇ ਡੀ. ਸੀ. ਰਾਹੀਂ ਰੱਖੇ ਗਏ ਹਨ ਔਰ ਡਿਪਾਰਟਮੈਂਟਲ ਕਮੇਟੀਆਂ ਨੇ ਵੀ ਕਾਫੀ ਆਦਮੀ ਰਖੇ ਹਨ। ਰਾਇਟ ਅਫੈਕਟਿਡ ਆਦਮੀ 54 ਹਨ ਔਰ ਟੈਰੋਰਿਸਟ ਵਿਕਟਿਸਜ਼ 65 ਹਨ। (ਵਿਘਨ) ਦੂਸਰੇ ਰਾਇਟ ਅਫੈਕਟਿਡ 304 ਹਨ ਔਰ ਦੂਸਰੇ 251 ਹਨ।

Buildings of New Primary Health Centres/Dispensaries in the Villages in District Hoshiarpur

*683. **Shri Ram Kishan Kataria** : Will the Chief Minister be pleased to state—

(a) the block-wise names of villages in district Hoshiarpur selected for the contruction of the building of new Primary/Health Centres/Dispensaries since 1984 to date ;

(b) the names of villages out of these referred to in part (a) above where the lands for the said purposes have been acquired by the department but construction work thereof has not been undertaken so far alongwith the reasons therefor ?

ਸਰਦਾਰ ਨੱਥਾ ਸਿੰਘ ਦਾਲਮ (ਸੂਚਨਾ ਅਤੇ ਲੋਕ ਸੰਪਰਕ ਮੰਤਰੀ) : (ੳ) ਨਵੇਂ ਮੁਢਲੇ ਸਿਹਤ ਕੇਂਦਰਾਂ/ਡਿਸਪੈਂਸਰੀਆਂ ਦੀ ਸੰਨ 1984 ਤੋਂ ਹੁਣ ਤਕ ਉਸਾਰੀ ਲਈ ਜਿਲ੍ਹਾ ਹੁਸ਼ਿਆਰਪੁਰ ਵਿਚ, ਚੁਣੇ ਗਏ ਪਿੰਡਾਂ ਦੇ, ਬਲਾਕ ਅਨੁਸਾਰ ਨਾਉਂ ਇਸ ਤਰ੍ਹਾਂ ਹਨ :—

ਸੰਸਥਾ ਦਾ ਨਾਂ	ਪਿੰਡ	ਬਲਾਕ
1. ਮੁੱਢਲਾ ਸਿਹਤ ਕੇਂਦਰ	1. ਟਕਰਾਲਾ	ਬਲਾਚੌਰ
2. ਪੇਂਡੂ ਡਿਸਪੈਂਸਰੀਆਂ (ਸਬਸਿਡਰੀ ਹੈਲਥ ਸੈਂਟਰ)	1. ਮਾਨਕਧੇੜੀ	ਹੁਸ਼ਿਆਰਪੁਰ
	2. ਬਹਿਨੰਗਲ	ਤਲਵਾੜਾ

Original with;
Punjab Vidhan Sabha
Digitized by;
Panjab Digital Library

[ਸੂਚਨਾ ਅਤੇ ਲੋਕ ਸੰਪਰਕ ਮੰਤਰੀ]

(ਅ) ਜ਼ਮੀਨ ਸਰਕਾਰ ਵਲੋਂ ਪ੍ਰਾਪਤ ਨਹੀਂ ਕੀਤੀ ਗਈ ਸਗੋਂ ਸਬੰਧਤ ਗਰਾਮ ਪੰਚਾਇਤ ਵਲੋਂ ਮੁਹੱਈਆ/ਦਾਨ ਕੀਤੀ ਗਈ ਹੈ।

(ੲ) ਮੁਢਲਾ ਸਿਹਤ ਕੇਂਦਰ ਟਕਰਾਲਾ ਵਿਖੇ ਉਸਾਰੀ ਦਾ ਕੰਮ ਹਾਲਾਂ ਚਾਲੂ ਨਹੀਂ ਕੀਤਾ ਗਿਆ ਕਿਉਂ ਜੋ ਸਰਕਾਰ ਵਲੋਂ ਹੁਣੇ ਹੀ ਮੁੱਢਲਾ ਸਿਹਤ ਕੇਂਦਰ ਦੀ ਥਾਂ ਕਾਠਗੜ੍ਹ ਦੀ ਜਗ੍ਹਾ ਟਕਰਾਲਾ ਵਿਖੇ ਤਬਦੀਲ ਕਰਨ ਦੀ ਸੋਧਤ ਪ੍ਰਵਾਨਗੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਲੋਕ ਨਿਰਮਾਣ ਵਿਭਾਗ ਵਿਚ ਆਰਕੀਟੈਕਚਰਲ/ਸਟਰੱਕਚਰਲ ਅਤੇ ਡਰਾਇੰਗ ਵਿਚਾਰ ਅਧੀਨ ਹਨ।

ਪੇਂਡੂ ਡਿਸਪੈਂਸਰੀ ਮਾਨਕਧੇੜੀ ਅਤੇ ਬਹਿਨੰਗਲ ਵਿਖੇ ਇਮਾਰਤਾਂ ਉਸਾਰੀ ਅਧੀਨ ਹਨ।

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, 1984-85 ਵਿਚ ਬਲਾਚੌਰ ਔਰ ਸਰੋਆ ਬਲਾਕਸ ਸਿਲੈਕਟ ਹੋਏ ਸਨ। ਬਲਾਚੌਰ ਵਿਚ ਕਲਿਆਨੀ ਔਰ ਸਰੋਆ ਵਿਚ ਚਨਿਆਰੀ ਖੁਰਦ ਸਿਲੈਕਟ ਹੋਏ ਸੀ। ਦੋਵਾਂ ਥਾਵਾਂ ਤੇ ਜ਼ਮੀਨ ਵੀ ਡੋਨੇਟ ਹੋ ਚੁੱਕੀ ਹੈ ਔਰ ਪੈਸੇ ਵੀ ਜਮ੍ਹਾਂ ਕਰਾ ਦਿਤੇ ਗਏ ਹਨ। ਇਨ੍ਹਾਂ ਦਾ ਇਸ ਵਿਚ ਜ਼ਿਕਰ ਨਹੀਂ ਕੀਤਾ ਗਿਆ। ਕੀ ਇਹ ਪੁਜੀਸ਼ਨ ਕਲੈਰੀਫਾਈ ਕਰਨਗੇ ?

ਸੂਚਨਾ ਅਤੇ ਲੋਕ ਸੰਪਰਕ ਮੰਤਰੀ : ਮੈਂ ਤਾਂ ਜਿਹੜੀ ਲੋੜੀਂਦੀ ਇਨਫਰਮੇਸ਼ਨ ਇਨ੍ਹਾਂ ਪੁੱਛੀ ਸੀ ਉਸ ਦੇ ਮੁਤਾਬਿਕ ਪੂਰੀ ਦੇ ਦਿੱਤੀ ਹੈ। ਜੇ ਇਨ੍ਹਾਂ ਨੇ ਕੋਈ ਹੋਰ ਇਨਫਰਮੇਸ਼ਨ ਲੈਣੀ ਹੋਵੇ ਤਾਂ ਮੈਨੂੰ ਨਵਾਂ ਸਵਾਲ ਇਹ ਪੁੱਟ ਕਰ ਦੇਣ, ਮੈਂ ਉਹ ਇਨਫਰਮੇਸ਼ਨ ਇਨ੍ਹਾਂ ਨੂੰ ਮਹਿਕਮੇ ਪਾਸੋਂ ਲੈ ਕੇ ਮੁਹੱਈਆ ਕਰ ਦਿਆਂਗਾ। ਜੋ ਇਨ੍ਹਾਂ ਨੇ ਸਵਾਲ ਵਿਚ ਪੁੱਛਿਆ ਸੀ ਉਸ ਦੇ ਮੁਤਾਬਿਕ ਉਨ੍ਹਾਂ ਨੂੰ ਸੂਚਨਾ ਦੇ ਦਿਤੀ ਹੈ।

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੇਰਾ ਸਪੈਸੀਫਿਕ ਕੁਐਸਚਨ ਸੀ ਕਿ :—

The blockwise names of villages in district Hoshiarpur selected for the construction of the buildings of New Primary Health Centres/Dispensaries since 1984 todate.

ਇਹ ਮੇਰਾ ਸਪੈਸੀਫਿਕ ਕੁਐਸਚਨ ਸੀ। ਸਰੋਆ ਬਲਾਕ ਸਿਲੈਕਟ ਹੋਇਆ ਸੀ। ਮਹਿਕਮੇ ਨੂੰ ਜ਼ਮੀਨ ਵੀ ਡੋਨੇਟ ਕਰ ਦਿੱਤੀ ਸੀ ਅਤੇ ਲੋਕਾਂ ਨੇ 25 ਹਜਾਰ ਰੁਪਿਆ ਵੀ ਜ਼ਮ੍ਹਾ ਕਰਵਾਇਆ ਸੀ। ਚੰਡਿਆਨੀ ਖੁਰਦ ਦੀ ਜ਼ਮੀਨ ਮਹਿਕਮੇਂ ਨੇ ਆਪਣੇ ਨਾਮ ਇੰਤਕਾਲ ਕਰਵਾ ਲਿਆ ਸੀ। ਬਾਕੀ ਨਿੱਕੀ ਦੇ ਬਾਰੇ ਇਨ੍ਹਾਂ ਨੇ ਕਿਹਾ ਹੈ ਕਿ ਉਹ ਹੋਰ ਜਗ੍ਹਾ ਬਣਾਇਆ ਜਾਵੇਗਾ। (ਵਿਘਨ) ਉਸ ਦਾ ਜ਼ਿਕਰ ਨਾ ਆਉਣ ਕਰਕੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸੈਂਟਰ ਸਿਲੈਕਟ ਹੋਏ ਸੀ ਜਿਨ੍ਹਾਂ ਦੇ ਬਾਰੇ ਕਾਫੀ ਕਾਰਵਾਈ ਵੀ ਹੋ ਚੁਕੀ ਹੈ ਉਸ ਉਤੇ ਅਗਲੇਰੀ ਕਾਰਵਾਈ ਕਰਾਉਣਗੇ ?

ਸ੍ਰੀ ਸਪੀਕਰ : ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ। ਜੋ ਇਨਫਰਮੇਸ਼ਨ ਮੰਗੀ ਸੀ ਉਹ ਵਜ਼ੀਰ ਸਾਹਿਬ ਨੇ ਦੇ ਦਿੱਤੀ ਹੈ।

ਮੰਤਰੀ : ਸਪੀਕਰ ਸਾਹਿਬ, ਜੋ ਇਨਫਰਮੇਸ਼ਨ ਇਨ੍ਹਾਂ ਨੇ ਆਪਣੇ ਸਵਾਲ ਵਿਚ ਮੰਗੀ ਸੀ ਉਹ ਉਨ੍ਹਾਂ ਨੂੰ ਦੇ ਦਿਤੀ ਗਈ ਹੈ। ਬਾਕੀ ਜੋ ਉਹ ਹੁਣ ਪੁੱਛ ਰਹੇ ਹਨ, ਇਹ ਸੈਸ਼ਨ ਖਤਮ ਹੋਣ ਵਾਲਾ ਹੈ, ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਮੈਂ ਉਨ੍ਹਾਂ ਦੇ ਨਾਲ ਚਲਾ ਜਾਵਾਂਗਾ ਅਤੇ ਨਿੱਕੀ ਜਾ ਕੇ ਦੌਰਾ ਕਰ ਲਵਾਂਗੇ, ਜਿਥੇ ਕਿਤੇ ਹਸਪਤਾਲ ਬਣਾਉਣ ਦੀ ਲੋੜ ਹੋਵੇਗੀ ਉਥੇ ਵਿਚਾਰ ਕਰ ਲਵਾਂਗੇ।

Original with;
Punjab Vidhan Sabha
Digitized by;
Panjab Digital Library

Homoeopathic Colleges in the State

***802. Shri Om Parkash Gupta :** Will the Chief Minister be pleased to state—

(a) the number of Homoeopathic Colleges running in the State and the places where they are located ;

(b) the names of the colleges which have been recognised by the Government alongwith the name of the University to which they have been affiliated ?

ਸਰਦਾਰ ਨੱਥਾ ਸਿੰਘ ਦਾਲਮ (ਸੂਚਨਾ ਅਤੇ ਲੋਕ ਸੰਪਰਕ ਮੰਤਰੀ): (ੳ) ਦੋ। ਇਹ ਅਬੋਹਰ ਅਤੇ ਲੁਧਿਆਣਾ ਵਿਖੇ ਹਨ।

(ਅ) (1) ਹੋਮਿਓਪੈਥਿਕ ਮੈਡੀਕਲ ਕਾਲਜ ਅਤੇ ਹਸਪਤਾਲ ਅਬੋਹਰ ਜ਼ਿਲ੍ਹਾ ਫਿਰੋਜ਼ਪੁਰ

(2) ਲਾਰਡ ਮਹਾਂਵੀਰਾ ਹੋਮਿਓਪੈਥਿਕ ਮੈਡੀਕਲ ਕਾਲਜ ਅਤੇ ਹਸਪਤਾਲ, ਲੁਧਿਆਣਾ।

ਇਹ ਕਾਲਜ ਕਿਸੇ ਵੀ ਯੂਨੀਵਰਸਿਟੀ ਨਾਲ ਸਬੰਧਤ ਨਹੀਂ ਹਨ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ 2 ਕਾਲਜ (ਹੋਮਿਓ-ਪੈਥਿਕ ਦੇ ਪੰਜਾਬ ਵਿਚ ਚੱਲਦੇ ਹਨ। ਮੈਂ ਇਨ੍ਹਾਂ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਕਾਲਜਾਂ ਵਿਚ ਕਿੰਨੇ ਸਟੂਡੈਂਟਸ ਹਨ ਅਤੇ ਸਰਕਾਰ ਇਨ੍ਹਾਂ ਨੂੰ ਕਿੰਨੀ ਗਰਾਂਟ ਦਿੰਦੀ ਹੈ ?

ਸੂਚਨਾ ਅਤੇ ਲੋਕ ਸੰਪਰਕ ਮੰਤਰੀ : ਸਪੀਕਰ ਸਾਹਿਬ, ਗਰਾਂਟ ਦੇ ਮੁਤੱਲਕ ਇਨ੍ਹਾਂ ਨੇ ਆਪਣੇ ਸਵਾਲ ਵਿਚ ਪੁੱਛਿਆ ਨਹੀਂ ਸੀ, ਇਸ ਕਰਕੇ ਮੈਂ ਇਸ ਦਾ ਜਵਾਬ ਨਹੀਂ ਦੇ ਸਕਦਾ। ਮੇਰੇ ਕੋਲ ਇਹ ਇਨਫਰਮੇਸ਼ਨ ਵੀ ਨਹੀਂ। ਜਿਥੋਂ ਤਕ ਸਟੂਡੈਂਟਸ ਦਾ ਸਬੰਧ ਹੈ ਉਹ ਮੈਂ ਦੱਸਦਾ ਹਾਂ ਕਿ ਅਬੋਹਰ ਕਾਲਜ ਵਿਚ 24 ਸਟੂਡੈਂਟਸ ਹਨ ਅਤੇ ਲੁਧਿਆਣਾ ਕਾਲਜ ਵਿਚ ਅਬਾਊਟ 30 ਸਟੂ-ਡੈਂਟਸ ਹਨ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਨ੍ਹਾਂ ਕਾਲਜਾਂ ਨੂੰ ਹੋਮਿਉਪੈਥਿਕ ਕਾਲਜ ਗਵਰ-ਨਿੰਗ ਕੰਟਰੋਲ ਕਰਦੀ ਹੈ । ਇਨ੍ਹਾਂ ਕਾਲਜਾਂ ਦੇ ਜਿੰਨੇ ਵੀ ਸਟੂਡੈਂਟਸ ਹਨ ਉਨ੍ਹਾਂ ਨੇ ਸਰਕਾਰ ਨੂੰ ਇਕ ਮੈਮੋਰੰਡਮ ਭੇਜਿਆ ਸੀ ਕਿ ਇਹ ਜਿਹੜੀ ਕੌਂਸਿਲ ਹੈ ਇਹ ਕੋਈ ਅਫੈਕਟਿਵ ਨਹੀਂ ਅਤੇ ਉਨ੍ਹਾਂ ਦੀ ਕੋਈ ਮੱਦਦ ਨਹੀਂ ਕਰਦੀ। ਉਹ ਗਲਤ ਰੂਲਜ਼ ਬਣਾ ਦਿੰਦੀ ਹੈ। ਸੋ ਸਪੀਕਰ ਸਾਹਿਬ, ਉਨ੍ਹਾਂ ਸਟੂਡੈਂਟਸ ਦਾ ਕੋਈ ਭਵਿਖ ਨਹੀਂ ਹੈ। ਕੀ ਉਨ੍ਹਾਂ ਨੂੰ ਕਿਸੇ ਯੂਨੀਵਰਸਿਟੀ ਨਾਲ ਐਫੀਲੀਏਟ ਕਰਾ ਦੇਣਗੇ, ਕੀ ਸਰਕਾਰ ਨੇ ਇਸ ਤੇ ਵਿਚਾਰ ਕੀਤਾ ਹੈ ਜਾਂ ਵਿਚਾਰ ਕਰਨਾ ਚਾਹੁੰਦੀ ਹੈ ?

ਮੰਤਰੀ : ਜਿੱਥੋਂ ਤਕ ਮੈਮੋਰੰਡਮ ਸਬੰਧੀ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਸਰਕਾਰ ਦੇ ਧਿਆਨ ਵਿਚ ਐਸਾ ਕੋਈ ਮੈਮੋਰੰਡਮ ਨਹੀਂ ਆਇਆ ਪਰ ਜਿਹੜਾ ਉਨ੍ਹਾਂ ਨੇ ਕਿਹਾ ਹੈ ਇਨ੍ਹਾਂ ਕਾਲਜਾਂ ਨੂੰ ਕਿਸੇ ਯੂਨੀਵਰਸਿਟੀ ਨਾਲ ਐਫੀਲੀਏਟਿਡ ਕਰਵਾ ਦਿੱਤਾ ਜਾਵੇਗਾ, ਉਸ ਦੇ ਮੁਤੱਲਕ ਮੇਰੀ ਬੇਨਤੀ ਹੈ ਕਿ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੂੰ ਬੇਨਤੀ ਕੀਤੀ ਗਈ ਸੀ ਉਨ੍ਹਾਂ ਨੇ ਜਾ ਕੇ ਸਰਵੇਖਣ ਵੀ ਕੀਤਾ

Original with;
Punjab Vidhan Sabha
Digitized by;
Panjab Digital Library

[ਸੂਚਨਾ ਅਤੇ ਲੋਕ ਸੰਪਰਕ ਮੰਤਰੀ]

ਲੇਕਿਨ ਉਨ੍ਹਾਂ ਨੂੰ ਐਫੀਲੀਏਸ਼ਨ ਦੇਣ ਤੋਂ ਇਨਕਾਰ ਕਰ ਦਿਤਾ ਕਿਉਂਕਿ ਇਨਚਾਰਜ ਮਿਨੀਮੱਮ ਰਿਕੁਆਇਰਮੈਂਟ ਫੁੱਲਫਿੱਲ ਨਹੀਂ ਕਰਦੇ ਸਨ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਜੇ ਉਹ ਕਾਲਜ ਫਿੱਟ ਨਹੀਂ ਸਨ, ਕੋਈ ਛੋਟੀ ਮੋਟੀ ਕਮੀ ਸੀ ਤਾਂ ਕੀ ਇਹ ਉਹ ਛੋਟੀ ਮੋਟੀ ਕਮੀ ਪੂਰੀ ਕਰਵਾ ਦੇਣਗੇ ?

ਮੰਤਰੀ : ਸਟੂਡੈਂਟਸ ਦੀ ਮੁਸ਼ਕਿਲ ਨੂੰ ਮੁੱਖ ਰੱਖਦੇ ਹੋਏ, ਜਿਸ ਤਰ੍ਹਾਂ ਗੁਪਤਾ ਜੀ ਨੇ ਦੱਸਿਆ ਹੈ, ਜੋ ਸਟੂਡੈਂਟਸ ਨੂੰ ਮੁਸ਼ਕਿਲਾਂ ਪੇਸ਼ ਆ ਰਹੀਆਂ ਹਨ ਸਰਕਾਰ ਉਨ੍ਹਾਂ ਨੂੰ ਦੂਰ ਕਰਾਉਣ ਦਾ ਹਰ ਮੁਮਕਿਨ ਚਾਰਾ ਕਰੇਗੀ।

ਸ੍ਰੀ ਸਪੀਕਰ : ਵਜ਼ੀਰ ਸਾਹਿਬ, ਹੋਮਿਓਪੈਥਿਕ ਸਿਸਟਮ ਨੂੰ ਉੱਨਤ ਕਰਨ ਵਾਸਤੇ ਯਤਨ ਕਰਨੇ ਚਾਹੀਦੇ ਹਨ। ਜਿਸ ਤਰ੍ਹਾਂ ਗੁਪਤਾ ਜੀ ਨੇ ਕਿਹਾ ਹੈ, ਮੈਨੇਜਮੈਂਟ ਨੂੰ ਬਿਠਾ ਕੇ ਉਨ੍ਹਾਂ ਸਟੂਡੈਂਟਸ ਦੀਆਂ ਮੁਸ਼ਕਿਲਾਂ ਨੂੰ ਦੂਰ ਕਰੋ ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਅਬੋਹਰ ਅਤੇ ਲੁਧਿਆਣਾ ਵਿਖੇ ਹੋਮਿਓਪੈਥਿਕ ਕਾਲਜ ਹਨ, ਕੀ ਗੁਰਦਾਸਪੁਰ ਜਿਹੜਾ ਕਿ ਬੈਕਵਰਡ ਅਤੇ ਪਛੜਿਆ ਹੋਇਆ ਇਲਾਕਾ ਬਾਰਡਰ ਦਾ ਹੈ ਕੀ ਉਥੇ ਵੀ ਇਹ ਖੋਲ੍ਹਣਗੇ ? (ਹਾਸਾ)

ਸ੍ਰੀ ਸਪੀਕਰ : ਹਾਲਾਂ ਤਾਂ ਪਿਛਲੇ ਹੀ ਕਲੀਅਰ ਨਹੀਂ ਹੋ ਰਹੇ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਜੇ ਕੋਈ ਪ੍ਰਾਈਵੇਟ ਖੋਲ੍ਹਦਾ ਹੈ ਕੀ ਸਰਕਾਰ ਉਸ ਨੂੰ ਗ੍ਰਾਂਟ ਦੇਵੇਗੀ ?

ਸ੍ਰੀ ਸਪੀਕਰ : ਜੇ ਰਿਕੁਆਇਰਮੈਂਟਸ ਪੂਰੀਆਂ ਕਰਦਾ ਹੋਵੇਗਾ ਤਾਂ they will consider.

ਨਿਸ਼ਾਨਵਾਲਾ ਪ੍ਰਸ਼ਨ ਨੰ : 840

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ **ਸਵਾਲ ਪੇਸ਼** ਨਹੀਂ ਹੋਇਆ ।)

State Industrial Companies

*803. **Shri Om Parkash Gupta :** Will the Minister for Finance be pleased to state—

(a) the number of State Industrial Companies for Corporations formed upto date alongwith their names and dates of their establishments ;

(b) the items being manufactured therein and total investment made ;

(c) the number of industrial Units/Companies sold out so far ;

ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ (ਸਹਿਕਾਰਤਾ ਮੰਤਰੀ): (ੳ) ਲਿਸਟ ਸਦਨ ਦੀ ਟੇਬਲ ਤੇ ਰਖੀ ਜਾਂਦੀ ਹੈ।

(ਅ) ਉਕਤ ਲਿਸਟ ਵਿਚ ਦਿਤਾ ਗਿਆ ਹੈ।

(ੲ) ਛੇ ।

Original with;
Punjab Vidhan Sabha
Digitized by;
Panjab Digital Library

ANNEXURE

State Industrial Companies or Corporations formed to-date their dates of establishment, items being manufactured and investment made.

Sr.No.	Name of the Company	Date of establishment	Investment	Item of manufacture
	(A) Punjab State Industrial Development Corpn. Ltd., Chandigarh	31-1-1966	Rs. in lacs	
1.	Punjab Tanneries Ltd. ..	29-10-69	35·00*	Leather tanning
2.	Punjab Footwears Ltd. ..	19-7-69	14·65*	Footwears
3.	Punjab Saltpetre ..	3-3-69	2·55*	Refining of Crude Saltpetre
4.	Punjab Breweries Ltd. ..	21-4-70	60·00	Beer
5.	Punjab Scooters Ltd. ..	20-11-74	69·36*	Scooters
6.	Punjab Semi-Conductor Devices Ltd. ..	7-8-75	54·00*	Semi Conductor Devices
7.	Punjab Electronic Components Ltd.	22-9-80	87·85	Ceramic Capacitors
8.	Punjab Display Devices Ltd.,	31-8-76	174.61	B and W and Colour Picture Tubes
9.	Punjab Khand Udyog Ltd. ..	3-11-77	535·00	Sugar
10.	Punjab Wireless Systems Ltd.	26-6-75	92·40	VHF Trans-receivers
11.	Electronic Systems Punjab Ltd	19-6-75	208.80	Mini Computer
12.	Punjab Power Products Ltd. ..	13-3-79	30·64	HT/LT Power Capacitors
13.	Punjab Nylo Transmissions Ltd.	13-11·-69	8·92	Leather Beltings Cotton Synthetic Yarn
14.	Punjab Coop. Spinning Mills Fed.	28-2-75	20.00*	Leather Boltings Cotton/Synthetic Yarn
	(B) Punjab and Dev. and Reclamation Corporation Ltd.			
15.	M/s. Punjab Micro Nutrionts Limited	1-2-83	44·00	Zinc Sulphate
	(C) Punjab State Handloom Mill Fed **Textiles Dev. Corporation Ltd.**			
16.	Morinda Shoddy Spinners Ltd.	20-8-81	160.00	Woollen Shoddy Yarn
17.	Punjab Processors Ltd	28-7-82	181.15	Processing of Textile goods
18.	Punjab Shoddy Spinners Ltd.	20-11-82	172·50	Woollen Shoddy yarn
19.	Amritsar Woollen Spg. Mills Ltd.	20-8-81	50·00	Wollen yarn

* Before disinvestment.

Original with;
Punjab Vidhan Sabha
Digitized by;
Panjab Digital Library

[Minister for Cooperation]

1	2	3	4	5
	(D) Punjab State Electronics Dev. and Production Corporation Ltd.	27-3-76	475·00	
20.	Pb. Bio. medical Equipments Ltd.	4-1-77	43·44	Medical Electronics including X-ray machines
21.	Pb. Recorders Ltd. ..	4-1-77	18·94	Recorders, High speed motors, Bulge Pump & Electronics and refilling pumps and UPS Service Voltage Stablizers
22.	Pb. Digital Indl. Systems ..	4-1-77	24·66	Digtal Inst. Systems
23	Pb. Electro optics Systems Ltd.	12-1-78	11·74	Optical Components & Systems
24.	Consumer Electronics Pb. Ltd..	12-1-78	2.50	Colour Television
25.	Pb. Communications Ltd.	21-7-81	74.01	Communication Equipments like DTL, MUC, PCM, EPABX etc,
26.	Pb. Power Packs Ltd.	28-9-81	50.32	Ni Cd Batteries for Defence
27.	Data Automation Ltd. ..	15-10-81	0·59	Personal Computers
28.	Magnetic Information Technology Ltd.	10-8-82	24·60	Magnetic Heads for Computors
29.	Manufacturing Technologies India Ltd.	25-2-83	23.01	Multilayer PCB
30.	Incomnet India Ltd. ..	8-9-82	16·83	Board level net working Computers
31.	International India Ltd. ..	29-4-83	4·40	Magnetic tapes for Computer Audio & Video
32.	ZIMAG India Ltd. ..	12-1-84	..	Cerdless Telephones
33.	Mitgart ..	31-1-84	3·41	Floppy Disc Drives for Computers
	(E) Punjab Agro Industries Corporation Ltd.	11-2-66	28·64 (paid up lacs capital 7·11 crores)	HDPE/PP Woven Sacks
34.	Malwa Cotton Seed Products Ltd.	13-3-79	207·00	Cotton seed oil Rice Bran Oil Deoiled Cakes Links
35.	Punjab Agro Rice Bran Extra-actions Ltd.	29-4-80	133·45	Rice Bran Oil Deoiled Rice Bran
36.	Kisan Agro Min. Sugar Mills Ltd.	6-7-78	33·40	Khandsari

Original with;
Punjab Vidhan Sabha
Digitized by;
Panjab Digital Library

1	2		3	4	5
(F)	Punjab State Leather Dev. Corporation Ltd.	..	23-2-81	216·90	
37.	Pb. Tanneries Ltd.	..	29-10-69	132·60	Finished Leather
38.	Pb. Footwear Ltd.	..	2-7-69	23.38	Footwears
(G)	Goindwal Industrial and Investment Corporation	..	31-8-81	4·75	Crores
(H)	Pb. State Hosiery / Knitwear Dev. Corporation Ltd.	..	21-2-77	277·50	
(I)	Pb. Small Industries/ Export Dev. Corporation Ltd.	..	17-3-63	451·67	
(J)	Pb. Financial Corporation Ltd.	..	1·2·53	60·09 crores	

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਹ ਜੋ ਲਿਸਟ ਰੱਖੀ ਗਈ ਹੈ, ਇਸ ਦੇ ਵਿਚ ਜੋ ਇਨਵੈਸਟਮੈਂਟ ਹੈ ਉਹ ਨਾ ਲੱਖਾਂ ਰੁਪਏ ਵਿੱਚ ਦੱਸੀ ਹੈ ਅਤੇ ਨਾ ਕਰੋੜਾਂ ਰੁਪਏ ਵਿੱਚ ਦੱਸੀ ਹੈ, ਮੈਂ ਅੰਦਾਜੇ ਨਾਲ ਹੀ ਟੋਟਲ ਕੀਤਾ ਹੈ, ਇਹ ਕਈ ਅਰਬ ਰੁਪਿਆ ਬਣਦਾ ਹੈ ਜਿਹੜੀ ਇਸ ਤੇ ਇਨਵੈਸਟਮੈਂਟ ਹੋਈ ਹੈ। ਇਹ ਆਮ ਚਰਚਾ ਹੈ ਕਿ ਬਹੁਤ ਸਾਰੀਆਂ ਕਾਰਪੋਰੇਸ਼ਨਾਂ ਅਤੇ ਕੰਪਨੀਆਂ ਨੁਕਸਾਨ ਵਿੱਚ ਜਾ ਰਹੀਆਂ ਹਨ। ਮੈਂ ਇਨ੍ਹਾਂ ਤੋਂ ਨੁਕਸਾਨ ਦਾ ਤਾਂ ਟੋਟਲ ਹੀ ਪੁੱਛ ਲੈਂਦਾ ਹਾਂ ਪਰ ਨਫਾ ਤਾਂ ਇਹ ਦੱਸ ਸਕਣਗੇ ਕਿ ਕਿਹੜੀ ਕਿਹੜੀ ਨਫੇ ਵਿਚ ਜਾ ਰਹੀ ਹੈ ਅਤੇ ਉਸ ਤੋਂ ਕੀ ਨਫਾ ਹੋਇਆ ਹੈ ?

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਸਵਾਲ ਦੇ ਵਿੱਚ ਇਨ੍ਹਾਂ ਦੇ ਨਫੇ ਅਤੇ ਹਾਨੀ ਬਾਰੇ ਤਾਂ ਪੁੱਛਿਆ ਨਹੀਂ ਸੀ, ਵੱਖਰਾ ਪੁੱਛ ਲੈਣ ਮੈਂ ਦੱਸ ਦੇਵਾਂਗਾ।

ਸ਼੍ਰੀ ਸਪੀਕਰ : ਗੁਪਤਾ ਸਾਹਿਬ, ਜਿਹੜੀ ਇਨਫਰਮੇਸ਼ਨ ਸੀਕ ਕਰਨੀ ਹੈ ਉਹ ਵਾਲਿਉਮੀਨੌਸ ਹੋਣੀ ਚਾਹੀਦੀ ਹੈ। How can the Minister reply to this supplementary?

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਚਲੋ ਮੈਂ ਹੋਰ ਪੁੱਛ ਲੈਂਦਾ ਹਾਂ। ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ 6 ਕੰਪਨੀਆਂ ਵੇਚ ਦਿੱਤੀਆਂ ਹਨ, ਇਹੀ ਦੱਸ ਦੇਣ ਕਿ ਕਿਹੜੀਆਂ ਕਿਹੜੀਆਂ ਵੇਚੀਆਂ ਹਨ ਅਤੇ ਕੀ ਉਨ੍ਹਾਂ ਦੇ ਵੇਚਣ ਨਾਲ ਉਨ੍ਹਾਂ ਕੰਪਨੀਆਂ ਦਾ ਘਾਟਾ ਪੂਰਾ ਹੋ ਗਿਆ ਹੈ ਜਾਂ ਕੋਈ ਨਫਾ ਹੋਇਆ ਹੈ ਜਾਂ ਹੋਰ ਨੁਕਸਾਨ ਹੋ ਗਿਆ ਹੈ ਅਤੇ ਇਹ ਕਿਉਂ ਵੇਚੀਆਂ ਗਈਆਂ ਹਨ ?

ਮੰਤਰੀ : ਸਪੀਕਰ ਸਾਹਿਬ, ਇਹ ਇਸ ਸਰਕਾਰ ਦੇ ਵੇਲੇ ਨਹੀਂ ਪਹਿਲਾਂ ਸਰਕਾਰਾਂ ਵੇਲੇ ਵੀ ਇਹ ਪਾਲਿਸੀ ਰਹੀ ਹੈ ਕਿ ਡਿਸਇਨਵੈਸਟਮੈਂਟ ਪਾਲਿਸੀ ਦੇ ਤਹਿਤ ਇਨ੍ਹਾਂ ਕੰਪਨੀਆਂ ਨੂੰ ਟਰਾਂਸਫਰ ਕੀਤਾ ਜਾ ਸਕਦਾ ਹੈ ਔਰ ਇਹ 6 ਕੰਪਨੀਆਂ ਉਸ ਡਿਸਇਨਵੈਸਮੈਂਟ ਪਾਲਿਸੀ ਦੇ ਤਹਿਤ ਵੇਚੀਆਂ ਗਈਆਂ ਹਨ। ਇਨ੍ਹਾਂ ਨੇ, ਸਪੀਕਰ ਸਾਹਿਬ, 6 ਕੰਪਨੀਆਂ ਦੇ ਨਾਮ ਪੁੱਛੇ ਹਨ, ਉਹ ਮੈਂ ਦੱਸ

Original with;
Punjab Vidhan Sabha
Digitized by;
Panjab Digital Library

[ਸਹਿਕਾਰਤਾ ਮੰਤਰੀ]

ਦਿੰਦਾ ਹਾਂ। ਪੰਜਾਬ ਸਟੇਟ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਵਲੋਂ ਪੰਜਾਬ ਸਟੇਟ ਟੈਨਰੀਜ਼ ਲਿਮਿਟਿਡ, ਪੰਜਾਬ ਫੁਟ ਵੀਵਰ ਲਿਮਿਟਿਡ, ਪੰਜਾਬ ਸਾਲਟ ਪੀਟਰ ਰੀਫਾਈਨਰੀ, ਪੰਜਾਬ ਬਰੀਵਰੀਜ਼ ਲਿਮਿਟਿਡ, ਪੰਜਾਬ ਸਕੂਟਰਜ਼ ਲਿਮਿਟਿਡ ਅਤੇ ਛੇਵੀਂ ਹੈ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਵਲੋਂ ਪੰਜਾਬ ਐਗਰੋ ਰਾਈਸ ਬਰਾਨ ਐਕਸਟਰੈਕਟ ਲਿਮਿਟਿਡ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਇਹ ਵੀ ਪੁੱਛਿਆ ਸੀ ਕਿ ਕਿੰਨਾਂ ਨਫਾ ਅਤੇ ਕਿੰਨਾ ਨੁਕਸਾਨ ਹੋਇਆ ਹੈ ਅਤੇ ਵੇਚਣ ਨਾਲ ਉਨ੍ਹਾਂ ਕੰਪਨੀਆਂ ਨੂੰ ਜੋ ਘਾਟਾ ਪਿਆ ਸੀ ਉਹ ਪੂਰਾ ਹੋ ਗਿਆ ਹੈ ਜਾਂ ਹੋਰ ਨੁਕਸਾਨ ਹੋ ਗਿਆ ਹੈ ?

ਸ੍ਰੀ ਸਪੀਕਰ : ਇਹ ਤਾਂ ਫਿਗਰਜ਼ ਇਸ ਵੇਲੇ ਇਨ੍ਹਾਂ ਕੋਲ ਹੋਣੇ ਨਹੀਂ, ਤੁਸੀਂ ਸੈਪਰੇਟ ਸੀਕ ਕਰ ਲਓ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਇਹੀ ਦੱਸ ਦੇਣ ਕਿ ਵੇਚਣ ਦੀ ਕੀ ਲੋੜ ਪਈ ਸੀ ?

ਮੰਤਰੀ : ਸਪੀਕਰ ਸਾਹਿਬ, ਮੈਂ ਦੱਸ ਤਾਂ ਦਿਤਾ ਹੈ ਕਿ ਡਿਸਇਨਵੇਸਟਮੈਂਟ ਪਾਲਿਸੀ ਦੇ ਤਹਿਤ ਵੇਚੀਆਂ ਗਈਆਂ ਹਨ ।

Block Offices without the facility of Jeep/Telephones

*682. **Shri Ram Kishan Kataria :** Will the Minister of State for Rural Development and Panchayats be pleased to state the names of Development Blocks in the State which are without the Jeep/Telephone facility uptil now and the period during which the aforesaid facilities are likely to be provided there ?

ਸਰਦਾਰ ਬਲਦੇਵ ਸਿੰਘ ਖਿਆਲਾ: (ੳ) ਬਲਾਕਾਂ ਦੇ ਨਾਂ ਜੋ ਹੁਣ ਤਕ ਜੀਪ ਦੀ ਸਹੂਲਤ ਤੋਂ ਬਿਨਾਂ ਹਨ:

(1) ਬਮਿਆਲ (2) ਸੜੋਆ (3) ਪਟਿਆਲਾ

(i) ਬਲਾਕਾਂ ਦੇ ਨਾਂ ਜਿਥੇ ਟੈਲੀਫੂਨ ਹੁਣ ਤੱਕ ਨਹੀਂ ਲੱਗੇ

(1) ਬਮਿਆਲ (2) ਨਰੋਟ ਜੈਮਲ ਸਿੰਘ (3) ਧਾਰ ਕਲਾਂ
(4) ਵਲਟੋਹਾ (5) ਗੰਡੀਵਿੰਡ (6) ਤਰਸਿੱਕਾ
(7) ਪੱਖੋਵਾਲ (8) ਸੁਧਾਰ (9) ਨਥਾਣਾ

(ii) ਉਪਰੋਕਤ ਦੱਸੇ ਬਲਾਕਾਂ ਵਿਚ ਜੀਪ/ਟੈਲੀਫੋਨ ਸਹੂਲਤਾਂ ਮੁਹੱਈਆ ਕਰਾਉਣ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ।

(iii) ਸੜੋਆ, ਸੰਗਤ, ਡੇਰਾ ਬਸੀ ਅਤੇ ਖਰੜ ਬਲਾਕਾਂ ਵਿੱਚ ਟੈਲੀਫੋਨ ਮੁਹੱਈਆ ਕੀਤੇ ਗਏ ਸਨ ਪਰੰਤੂ ਪੰਚਾਇਤ ਸੰਮਤੀਆਂ ਵਲੋਂ ਟੈਲੀਫੋਨ ਬਿਲਾਂ ਦੀ ਅਦਾਇਗੀ ਨਾ ਕਰਨ ਕਰਕੇ ਡਾਕ ਅਤੇ ਤਾਰ ਵਿਭਾਗ ਵਲੋਂ ਇਨ੍ਹਾਂ ਟੈਲੀਫੋਨ ਦੇ ਕੁਨੈਕਸ਼ਨ ਕੱਟ ਦਿਤੇ ਗਏ ਸਨ । ਕਾਰਜ ਸਾਧਕ ਅਫਸਰਾਂ ਨੂੰ ਇਹ ਟੈਲੀਫੋਨ ਕੁਨੈਕਸਨ ਬਹਾਲ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ।

Original with;
Punjab Vidhan Sabha
Digitized by;
Panjab Digital Library

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਬਲਾਕ 1978 ਵਿਚ ਖੋਲ੍ਹਿਆ ਗਿਆ ਸੀ ਸੜੋਆ ਬਲਾਕ ਇਜ਼ ਦਾ ਓਲਡੈਸਟ। ਇਸ ਦੇ ਵਿਚ ਨਾ ਜੀਪ ਹੈ ਅਤੇ ਨਾ ਹੀ ਟੈਲੀਫੋਨ ਹੈ। 1985–86 ਦੇ ਪੂਰੇ ਸਾਲ ਵਿਚ ਇਥੇ ਬੀ. ਡੀ. ਓ. ਵੀ ਨਹੀਂ ਸੀ। ਮੇਰੀ ਬੇਨਤੀ ਹੈ ਕਿ 1977-78 ਵਿਚ ਇਥੇ ਟੈਲੀਫੋਨ ਲਗਾਇਆ ਗਿਆ ਸੀ ਅਤੇ ਡੇਢ ਸਾਲ ਬਾਦ ਕਟ ਗਿਆ ਸੀ ਕਿਉਂਕਿ ਪੇਮੈਂਟ ਨਹੀਂ ਸੀ ਹੋ ਸਕੀ। ਉਨ੍ਹਾਂ ਦੀ ਕੋਈ ਆਮਦਨ ਨਹੀਂ ਹੈ ਅਤੇ ਬਿਲ ਨਹੀਂ ਪੇਅ ਕਰ ਸਕਦੇ ਹੁਣ ਟੈਲੀਫੋਨ ਲਗਵਾ ਦਿੱਤਾ ਜਾਵੇ ਅਤੇ ਸਰਕਾਰ ਬੈਕਵਰਡ ਏਰੀਆ ਦੀ ਡਿਫਿਕਲਟੀ ਮੱਦੇ ਨਜ਼ਰ ਰੱਖਦੇ ਹੋਏ ਬਿਲ ਦੀ ਪੇਮੈਂਟ ਆਪ ਕਰ ਦਿਆ ਕਰੇ।

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਇਕ ਆਪਣਾ ਅਦਾਰਾ ਹੈ ਅਤੇ ਇਨ੍ਹਾਂ ਨੂੰ ਆਪਣੇ ਸੋਰਸਿਜ਼ ਆਪ ਪੈਦਾ ਕਰਨੇ ਹੁੰਦੇ ਹਨ। ਅਸੀਂ ਤਾਂ ਥੋੜ੍ਹਾ ਬਹੁਤ ਕੈਪੀਟਲ ਇਨ੍ਹਾਂ ਨੂੰ ਕੈਟਲ ਫੇਅਰਜ਼ ਤੋਂ ਹੀ ਦੇ ਸਕਦੇ ਹਾਂ। ਇਨ੍ਹਾਂ ਪੇਮੈਂਟਸ ਲਈ ਬਕਾਇਦਾ ਤੌਰ ਤੇ ਇਨ੍ਹਾਂ ਨੂੰ ਆਮਦਨ ਦਾ ਪ੍ਰਬੰਧ ਆਪ ਕਰਨਾ ਪੈਂਦਾ ਹੈ।

ਸ੍ਰੀ ਰਾਮ ਕਿਸ਼ਨ ਕਟਾਰੀਆ : ਕੀ ਇਹ ਕੋਈ ਸੁਝਾਅ ਦੇਣਗੇ ਆਮਦਨ ਦਾ ਜਿਥੋਂ ਉਹ ਆਮਦਨ ਕਰ ਸਕਣ ? ਹੁਣ ਜਿਹੜਾ ਬੀ. ਡੀ. ਓ. ਹੈ ਉਹ ਕਿਥੋਂ ਆਮਦਨ ਕਰੇਗਾ। ਉਥੇ 7, 8 ਸਾਲਾਂ ਤੋਂ ਜੀਪ ਨਹੀਂ ਹੈ, ਟੈਲੀਫੋਨ ਨਹੀਂ ਹੈ, ਜੇ ਕੋਈ ਜੀਪ ਵਾਸਤੇ ਪ੍ਰੋਵੀਜ਼ਨ ਕਰ ਰਹੇ ਹਨ ਤਾਂ ਕਦੋਂ ਤਕ ਪ੍ਰੋਵਾਈਡ ਕਰ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਸਮੇਂ ਰਾਜ ਵਿਚ ਕੁਲ 118 ਬਲਾਕ ਹਨ ਹਰ ਇਕ ਬਲਾਕ ਨੂੰ ਜੀਪ ਪ੍ਰਦਾਨ ਕੀਤੀ ਹੋਈ ਹੈ ਪਰੰਤੂ ਸਮੇਂ ਦੇ ਬੀਤਣ ਨਾਲ ਬਲਾਕਾਂ ਨੂੰ ਮੁਹੱਈਆ ਕੀਤੀਆਂ ਜੀਪਾਂ ਨਾ-ਮੁਰੰਮਤ ਕਰਨ ਯੋਗ ਹੋ ਗਈਆਂ ਹਨ। ਮੋਟਰ ਵਹੀਕਲ ਬੋਰਡ ਵਲੋਂ ਨੀਯਤ ਕੀਤੇ ਗਏ ਨਾਰਮ ਅਨੁਸਾਰ ਜੋ ਜੀਪਾਂ ਖਰੀਦ ਮਿਤੀ ਤੋਂ 15 ਸਾਲ ਪੂਰੇ ਕਰ ਚੁੱਕੀਆਂ ਹੋਣ ਉਨ੍ਹਾਂ ਨੂੰ ਵਿਭਾਗ ਵਰਤੋਂ ਵਿੱਚ ਨਾ ਲਿਆਵੇ। ਇਸ ਨੀਤੀ ਅਨੁਸਾਰ ਕੁਝ ਬਲਾਕਾਂ ਦੀਆਂ ਗੱਡੀਆਂ ਆਪਣੀ 15 ਸਾਲ ਦੀ ਮਿਆਦ ਪੂਰੀ ਕਰ ਚੁੱਕੀਆਂ ਹਨ ਅਤੇ ਉਨ੍ਹਾਂ ਦੇ ਕੇਸ ਸਮੇਤ ਬਮਿਆਲ ਸੜੋਆ ਅਤੇ ਪਟਿਆਲਾ ਬਲਾਕਾਂ ਦੇ ਮੋਟਰ ਵਹੀਕਲ ਬੋਰਡ ਨੂੰ ਕੰਡੈਮਨੇਸ਼ਨ ਲਈ ਭੇਜੇ ਹੋਏ ਹਨ। ਮੋਟਰ ਵਹੀਕਲ ਬੋਰਡ ਨੇ ਸਮੂਹ ਜ਼ਿਲ੍ਹਾ ਟਰਾਂਸਪੋਰਟ ਅਫਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਉਹ ਆਪਣੇ ਜ਼ਿਲ੍ਹੇ ਦੀਆਂ ਗੱਡੀਆਂ ਦਾ ਨਿਰੀਖਣ ਕਰਨ। ਇਨ੍ਹਾਂ ਗੱਡੀਆਂ ਵਿਚੋਂ ਸੰਗਰੂਰ, ਸੁਧਾਰ, ਜਲੰਧਰ ਪੱਛਮੀ, ਰਈਆ, ਪਟਿਆਲਾ ਅਤੇ ਝੁਨੀਰ ਬਲਾਕਾਂ ਦੀਆਂ ਗੱਡੀਆਂ ਮੋਟਰ ਵਹੀਕਲ ਬੋਰਡ ਵਲੋਂ ਕੰਡਮ ਕਰਾਰ ਦੇ ਦਿਤੀਆਂ ਹਨ ਅਤੇ ਇਹ ਗੱਡੀਆਂ ਹੁਣ ਅੰਤਮ ਨਿਪਟਾਰੇ ਲਈ ਹਨ।

ਜਦੋਂ ਮੋਟਰ ਵਹੀਕਲ ਬੋਰਡ ਵਿੱਤ ਵਿਭਾਗ ਦੀ ਪ੍ਰਵਾਨਗੀ/ਸਹਿਮਤੀ ਮਿਲ ਜਾਵੇਗੀ ਤਾਂ ਇਨ੍ਹਾਂ ਬਲਾਕਾਂ ਲਈ ਨਵੀਆਂ ਜੀਪਾਂ ਦੇਣ ਦੇ ਜਤਨ ਕੀਤੇ ਜਾਣਗੇ। ਇਹ ਵੀ ਦੱਸਿਆ ਜਾਂਦਾ ਹੈ ਕਿ ਵਿੱਤ ਵਿਭਾਗ ਨੇ ਵਿੱਤੀ ਸੰਕਟ ਕਾਰਨ ਨਵੀਆਂ ਗੱਡੀਆਂ ਦੀ ਖਰੀਦ ਤੇ ਮੁਕੰਮਲ ਰੋਕ ਲਗਾਈ ਹੋਈ ਹੈ।

ਗਿਆਨੀ ਅਰਜਨ ਸਿੰਘ ਲਿੱਟ : ਸਪੀਕਰ ਸਾਹਿਬ, ਬਹੁਤ ਸਾਰੀਆਂ ਬਲਾਕਾਂ ਵਿਚ ਅਤੇ ਬਹੁਤ ਸਾਰੀਆਂ ਜ਼ਿਲ੍ਹਾ ਪ੍ਰੀਸ਼ਦਾਂ ਦਾ ਭੱਠਾ ਬੈਠਾ ਹੋਇਆ ਹੈ ਕਿਉਂਕਿ ਉਨ੍ਹਾਂ ਦੀ ਆਮਦਨ ਨਹੀਂ ਹੈ। ਕੀ ਸਰਕਾਰ ਉਨ੍ਹਾਂ ਦੇ ਫਾਈਨਾਂਸਿਜ਼ ਵਧਾਉਣ ਦਾ ਕੋਈ ਪ੍ਰਬੰਧ ਕਰੇਗੀ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਹੀ ਬੜੇ ਉਪਰਾਲੇ ਕੀਤੇ ਜਾ ਚੁੱਕੇ ਹਨ। ਜਿਵੇਂ ਕਿ ਧਨ ਕਮਾਊ ਸਕੀਮ ਤਹਿਤ ਸੰਮਤੀਆਂ ਆਪ-ਣੀਆਂ ਦੁਕਾਨਾਂ ਉਸਾਰ ਕੇ ਕਿਰਾਏ ਤੇ ਦੇ ਕੇ ਆਮਦਨ ਦਾ ਵਾਧਾ ਕਰ ਸਕਦੀਆਂ ਹਨ, ਇਸ ਤਰ੍ਹਾਂ ਦੇ ਹੋਰ ਵੀ ਕਈ ਉਪਰਾਲੇ ਕੀਤੇ ਜਾ ਸਕਦੇ ਹਨ ਜਿਨ੍ਹਾਂ ਨਾਲ ਉਨ੍ਹਾਂ ਦੀ ਆਮਦਨ ਵੱਧ ਸਕਦੀ ਹੈ।

ਸ੍ਰੀ ਰਾਧਾ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੀਆਂ ਕਿਹੜੀਆਂ ਸੰਮਤੀਆਂ ਦੇ ਪੂਲ ਬਣਾਏ ਗਏ ਹਨ।

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਦੀ ਸੁਆਲ ਵਿਚ ਮੰਗ ਨਹੀਂ ਕੀਤੀ ਸੀ। ਇਹ ਦੋਬਾਰਾ ਸੁਆਲ ਕਰ ਦੇਣ ਜਵਾਬ ਦੇ ਦਿਆਂਗੇ।

ਨਿਸ਼ਾਨਵਾਲਾ ਪ੍ਰਸ਼ਨ ਨੰ : 708

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੇਸ਼ ਨਹੀਂ ਹੋਇਆ।)

Amount of T.A. paid to the Ministers

*719. **Sardar Balwinder Singh Bhunder :** Will the Chief Minister be pleased to state the month-wise amount of money drawn as T.A. and D.A. by each of the Cabinet Ministers, Ministers of State, Deputy Ministers and Parliamentary Secretaries during the period from 1st October, 1985 to 28th February, 1987 ?

ਸਰਦਾਰ ਨੱਥਾ ਸਿੰਘ ਦਾਲਮ (ਸੂਚਨਾ ਅਤੇ ਲੋਕ ਸੰਪਰਕ ਮੰਤਰੀ) : ਲੋੜੀਂਦੀ *ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਟੋਟਲ ਟੀ.ਏ. ਅਤੇ ਡੀ.ਏ. 5 ਲੱਖ 32 ਹਜ਼ਾਰ ਖਰਚ ਹੋਇਆ ਹੈ ਅਤੇ ਇਨ੍ਹਾਂ ਵਿਚੋਂ ਇਕ ਮਨਿਸਟਰ ਐਸਾ ਹੈ ਜਿਸ ਤੇ 1 ਲੱਖ 11 ਹਜ਼ਾਰ ਰੁਪਿਆ ਖਰਚ ਆ ਗਿਆ। ਜੇਕਰ ਉਹ ਮਨਿਸਟਰ ਸਾਰੇ ਦਿਨ ਵੀ ਬਾਹਰ ਰਹੇ ਤਾਂ ਵੀ ਇਨ੍ਹਾ ਖਰਚ ਨਹੀਂ ਬਣ ਸਕਦਾ। ਇੰਨੀ ਬੇਦਰਦੀ ਨਾਲ ਸਟਕਾਰੀ ਖਜ਼ਾਨੇ ਵਿਚੋਂ ਪੈਸਾ ਕਢਣਾ ਨਹੀਂ ਚਾਹੀਦਾ। ਉਹ ਮਨਿਸਟਰ ਇਹ ਵਸੂਲੀ ਕਰ ਰਿਹਾ ਹੈ ਜਿਹੜਾ ਆਪ ਹੀ ਖਜ਼ਾਨੇ ਦਾ ਮਾਲਕ ਹੈ। ਕੀ ਇਨ੍ਹਾਂ ਤੇ ਕੋਈ ਰੋਕ ਲਾਈ ਜਾਵੇਗੀ ?

ਸੂਚਨਾ ਅਤੇ ਲੋਕ ਸੰਪਰਕ ਮੰਤਰੀ : ਸਪੀਕਰ ਸਾਹਿਬ, ਸਰਦਾਰ ਬਲਵੰਤ ਸਿੰਘ ਨੂੰ ਅੱਖਾਂ ਦੇ ਇਲਾਜ ਵਾਸਤੇ ਯੂ.ਐਸ.ਏ. ਜਾਣਾ ਪਿਆ ਸੀ ਅਤੇ ਇਕ ਲੱਖ ਰੁਪਿਆ ਉਨ੍ਹਾਂ ਨੂੰ ਦਿਤਾ ਗਿਆ ਸੀ ਟੀ.ਏ. ਵਾਸਤੇ। 93650 ਰੁਪਏ ਟੀ.ਏ. ਦੇ ਖਰਚ ਆਏ ਸਨ ਅਤੇ ਬਾਕੀ ਦਾ ਛੇ ਹਜ਼ਾਰ ਰੁਪਿਆ ਉਨ੍ਹਾਂ ਨੇ ਵਾਪਸ ਜਮ੍ਹਾਂ ਕਰਾ ਦਿੱਤਾ ਸੀ। ਜਿਹੜਾ ਬਾਕੀ ਦਾ ਖਰਚ ਹੋਇਆ ਹੈ ਉਸ ਦਾ ਵੇਰਵਾ ਅਜੇ ਤੱਕ ਨਹੀਂ ਦਿੱਤਾ। ਕਾਨੂੰਨ ਅਤੇ ਰੂਲਜ਼ ਦੇ ਮੁਤਾਬਿਕ ਉਹ ਸਾਰਾ ਖਰਚ ਲੈ ਸਕਦੇ ਹਨ।

*Placed in the Library.

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਵਿੰਦਰ ਸਿੰਘ ਭੂੰਦੜ : ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਜਦੋਂ ਵੀ ਬਣਦੀ ਹੈ ਵਜ਼ੀਰ ਸਾਹਿਬ ਬਾਰ ਬਾਰ ਅੱਖਾਂ ਵਾਸਤੇ ਬਾਹਰ ਜਾਂਦੇ ਹਨ। ਜਦ ਕਿ ਹਿੰਦੁਸਤਾਨ ਵਿਚ ਅੱਖਾਂ ਦੇ ਵੱਡੇ ਵੱਡੇ ਹਸਪਤਾਲ ਹਨ ਜਿਥੇ ਕਿ ਇਨ੍ਹਾਂ ਦਾ ਇਲਾਜ ਹੋ ਸਕਦਾ ਹੈ। ਇਸ ਲਈ ਕੀ ਬਾਹਰ ਜਾ ਕੇ ਇਲਾਜ ਕਰਾਉਣ ਵਾਸਤੇ ਇਥੋਂ ਦੇ ਡਾਕਟਰਾਂ ਤੋਂ ਸਰਟੀਫਿਕੇਟ ਲਿਆ ਸੀ ਕਿ ਬਾਹਰ ਜਾਣਾ ਜ਼ਰੂਰੀ ਹੈ।

ਮੰਤਰੀ: ਸਪੀਕਰ ਸਾਹਿਬ, ਬਿਮਾਰੀ ਤੇ ਜ਼ੋਰ ਕਿਸੇ ਦਾ ਨਹੀਂ ਚਲਦਾ। ਕੋਈ ਵੀ ਬਿਮਾਰੀ ਲਗ ਸਕਦੀ ਹੈ ਔਰ ਉਸ ਦਾ ਇਲਾਜ ਕਰਾਉਣ ਵਾਸਤੇ ਬਾਹਰ ਜਾ ਸਕਦਾ ਹੈ। ਆਨਰੇਬਲ ਮੈਂਬਰ ਵੀ ਜਾ ਸਕਦੇ ਹਨ। ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਜਿਹੜਾ ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਇਹ ਮੈਡੀਕਲ ਮਹਿਕਮੇਂ ਦੇ ਇੰਚਾਰਜ ਹਨ ਕੀ ਤੁਸੀਂ ਉਨ੍ਹਾਂ ਨੂੰ ਕੋਈ ਸਰਟੀਫਿਕੇਟ ਦਿੱਤਾ ਸੀ ਬਾਹਰ ਜਾਣ ਦਾ ?

(ਕੋਈ ਜਵਾਬ ਨਹੀਂ ਆਇਆ।)

ਗਿਆਨੀ ਅਰਜਨ ਸਿੰਘ ਲਿੱਟ: ਸਪੀਕਰ ਸਾਹਿਬ ਅੱਖਾਂ ਦਾ ਇਲਾਜ ਹਿੰਦੁਸਤਾਨ ਵਿਚ ਬਹੁਤ ਚੰਗਾ ਹੁੰਦਾ ਹੈ ਪਰ ਇਥੇ ਨਾ ਇਲਾਜ ਕਰਵਾ ਕੇ ਬਾਹਰ ਗਏ ਹਨ। ਕੀ ਇਸ ਵਾਸਤੇ ਕੋਈ ਸਰਟੀਫਿਕੇਟ ਇਥੋਂ ਲਿਆ ਸੀ ?

(ਕੋਈ ਜਵਾਬ ਨਹੀਂ ਆਇਆ)

ਸ੍ਰੀ ਸਪੀਕਰ: ਤੁਸੀਂ ਰੂਲਜ਼ ਸਮਝਦੇ ਹੋ। ਰੂਲਜ਼ ਅਨੁਸਾਰ ਜਿਸ ਨੂੰ ਕੋਈ ਫੈਸਿਲਟੀ ਅਵੇਲ ਹੋ ਸਕਦੀ ਹੈ ਉਹ ਅਵੇਲ ਕੀਤੀ ਜਾਂਦੀ ਹੈ।

ਸਰਦਾਰ ਰਣਜੀਤ ਸਿੰਘ ਬਾਲੀਆਂ: ਮੈਂ ਜਾਣਨਾ ਚਾਹਵਾਂਗਾ ਕਿ ਮੈਂਬਰ ਸਾਹਿਬ ਨੇ ਹੁਣ ਤਕ ਕਿੰਨਾ ਟੀ.ਏ, ਡੀ.ਏ. ਅਵੇਲ ਕੀਤਾ ਹੈ (ਵਿਘਨ) ਸਪੀਕਰ ਸਾਹਿਬ, ਮੈਂ ਇਹ ਪੁਛਿਆ ਸੀ ਕਿ ਮੈਂਬਰ ਸਾਹਿਬ ਨੇ ਹੁਣ ਤਕ ਕਿੰਨਾ ਟੀ.ਏ. ਡੀ.ਏ., ਕਲੇਮ ਕੀਤਾ ਹੈ ?

(ਕੋਈ ਜਵਾਬ ਨਹੀਂ ਆਇਆ)

ਡਾਕਟਰ ਕੇਵਲ ਕ੍ਰਿਸ਼ਨ: ਮੈਂ ਇਹ ਜਾਣਨਾ ਚਾਹਾਂਗਾ ਕਿ ਜਦੋਂ ਹਰ ਇਕ ਐਮ.ਐਲ.ਏ. ਲਈ ਜਾਂ ਆਫੀਸ਼ੀਅਲ ਲਈ ਇਹ ਜ਼ਰੂਰੀ ਹੈ ਕਿ ਜੇ ਉਸ ਨੇ ਬਾਹਰ ਇਲਾਜ ਕਰਾਉਣ ਲਈ ਜਾਣਾ ਹੈ ਤਾਂ ਇਥੇ ਕਿਸੇ ਅਥਾਰਿਟੀ ਤੋਂ ਸਰਟੀਫਿਕੇਟ ਜ਼ਰੂਰ ਲਵੇ। ਇਸ ਕੇਸ ਵਿਚ ਕੀ ਮਨਿਸਟਰ ਸਾਹਿਬ ਨੇ ਇਹ ਸਰਟੀਫਿਕੇਟ ਹਾਸਲ ਕੀਤਾ; ਜੇ ਨਹੀਂ ਕੀਤਾ ਤਾਂ ਕਿਉਂ ਨਹੀਂ ਕੀਤਾ ?

ਮੰਤਰੀ: ਇਹ ਇਨਫਰਮੇਸ਼ਨ ਇਨ੍ਹਾਂ ਨੇ ਮੰਗੀ ਨਹੀਂ ਹੈ। ਜੇ ਮੰਗੀ ਹੁੰਦੀ ਤਾਂ ਦੇ ਦਿੰਦੇ।

Doctor Kewal Krishan : The Minister should be prepared for all supplementaries. What sort of this logic is?

Mr. Speaker: If you bring an irregularity to the notice of the Minister, he will certainly look into that.

Next Question No. 819.

Original with;
Punjab Vidhan Sabha
Digitized by;
Panjab Digital Library

Extension of Industrial Focal Point, Jalandhar

*819. **Vaid Om Parkash Datta :** Will the Minister of Finance be pleased to state whether there is any proposal under the consideration of the Government to add more areas to the present limits of Industrial Focal Point, Jalandhar, i.e. on both sides of the bye-pass, if so, the time by which that is likely to materialise ?

ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ (ਸਹਿਕਾਰਤਾ ਮੰਤਰੀ) : ਹਾਂ ਜੀ। ਫੋਕਲ ਪੁਆਇੰਟ ਜਲੰਧਰ ਵਿੱਚ ਹੋਰ ਇਲਾਕਾ ਸ਼ਾਮਲ ਕਰਨ ਦਾ ਸੁਝਾਓ ਹੈ, ਪਰ ਬਾਈ-ਪਾਸ ਦੇ ਦੋਵੇਂ ਪਾਸੇ ਨਹੀਂ, ਸਗੋਂ ਇਹ ਫੋਕਲ ਪੁਆਇੰਟ ਦੇ ਨਾਲ ਲਗਦਾ ਹੈ।

ਵੈਦ ਓਮ ਪ੍ਰਕਾਸ਼ ਦੱਤਾ : ਪਿਛਲੇ ਸੈਸ਼ਨ ਵਿਚ ਮੈਂ ਇਹ ਸਵਾਲ ਕੀਤਾ ਸੀ। ਹੁਣ ਮੈਂ ਇਹ ਪੁਛਣਾ ਹੈ ਕਿ ਜੇ ਉਹ ਫੋਕਲ ਪੁਆਇੰਟ ਬਣਾਉਣਾ ਹੈ ਤਾਂ ਉਸ ਦੀ ਕਿੰਨੀ ਐਕਸਟੈਨਸ਼ਨ ਕਰਨੀ ਹੈ, ਕਿੰਨੇ ਏਕੜ ਜ਼ਮੀਨ ਲੈਣੀ ਹੈ, ਕਿਸ ਇੰਟਰੈਸਟ ਤੇ ਲੈਣੀ ਹੈ, ਕੀ ਇਹ ਪੂਰੀ ਡਿਟੇਲ ਦੱਸਣਗੇ ? ਔਰ ਕਦੋਂ ਤਕ ਇਹ ਸਾਰਾ ਕੰਮ ਹੋ ਜਾਵੇਗਾ ?

ਸਹਿਕਾਰਤਾ ਮੰਤਰੀ : 200 ਏਕੜ ਜ਼ਮੀਨ ਲੈਣ ਦੀ ਤਜਵੀਜ਼ ਸੀ ਔਰ ਇਸ ਵਾਸਤੇ ਸੈਕਸ਼ਨ 5/6 ਦੇ ਤਹਿਤ ਨੋਟਿਸ ਦਿੱਤੇ ਸਨ ਲੇਕਿਨ ਲੈਂਡ ਓਨਰਜ਼ ਨੇ ਕੁਝ ਓਬਜੈਕਸ਼ਨ ਲਾ ਦਿੱਤੇ। ਇਸ ਕਰਕੇ ਸਮਾਂ ਲਗ ਗਿਆ। ਹੁਣ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਸਾਲ ਦੇ ਅੰਦਰ ਅੰਦਰ ਇਹ ਸਾਰਾ ਕੰਮ ਹੋ ਜਾਵੇ।

ਗਿਆਨੀ ਅਰਜਨ ਸਿੰਘ ਲਿੱਟ : ਪਿਛਲੀ ਸਰਕਾਰ ਨੇ ਫੋਕਲ ਪੁਆਇੰਟ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਥੇ ਝਗੜਾ ਚਲਦਾ ਰਿਹਾ। ਕੀ ਹੁਣ ਇਹ ਉਹ ਸਾਰੇ ਫੋਕਲ ਪੁਆਇੰਟ ਬਹਾਲ ਕਰਨਗੇ ?

ਮੰਤਰੀ : ਇਹ ਇੰਡਸਟਰੀਅਲ ਫੋਕਲ ਪੁਆਇੰਟ ਦੀ ਗਲ ਹੈ।

ਸ੍ਰੀ ਸਪੀਕਰ : ਇਹ ਪੇਂਡੂ ਫੋਕਲ ਪੁਆਇੰਟਾਂ ਬਾਰੇ ਨਹੀਂ ਹੈ।

ਵੈਦ ਓਮ ਪ੍ਰਕਾਸ਼ ਦੱਤਾ : ਮੈਂ ਇਹ ਜਾਣਨਾ ਚਾਹਵਾਂਗਾ ਕਿ ਬਾਈਪਾਸ ਦੇ ਨੇੜੇ ਜਿਨ੍ਹਾਂ ਲੋਕਾਂ ਨੇ ਜ਼ਮੀਨਾਂ ਖਰੀਦ ਲਈਆਂ ਹਨ ਔਰ ਇੰਡਸਟਰੀ ਵਗੈਰਾ ਵੀ ਲਾਈ ਹੈ ਉਸ ਨਾਲ ਉਨ੍ਹਾਂ ਨੂੰ ਫਾਇਦਾ ਹੋਇਆ ਹੈ ਪਰ ਹਾਲੇ ਬਹੁਤ ਕੰਮ ਹੋਣ ਵਾਲਾ ਹੈ ਕੀ ਮਕਸੂਦਾਂ ਤੋਂ ਚਗੀਟੀ ਤਕ ਬਾਈਪਾਸ ਦੇ ਨਾਲ ਇਸ ਨੂੰ ਫੋਕਲ ਪੁਆਇੰਟ ਵਿਚ ਸ਼ਾਮਲ ਕੀਤਾ ਜਾਵੇਗਾ ਅਤੇ ਕੀ ਇਹ ਸਾਰਾ ਕੰਮ ਪੰਜਾਬ ਸਟੇਟ ਇੰਡਸਟਰੀਅਲ ਡਿਵੈਲਪਮੈਂਟ ਨੂੰ ਦਿੱਤਾ ਜਾਵੇਗਾ ?

ਮੰਤਰੀ : ਸਪੀਕਰ ਸਾਹਿਬ, ਸਮਝ ਨਹੀਂ ਆਈ ਇਹ ਮੈਂਬਰ ਸਾਹਿਬ ਜ਼ਰਾ ਦੁਬਾਰਾ ਦੱਸਣ।

ਸ੍ਰੀ ਸਪੀਕਰ : ਤੁਸੀਂ ਦੋਬਾਰਾ ਸਵਾਲ ਨੂੰ ਰਿਪੀਟ ਕਰ ਦਿਓ।

ਵੈਦ ਓਮ ਪ੍ਰਕਾਸ਼ ਦੱਤਾ : ਇਹ ਜਿਹੜਾ ਬਾਈ-ਪਾਸ ਦੇ ਦੋਨੋਂ ਤਰਫ ਦਾ ਇਲਾਕਾ ਹੈ, ਉਹ ਇਲਾਕਾ ਫੋਕਲ ਪੁਆਇੰਟ ਦੇ ਵਿਚ ਨਹੀਂ ਆਉਂਦਾ। ਲੋਕਾਂ ਨੇ ਜ਼ਮੀਨ ਖਰੀਦੀ ਹੈ ਔਰ ਕਾਰਖਾਨਾ ਲਗਾਇਆ ਹੋਇਆ ਹੈ। ਕੀ ਮੰਤਰੀ ਜੀ ਫੋਕਲ ਪੁਆਇੰਟ ਦੇ ਨਾਲ ਜਿਹੜਾ ਇਲਾਕਾ ਹੈ, ਉਨ੍ਹਾਂ ਨੂੰ ਵੀ ਫੋਕਲ ਪੁਆਇੰਟਸ ਵਾਲੀਆਂ ਸਹੂਲਤਾਂ ਦੇਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਫੋਕਲ ਪੁਆਇੰਟ ਦੀਆਂ ਸਹੂਲਤਾਂ ਉਨ੍ਹਾਂ ਏਰੀਆਂ ਵਿਚ ਵੀ ਦਿਤੀਆਂ ਜਾ ਸਕਦੀਆਂ ਹਨ ਜਿਹੜੀਆਂ ਕਿ ਫੋਕਲ ਪੁਆਇੰਟ ਦੀ ਹੱਦ ਵਿਚ ਹਨ ।

ਸ੍ਰੀ ਸੱਜਵਰ ਸਿੰਘ : ਜਮੀਨ ਖਰੀਦਣ ਵਾਸਤੇ, ਸਪੀਕਰ ਸਾਹਿਬ, ਕਿਹੜੀ ਏਜੈਂਸੀ ਪੈਸਾ ਦੇ ਰਹੀ ਹੈ ਔਰ ਇਸ ਵਕਤ ਔਰ ਪਿਛਲੇ ਸਾਲ ਕਿਤਨਾ ਬਕਾਇਆ ਪੈਸਾ ਹੈ ? (ਵਿਘਨ) ।

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਦੁਬਾਰਾ ਦੱਸਣ ਕਿਉਂਕਿ ਪਤਾ ਨਹੀਂ ਲਗਾ।

ਸ੍ਰੀ ਸੱਜਵਰ ਸਿੰਘ : ਸਪੀਕਰ ਸਾਹਿਬ, ਗੌਰਮਿੰਟ ਨੂੰ ਪੈਸਾ ਕਿਹੜੀ ਏਜੈਂਸੀ ਦਿੰਦੀ ਹੈ ਔਰ ਪਿਛਲੇ ਸਾਲ ਤੋਂ ਇਸ ਏਜੰਸੀ ਵੱਲ ਕਿਤਨਾ ਬਕਾਇਆ ਪੈਸਾ ਹੈ ?

ਮੰਤਰੀ : ਇਹ ਡਾਇਰੈਕਟਰ ਆਫ ਇੰਡਸਟਰੀਜ਼ ਵਲੋਂ ਕੀਤਾ ਜਾਂਦਾ ਹੈ ।

ਸ੍ਰੀ ਸਪੀਕਰ : ਪੈਸੇ ਬਾਰੇ ਮਨਿਸਟਰ ਸਾਹਿਬ ਕੋਲ ਫਿਗਰਜ਼ ਨਹੀਂ ਹੋਣਗੀਆਂ ।

ਸਰਦਾਰਨੀ ਜਗਦੀਸ਼ ਕੌਰ ਵੈਦ : ਪਿਛਲੇ ਸੈਸ਼ਨ ਦੇ ਦੌਰਾਨ ਇਹ ਫੈਸਲਾ ਹੋਇਆ ਸੀ । 1986 ਵਿਚ ਜਿਹੜੇ ਜਿਹੜੇ ਫੋਕਲ ਪੁਆਇੰਟ ਬੰਦ ਪਏ ਹਨ, ਸਰਕਾਰ ਕੀ ਉਨ੍ਹਾਂ ਨੂੰ ਹੁਣ ਪੂਰਾ ਕਰਾਏਗੀ ? ਮੇਰੇ ਇਲਾਕੇ ਵਿਚ ਵੀ ਕਈ ਫੋਕਲ ਪੁਆਇੰਟ ਪੂਰੇ ਨਹੀਂ ਹੋਏ । ਇਸ ਵਾਸਤੇ ਮੰਤਰੀ ਸਾਹਿਬ ਦਸਣਗੇ ਕਿ ਕੀ ਇਹ ਫੋਕਲ ਪੁਆਇੰਟ ਹੁਣ ਪੂਰੇ ਹੋ ਜਾਣਗੇ ?

ਸ੍ਰੀ ਸਪੀਕਰ : ਥੋੜ੍ਹਾ ਜਿਹਾ 1 ਅਪਰੈਲ ਬਾਰੇ ਅੱਜ ਕਿਹਾ ਜਾ ਸਕਦਾ ਹੈ । (ਵਿਘਨ) (ਹਾਸਾ) ਇਹ ਸ਼ਹਿਰਾਂ ਦੇ ਫੋਕਲ ਪੁਆਇੰਟ ਦੀ ਗੱਲ ਹੋ ਰਹੀ ਹੈ ਔਰ ਪਿੰਡਾਂ ਦੇ ਫੋਕਲ ਪੁਆਇੰਟ ਦੀ ਗੱਲ ਨਹੀਂ ਹੋ ਰਹੀ । Next question Sardar Balwinder Singh Bhunder.

Construction work of Thein Dam

*720. **Sardar Balwinder Singh Bhunder :** Will the Chief Minister be pleased to state whether the construction work of Thein Dam Project has been given or proposed to be given to any construction Company ; if so, the name thereof ?

ਸਰਦਾਰ ਹਰੀ ਸਿੰਘ ਜ਼ੀਰਾ (ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ): ਥੀਨ ਡੈਮ ਪ੍ਰੋਜੈਕਟ ਦੀ ਉਸਾਰੀ ਕਿਸੇ ਉਸਾਰੀ ਕੰਪਨੀ ਨੂੰ ਦੇਣ ਦੀ ਤਜਵੀਜ਼ ਨਹੀਂ ਹੈ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਇਹ ਕਾਫੀ ਦੇਰ ਤੋਂ ਨੇਗੋਸੀਏਸ਼ਨ ਚਲ ਰਹੀ ਹੈ । ਇਸ ਵਿਚ ਸੁਪਰ ਸੀ.ਐਮ. ਸਾਹਿਬ ਵੀ ਇਨਵਾਲਵਡ ਹਨ । ਸਪੀਕਰ ਸਾਹਿਬ, ਹੁਣ ਕੀ ਇਸ ਤੇ ਵਿਚਾਰ ਚਲ ਰਹੀ ਹੈ ਜਾਂ ਨਹੀਂ ਔਰ ਕੀ ਸੈਸ਼ਨ ਤੋਂ ਬਾਅਦ ਤਾਂ ਨਹੀਂ ਕਿਸੇ ਨੂੰ ਕੰਮ ਦੇਣਲਗੇ ? (ਵਿਘਨ)

ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਆਰ.ਐਸ. ਗਿੱਲ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣਾਈ ਸੀ । ਉਨ੍ਹਾਂ ਨੇ ਪੂਰੀ ਰਿਪੋਰਟ ਤਿਆਰ ਕੀਤੀ ਹੈ । ਸਪੀਕਰ ਸਾਹਿਬ, ਵਿੱਤੀ ਪਖੋਂ ਵੀ ਠੀਕ ਨਹੀਂ ਹੈ । ਉਹ ਠੀਕ ਨਹੀਂ ਸੀ । ਇਸ ਕਰਕੇ ਫੈਸਲਾ ਕੀਤਾ ਹੈ ਕਿ ਪੰਜਾਬ ਸਰਕਾਰ ਆਪਣੇ ਰਿਸੋਰਸਿਜ਼ ਕੋਲੋਂ ਇਹ ਕੰਮ ਕਰੇਗੀ ।

Original with;
Punjab Vidhan Sabha
Digitized by;
Panjab Digital Library

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਜੋ ਫੈਸਲਾ ਕੀਤਾ ਹੈ ਠੀਕ ਹੈ। ਸਰਕਾਰ ਨੂੰ ਇਹ ਥੀਨ ਡੈਮ ਆਪ ਬਣਾਉਣ ਦਾ ਫਾਇਦਾ ਹੈ। ਮੈਂ ਇਹ ਵੀ ਖਦਸ਼ਾ ਜ਼ਾਹਿਰ ਕਰਦਾ ਹਾਂ ਕਿ ਸੈਂਟਰ ਸਰਕਾਰ ਵਲੋਂ ਪ੍ਰੈਸ਼ਰ ਪਾਇਆ ਜਾ ਰਿਹਾ ਹੈ ਕਿ ਇਹ ਕੰਮ ਸੈਂਟਰ ਨੂੰ ਦਿਤਾ ਜਾਵੇ। ਕੀ ਇਹ ਕੰਮ ਸੈਸ਼ਨ ਤੋਂ ਬਾਅਦ ਸੈਂਟਰ ਸਰਕਾਰ ਨੂੰ ਤਾਂ ਨਹੀਂ ਦਿੱਤਾ ਜਾਵੇਗਾ।

ਸ੍ਰੀ ਸਪੀਕਰ : ਇਸ ਦਾ ਸਪੇਸੇਫਿਕ ਜਵਾਬ ਆ ਗਿਆ ਹੈ ਔਰ ਹੁਣ ਇਹ ਸਵਾਲ ਉਠਾਉਣ ਦੀ ਜ਼ਰੂਰਤ ਹੀ ਨਹੀਂ, ਜਦੋਂ ਕਿ ਮਨਿਸਟਰ ਸਾਹਿਬ ਦਾ ਜਵਾਬ ਨੈਗੇਟਿਵ ਵਿਚ ਆ ਗਿਆ ਹੈ। (ਵਿਘਨ) ਠੀਕ ਹੈ, ਤੁਹਾਡਾ ਰਾਈਟ ਹੈ। ਲੇਕਿਨ ਕੁਐਸਚਨ ਦਾ ਜਵਾਬ ਆ ਗਿਆ ਹੈ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਕਲੀਅਰ ਕਰ ਦਿੰਦਾ ਹਾਂ। ਸਪੀਕਰ ਸਾਹਿਬ, ਬੇਨਤੀ ਹੈ ਕਿ ਇਹੋ ਜਿਹੀ ਕੋਈ ਗੱਲ ਨਹੀਂ ਹੈ। ਸਰਕਾਰ ਬੜੀ ਮਿਹਨਤ ਕਰਕੇ ਇਸ ਪ੍ਰਾਜੈਕਟ ਨੂੰ ਸਿਰੇ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ। 1977 ਤੋਂ ਲੈ ਕੇ 1985 ਤੱਕ ਇਸ ਤੇ ਸਿਰਫ 67 ਕਰੋੜ ਰੁਪਿਆ ਹੀ ਖਰਚ ਕੀਤਾ ਗਿਆ ਸੀ। ਜਦੋਂ ਤੋ ਸਾਡੀ ਸਰਕਾਰ ਆਈ ਹੈ, 1985-86 ਵਿੱਚ ਇਸ ਤੇ 78 ਕਰੋੜ ਰੁਪਿਆ, 1986-87 ਵਿੱਚ ਇਸ ਤੋਂ ਵੀ ਜ਼ਿਆਦਾ 100 ਕਰੋੜ ਰੁਪਿਆ ਅਤੇ ਹੁਣ 1987-88 ਵਿੱਚ ਅਸੀਂ ਇਸਤੇ 120 ਕਰੋੜ ਰੁਪਿਆ ਖਰਚ ਕਰ ਰਹੇ ਹਾਂ। (ਥੰਪਿੰਗ)

ਸ੍ਰੀ ਸਪੀਕਰ : ਮੈਂ ਸਮਝਦਾ ਹਾਂ ਕਿ ਸਵਾਲ ਦਾ ਜਵਾਬ ਆ ਗਿਆ ਹੈ। There is no need for supplementary at this juncture.

ਨਿਸ਼ਾਨਵਾਲਾ ਪ੍ਰਸ਼ਨ ਨੰ : 839

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਇਆ)।

Demand of the Punjab University Teachers Association

*822. **Shri Harnam Dass Johar, Advocate** : Will the Chief Minister be pleased to state whether it is a fact that the Panjab University Teachers Association has approached the Punjab Government for redressal of their grievances and long outstanding demands regarding recommendations of the Mehrotra Commission; if so, the action taken by the Government thereon ?

ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ (ਸਹਿਕਾਰਤਾ ਮੰਤਰੀ): (ੳ) ਨਹੀਂ ਜੀ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਲਗਦਾ ਹੈ ਹਾਊਸ ਨੂੰ ਗੁੰਮਰਾਹ ਕਰ ਰਹੇ ਹਨ। ਸਾਰੇ ਨੈਸ਼ਨਲ ਪੇਪਰਜ਼ ਵਿੱਚ ਵੀ ਆ ਚੁਕਾ ਹੈ ਕਿ ਟੀਚਰਜ਼ ਯੂਨੀਅਨ ਐਸੋਸੀਏਸ਼ਨ ਨੇ ਅਪਰੋਚ ਕੀਤਾ ਹੈ ਪੰਜਾਬ ਗੌਰਮਿੰਟ ਨੂੰ ਔਰ ਉਨ੍ਹਾਂ ਦੀਆਂ ਆਊਟ-ਸਟੈਂਡਿੰਗ ਡੀਮਾਂਡਜ਼ ਜਿਹੜੀਆਂ ਹਨ, ਕੰਸਿਡਰ ਹੋਈਆਂ and some of them were accepted. ਇਹ ਕਹਿੰਦੇ ਹਨ ਕਿ ਕੋਈ ਐਪਰੋਚ ਨਹੀਂ ਕੀਤਾ ਗਿਆ, ਕੋਈ ਐਸੋਸੀਏਸ਼ਨ ਨਹੀਂ ਮਿਲੀ ਕਿਰਪਾ ਕਰਕੇ ਅਗਰ ਇਨ੍ਹਾਂ ਨੂੰ ਪੂਰੀ ਇਨਫਰਮੇਸ਼ਨ ਨਹੀਂ ਮਿਲੀ ਤਾਂ ਕੀ ਇਹ ਇਨਫਰਮੇਸ਼ਨ ਲੈ ਕੇ ਸਹੀ ਸਹੀ ਹਾਊਸ ਨੂੰ ਦੇਣਗੇ ?

Original with;
Punjab Vidhan Sabha
Digitized by;
Panjab Digital Library

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੂੰ ਸਵਾਲ ਹੀ ਨਹੀਂ ਕਰਨਾ ਆਇਆ। ਇਨ੍ਹਾਂ ਦੀ ਇਹ ਗਲ ਠੀਕ ਹੈ। ਜੋ ਇਨ੍ਹਾਂ ਨੇ ਸਵਾਲ ਕੀਤਾ ਸੀ ਉਸ ਵਿੱਚ ਪੰਜਾਬ ਯੂਨੀ-ਵਰਸਿਟੀ ਟੀਚਰਜ਼ ਐਸੋਸੀਏਸ਼ਨ ਦੀ ਗੱਲ ਕੀਤੀ ਸੀ ਕਿ ਕੋਈ ਮਿਲਣ ਆਇਆ ਹੈ, ਪਰ ਕੋਈ ਨਹੀਂ ਆਇਆ। ਮੈਂ ਇਨ੍ਹਾਂ ਦੇ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਗੌਰਮਿੰਟ ਨੂੰ ਪੰਜਾਬ ਫੈਡਰੇਸ਼ਨ ਆਫ ਯੂਨੀਵਰਸਿਟੀ ਐਂਡ ਕਾਲਜ ਟੀਚਰਜ਼ ਐਸੋਸੀਏਸ਼ਨ ਦੀ ਆਰਗੇਨਾਈਜ਼ੇਸ਼ਨ ਮਿਲਣ ਆਈ ਸੀ। ਉਨ੍ਹਾਂ ਦੀ ਮੰਗ ਸੀ ਕਿ ਪੇਅ-ਸਕੇਲ -ਵਿੱਚ ਰਿਵੀਜ਼ਨ ਕੀਤੀ ਜਾਵੇ। ਉਨ੍ਹਾਂ ਪੁਆਇੰਟ ਆਊਟ ਕੀਤਾ ਸੀ ਕਿ ਯੂ. ਜੀ. ਸੀ. ਨੇ ਇਕ ਪ੍ਰੋਫੈਸਰ ਆਰ. ਸੀ. ਮਹਿਰੋਤਰਾ ਦੀ ਅਗਵਾਈ ਹੇਠ ਇਕ ਕਮਿਸ਼ਨ ਬਣਾਇਆ ਹੈ। ਉਸ ਦੀਆਂ ਸਿਫਾਰਸ਼ਾਂ ਲਾਗੂ ਕੀਤੀਆਂ ਜਾਣ। ਤੁਸੀਂ ਇਹ ਨਹੀਂ ਪੁਛਿਆ, ਮੈਂ ਫਿਰ ਵੀ ਦੱਸ ਦੇਂਦਾ ਹਾਂ ਕਿ ਮਹਿਰੋਤਰਾ ਸਾਹਿਬ ਦੀ ਅਗਵਾਈ ਹੇਠ ਜਿਹੜੀ ਕਮੇਟੀ ਬਣੀ, ਉਸਦੀਆਂ ਰਿਕੁਮੈਂਡੇਸ਼ਨਜ਼ ਪਹਿਲਾਂ ਭਾਰਤ ਸਰਕਾਰ ਨੇ ਅਪਰੂਵ ਕਰਨੀਆਂ ਹਨ। ਫੇਰ ਯੂ. ਜੀ. ਸੀ. ਰਾਜਾਂ ਦੀਆਂ ਸਰਕਾਰਾਂ ਨੂੰ ਹਦਾਇਤਾਂ ਕਰੇਗਾ। ਸੋ, ਅਜੇ ਤੱਕ ਭਾਰਤ ਸਰਕਾਰ ਨੇ ਉਸ ਦੀਆਂ ਰਿਕੁਮੈਂਡੇਸ਼ਨਜ਼ ਐਪਰੂਵ ਨਹੀਂ ਕੀਤੀਆਂ। ਜਦੋਂ ਉਹ ਐਪਰੂਵ ਕਰ ਦੇਵੇਗੀ, ਮੈਂ ਆਪ ਨੂੰ ਇਹ ਯਕੀਨ ਦਿਵਾਉਂਦਾ ਹਾਂ ਕਿ ਪੰਜਾਬ ਸਰਕਾਰ ਵੀ ਉਨ੍ਹਾਂ ਨੂੰ ਲਾਗੂ ਕਰਨ ਦਾ ਯਤਨ ਕਰੇਗੀ।

Raid on the Premises of Thein Dam Project

*332. **Doctor Kewal Krishan** : Will the Chief Minister be pleased to state whether it is a fact that a team of Officers of the Vigilance Department raided the premises of the Thein Dam Project, in the recent past ; if so, the result thereof alongwith action taken, if any, in the matter ?

Sardar Natha Singh Dalam (Information and Public Relations Minister): Yes, Sir. A surprise raid of the Ranjit Sagar Dam Project was recently carried out under the over all supervision of the Director, Vigilance Bureau, Punjab. The material collected during checking is being processed after which further follow up action will be taken.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਰੇਡ ਕੰਡਕਟ ਹੋਇਆ, ਕਦੋਂ ਹੋਇਆ ਔਰ ਜੋ ਕੁਝ ਮੈਟੀਰੀਅਲ ਕੁਲੈਕਟ ਕੀਤਾ ਗਿਆ ਜਾਂ ਪਰਾਸੈਸ ਵਿੱਚ ਹੈ, ਕੀ ਗੌਰਮਿੰਟ ਫੈਕਟਸ ਨੂੰ ਕੁਝ ਕੰਸੀਲ ਕਰਨਾ ਚਾਹੁੰਦੀ ਹੈ ? ਇਹ ਕਦੋਂ ਰੇਡ ਹੋਇਆ, ਇਸਦੇ ਕੀ ਰਿਜ਼ਲਟ ਸਨ ਅਤੇ ਜਿਹੜਾ ਮੈਟੀਰੀਅਲ ਇਕੱਠਾ ਕੀਤਾ ਜਾ ਰਿਹਾ ਹੈ, ਉਹ ਕੀ ਹੈ ?

ਸੂਚਨਾ ਅਤੇ ਲੋਕ ਸੰਪਰਕ ਮੰਤਰੀ : ਗੌਰਮਿੰਟ ਦੀ ਐਸੀ ਕੋਈ ਇੱਛਾ ਨਹੀਂ ਹੈ। ਇਹ ਰੇਡ 2-3-1987 ਨੂੰ ਹੋਇਆ ਅਤੇ 7-3-1987 ਤੱਕ ਕੰਟੀਨਿਊ ਰਿਹਾ। ਮੈਂ ਜਿਵੇਂ ਬੇਨਤੀ ਕਰ ਚੁਕਾ ਹਾਂ, ਉਹ ਮੈਟੀਰੀਅਲ ਪਰਾਸੈਸ ਕੀਤਾ ਜਾ ਰਿਹਾ ਹੈ, ਜੋ ਉਥੋਂ ਚੈਕਿੰਗ ਹੋਈ ਹੈ It is likely to be completed within a month or so. After that further action will be taken.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, 6 ਮਹੀਨੇ ਬਾਅਦ ਮੁੜਕੇ ਸੈਸ਼ਨ ਹੋਵੇਗਾ। ਇਹੀ ਇਕ ਮੌਕਾ ਹੁੰਦਾ ਹੈ ਜਿਸ ਵੇਲੇ ਅਸੀਂ ਕੋਈ ਗੌਰਮਿੰਟ ਦੀਆਂ ਇਸ ਤਰ੍ਹਾਂ ਦੀਆਂ ਚੀਜ਼ਾਂ ਪੁਛ ਸਕੀਏ ਜਿਸ ਲਈ ਪਬਲਿਕ ਕਨਸਰਨਡ ਹੋਵੇ। ਮੈਂ ਫੇਰ ਇਨਸਿਸਟ ਕਰਾਂਗਾ ਕਿ ਜਦੋਂ 2 ਤਾਰੀਖ ਤੋਂ 7 ਤਾਰੀਖ ਤੱਕ 5 ਦਿਨ ਲਗਾਤਾਰ ਰੇਡ ਹੋਇਆ ਅਤੇ 7-3-87 ਨੂੰ ਖਤਮ ਹੋ ਗਿਆ।

Original with;
Punjab Vidhan Sabha
Digitized by;
Panjab Digital Library

[ਡਾਕਟਰ ਕੇਵਲ ਕ੍ਰਿਸ਼ਨ]

ਅੱਜ 31 ਮਾਰਚ ਹੋ ਗਈ ਹੈ, ਏਨੇ ਦਿਨਾਂ ਵਿੱਚ ਵੀ ਕੋਈ ਰਿਪੋਰਟ ਨਹੀਂ, ਕੁਝ ਨਹੀਂ ਦੱਸਿਆ ਜਾ ਰਿਹਾ ਕਿ ਕੀ ਮਿਲਿਆ, ਕਿੰਨੀ ਹੇਰਾਫੇਰੀ ਹੋਈ ਹੈ । ਉਸ ਬਾਰੇ ਜ਼ਬਰਦਸਤ ਸ਼ੋਰ ਹੈ ਕਿ ਕਰੋੜਾਂ ਰੁਪਏ ਦਾ ਘਪਲਾ ਥੀਨ ਡ੍ਰੈਮ ਦੀ ਕੰਸਟਰਕਸ਼ਨ ਵਿੱਚ ਹੋ ਚੁਕਾ ਹੈ । ਕੀ ਇਹ ਇਸ ਬਾਰੇ ਦੱਸਣਗੇ ?

ਮੰਤਰੀ : ਸਰ, ਮੈਂ ਬੜਾ ਸਪੱਸ਼ਟ ਕਿਹਾ ਸੀ ਕਿ ਰੇਡ ਹੋਇਆ ਸੀ । ਮਿਤੀ 2-3-1987 ਤੋਂ ਲੈ ਕੇ 7-3-1987 ਤਕ ਰੇਡ ਚਲਦਾ ਰਿਹਾ । ਜੋ ਕੁਝ ਮੈਟੀਰੀਅਲ ਜਾਂ ਇਨਫਰਮੇਸ਼ਨ ਮਿਲੀ ਹੈ ਉਹ ਪ੍ਰਾਸੈਸ ਕੀਤੀ ਜਾ ਰਹੀ ਹੈ । ਇੱਕ ਮਹੀਨੇ ਤਕ ਪਰੀਲਿਮੀਨਰੀ ਪਰਾਸੈਸਿੰਗ ਕੰਪਲੀਟ ਹੋ ਜਾਏਗੀ । ਉਸ ਦੇ ਬਾਅਦ ਸਰਕਾਰ ਐਕਸ਼ਨ ਲਵੇਗੀ ।

ਡਾਕਟਰ ਕੇਵਲ ਕ੍ਰਿਸ਼ਨ : ਕੀ ਕੋਈ ਮਿਸਐਪ੍ਰੋਪ੍ਰੀਏਸ਼ਨ, ਕੋਈ ਐਂਬੈਜ਼ਲਮੈਂਟ, ਇਸ ਤਰ੍ਹਾਂ ਦੀ ਚੀਜ਼ ਸਾਹਮਣੇ ਆਈ ਹੈ ?

ਮੰਤਰੀ : ਮੈਂ ਬੇਨਤੀ ਕਰਾਂਗਾ ਕਿ ਡਾਕਟਰ ਸਾਹਿਬ ਬੜੇ ਸਤਿਕਾਰ ਯੋਗ ਮੈਂਬਰ ਹਨ ਇਹ ਵਜ਼ੀਰ ਵੀ ਰਹਿ ਚੁੱਕੇ ਹਨ ਔਰ ਸਪੀਕਰ ਵੀ ਰਹਿ ਚੁੱਕੇ ਹਨ । To give further details at this stage is not in public interest and it may also hamper the investigations.

Doctor Kewal Krishan : How it hampers public interest ?

ਸ੍ਰੀ ਸਪੀਕਰ : ਅਗਰ ਇਹ ਇਨਫਰਮੇਸ਼ਨ ਹੈ ਤਾਂ ਦਸ ਦਿਓ (ਵਿਘਨ)

ਡਾਕਟਰ ਕੇਵਲ ਕ੍ਰਿਸ਼ਨ : ਗੌਰਮਿੰਟ ਇਹ ਦੱਸਣਾ ਨਹੀਂ ਚਾਹੁੰਦੀ ।

ਮਾਸਟਰ ਮੋਹਨ ਲਾਲ : ਜਿਹੜੇ ਵਿਜੀਲੈਂਸ ਡਿਪਾਰਮੈਂਟ ਨੇ ਛਾਪੇ ਮਾਰੇ ਹਨ, ਕੀ ਵਿਜੀਲੈਂਸ ਡਿਪਾਰਟਮੈਂਟ ਦੇ ਖਿਲਾਫ ਸ਼ਿਕਾਇਤਾਂ ਪ੍ਰਾਪਤ ਹੋਈਆਂ ; ਜੇਕਰ ਹੋਈਆਂ ਤਾਂ ਉਸ ਦੀ ਡੀਟੇਲ ਕੀ ਹੈ ?

ਮੰਤਰੀ : ਜਿਨ੍ਹਾਂ ਨੇ ਇਹ ਛਾਪੇ ਮਾਰੇ ਹਨ ਜਾਂ ਰੇਡ ਕੀਤੇ ਹਨ ਉਨ੍ਹਾਂ ਦੇ ਖਿਲਾਫ ਸਰਕਾਰ ਨੂੰ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ ।

Regularisation of the service of Lecturers

*849. **Master Mohan Lal** : Will the Chief Minister be pleased to state :—

(a) whether it is a fact that the services of Lecturers appointed on adhoc basis in Education Department (School wing) have not been regularised after 31st March, 1977; if so, the reasons therefor ;

(b) whether the Government proposes to regularise the services of the adhoc Lecturers ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੲ) ਹਾਂ ਜੀ । ਮੁੱਖ ਸਕੱਤਰ, ਪੰਜਾਬ ਸਰਕਾਰ (ਪਰਸੋਨਲ ਪਾਲੀਸੀ ਸ਼ਾਖਾ) ਵਲੋਂ ਜਾਰੀ ਕੀਤੀਆਂ ਹਦਾਇਤਾਂ ਮਿਤੀ 28 ਅਕਤੂਬਰ, 1980 ਅਤੇ 26 ਅਕਤੂਬਰ, 1982 ਅਨੁਸਾਰ ਉਨ੍ਹਾਂ ਤਦ-ਅਰਥ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਹੀ ਰੈਗੂਲਰਾਈਜ਼ ਕੀਤਾ ਜਾਣਾ ਸੀ, ਜਿਨ੍ਹਾਂ ਦੀ ਮੁਢਲੀ ਤਨਖਾਹ 325-699 ਰੁਪਏ ਸੀ । ਸਕੂਲ ਲੈਕਚਰਾਰ ਦਾ ਤਨਖਾਹ ਗਰੇਡ 700-1300 ਰੁਪਏ ਹੈ । ਇਹ ਵਰਗ ਇਨ੍ਹਾਂ ਹਦਾਇਤਾਂ ਅਧੀਨ ਨਹੀਂ ਸੀ ਆਉਂਦਾ ।

(ਬੀ) ਹਾਂ ਜੀ । ਹੁਣ ਸਰਕਾਰ ਦੇ ਪੱਤਰ ਨੰ: 12/1/81-1ਜੀਈ/10938, ਮਿਤੀ 8 ਅਗਸਤ, 1985 ਅਨੁਸਾਰ ਜਾਰੀ ਹੋਈਆਂ ਨਵੀਆਂ ਹਦਾਇਤਾਂ ਅਧੀਨ ਜਿਨ੍ਹਾਂ ਵਿਚ ਸਾਰੇ ਦਰਜਾ 111 ਕਰਮਚਾਰੀ ਚਾਹੇ ਉਨ੍ਹਾਂ ਦਾ ਕੋਈ ਵੀ ਤਨਖਾਹ ਸਕੇਲ ਹੋਵੇ, ਕਵਰ ਹੋਣ ਕਰਕੇ ਇਹ ਵਰਗ ਵੀ ਹਦਾਇਤਾਂ ਅਧੀਨ ਘੇਰੇ ਵਿਚ ਆ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

ਮਾਸਟਰ ਮੋਹਨ ਲਾਲ : ਦੋਵਾਂ ਦਾ ਜਵਾਬ 'ਹਾਂ ਜੀ' ਵਿਚ ਦਿੱਤਾ ਹੈ, ਇਸ ਲਈ ਕੋਈ ਸਪਲੀਮੈਂਟਰੀ ਨਹੀਂ ਹੈ ।

Government Primary School Bal Sudol in Dhar Block

*850. **Master Mohan Lal** : Will the Chief Minister be pleased to state :—

(a) whether it is a fact that there is no teacher in the Government Primary School, Bal-Sudol in Dhar Block of Pathankot Sub Division for the last six months; if so the reasons therefor;

(b) the number of such schools in the Pathankot Sub-Division without any teacher at present ;

(c) the steps proposed to be taken to provide teachers in the said Schools ?

Sardar Prem Singh Chandumajra (Co-operation Minister) : (a) No Sir.

(b) Nil.

(c) Question does not arise.

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ. ਮੈਂ ਇਕ ਬੜਾ ਸਪੈਸੇਫਿਕ ਕੁਐਸਚਨ ਕੀਤਾ ਸੀ ਪ੍ਰਾਇਮਰੀ ਸਕੂਲ, ਬਾਲਸੁਡੋਲ, ਧਾਰ ਬਲਾਕ, ਵਿਚ ਪਿਛਲੇ 6 ਮਹੀਨਿਆਂ ਤੋਂ ਕੋਈ ਟੀਚਰ ਨਹੀਂ ਗਿਆ । ਇਨ੍ਹਾਂ ਨੇ ਜਵਾਬ ਦਿੱਤਾ 'ਨਹੀਂ ਜੀ' ਉਥੇ ਇੱਕ ਪਿੰਡ ਦਾ ਮੁੰਡਾ 200 ਰੁਪਏ ਮਹੀਨਾ ਆਪਣੇ ਕੋਲੋਂ ਤਨਖਾਹ ਦੇ ਕੇ ਰਖਿਆ ਹੋਇਆ ਹੈ ਪਰ ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ 'ਨਹੀਂ ਜੀ'। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਦੋਵਾਂ ਵਿਚੋਂ ਕਿਹੜੀ ਗਲ ਠੀਕ ਹੈ ?

ਸਹਿਕਾਰਤਾ ਮੰਤਰੀ : ਇਨ੍ਹਾਂ ਨੇ ਕਿਹਾ ਕਿ ਕੀ ਕੋਈ ਪ੍ਰਾਇਮਰੀ ਸਕੂਲ, ਬਾਲ ਸੁਡੋਲ ਹੈ ਜਿਥੇ ਕੋਈ ਟੀਚਰ ਨਹੀਂ ਹੈ, ਮੈਂ ਜਵਾਬ ਦਿੱਤਾ ਹੈ ਹੈਡ ਟੀਚਰ ਹੈ । ਇਸ ਕਰਕੇ ਬਿਨਾ ਟੀਚਰ ਤੋਂ ਸਕੂਲ ਨਹੀਂ ਹੈ । ਜੇ.ਬੀ.ਟੀ. ਟੀਚਰ ਦੀ ਪੋਸਟ ਖਾਲੀ ਪਈ ਹੈ । ਇਹ ਆਉਣ ਵਾਲੇ ਸਮੇਂ ਵਿਚ ਭਰਾਂਗੇ ਨਵੀਂ ਰਿਕਰੂਟਮੈਂਟ ਕਰਕੇ ਜਾਂ ਬਦਲੀਆਂ ਰਾਹੀਂ ।

Master Mohan Lal : This is a misleading statement. ਇਹ ਬੜੀ ਇੰਪਾਰਟੈਂਟ ਗਲ ਹੈ । ਇਸ ਲਈ ਮੈਂ, ਸਪੀਕਰ ਸਾਹਿਬ, ਤੁਹਾਡੀ ਪ੍ਰੋਟੈਕਸ਼ਨ ਚਾਹੁੰਦਾ ਹਾਂ । ਉਸ ਸਕੂਲ ਵਿਚ ਜਿਥੇ ਮੈਂ ਮੈਨਸ਼ਨ ਕੀਤਾ ਹੈ ਬਾਲ ਸੁਡੋਲ ਪ੍ਰਾਇਮਰੀ ਸਕੂਲ, ਧਾਰ ਬਲਾਕ, ਉਥੇ ਪਿਛਲੇ ਛੇ ਮਹੀਨਿਆਂ ਤੇ ਕੋਈ ਮੁੰਡਾ 200 ਰੁਪਏ ਮਹੀਨਾ ਤੇ ਰਖਿਆ ਹੋਇਆ ਹੈ । ਮੈਂ ਉਸ ਪਾਰਟੀਕੁਲਰ ਸਕੂਲ ਬਾਰੇ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਡੀ. ਈ. ਓ. ਜਾਂ ਡੀ. ਪੀ.ਆਈ. ਤੋਂ ਕਨਫਰਮ ਕਰ ਲਿਆ ਹੈ ਕਿ ਇਹ ਠੀਕ ਹੈ ਜੋ ਇਹ ਕਹਿ ਰਹੇ ਹਨ ?

ਮੰਤਰੀ : ਪਤਾ ਕਰ ਲਵਾਂਗੇ ।

ਸ਼੍ਰੀ ਸਪੀਕਰ : ਜਿਹੜੀ ਇਨ੍ਹਾਂ ਦੀ ਸ਼ਿਕਾਇਤ ਹੈ ਇਹ ਧਿਆਨ ਦੇਣ ਵਾਲੀ ਹੈ । ਸਕੂਲ ਵਿਚ ਕੋਈ ਟੀਚਰ ਨਹੀਂ ਹੈ ਜੋ ਕਿ ਐਮ.ਐਲ.ਏ. ਸ਼ਾਹਿਬ ਕਹਿ ਰਹੇ ਹਨ । ਇਸ ਬਾਰੇ ਤਫਤੀਸ਼ ਕਰ ਲੈਣੀ ਚਾਹੀਦੀ ਹੈ ।

ਜੋ ਟੀਚਰਾਂ ਦੀ ਘਾਟ ਹੈ, ਉਸ ਨੂੰ ਪੂਰਾ ਕਰਨਾ ਚਾਹੀਦਾ ਹੈ ।

Original with;
Punjab Vidhan Sabha
Digitized by;
Panjab Digital Library

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਜਿਨ੍ਹਾਂ ਅਫਸਰਾਂ ਨੇ ਇਨ੍ਹਾਂ ਨੂੰ ਗਲਤ ਇਨਫਰਮੇਸ਼ਨ ਦਿਤੀ ਹੈ ਕਿ ਉਨ੍ਹਾਂ ਦੇ ਬਰਖਿਲਾਫ ਐਕਸ਼ਨ ਲਿਆ ਜਾਵੇਗਾ ?

ਸ੍ਰੀ ਸਪੀਕਰ : ਇਹ ਤਾਂ ਇਨਕੁਆਇਰੀ ਕਰਕੇ ਹੀ ਕੀਤਾ ਜਾ ਸਕਦਾ ਹੈ । ਜੇ ਟੀਚਰ ਨਹੀਂ ਤਾਂ ਟੀਚਰ ਦੇਣੇ ਚਾਹੀਦੇ ਹਨ । ਮਾਸਟਰ ਜੀ, ਤੁਸੀਂ ਠੀਕ ਹੀ ਕਹਿੰਦੇ ਹੋਵੋਗੇ।

Master Mohan Lal : Thank you, Sir.

ਸਰਦਾਰ ਹਰਦਿਆਲ ਸਿੰਘ ਰਾਜਲਾ : ਸਪੀਕਰ ਸਾਹਿਬ, ਜਿਨ੍ਹਾਂ ਹੋਰ ਪ੍ਰਾਇਮਰੀ ਸਕੂਲਾਂ ਵਿਚ ਟੀਚਰ ਨਹੀਂ ਹਨ ਉਥੇ ਵੀ ਪ੍ਰਬੰਧ ਕੀਤਾ ਜਾਣਾ ਚਹੀਦਾ ਹੈ ।

ਸ੍ਰੀ ਸਪੀਕਰ : ਜੇ ਨੋਟਿਸ ਵਿਚ ਲਿਆਉਗੇ ਤਾਂ ਹੀ ਪ੍ਰਬੰਧ ਕੀਤਾ ਜਾਵੇਗਾ।

ਸਰਦਾਰ ਹਰਦਿਆਲ ਸਿੰਘ ਰਾਜਲਾ : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਬੁਰੀ ਹਾਲਤ ਹੈ।

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੱਸਿਆ ਹੈ, ਸਾਡੀ ਸਰਕਾਰ ਦੀ ਨੀਤੀ ਹੈ ਕਿ ਜਿਹੜੇ ਥਾਵਾਂ ਤੇ ਪੋਸਟਾਂ ਖਾਲੀ ਪਈਆਂ ਹਨ, ਰੀਕਰੂਟਮੈਂਟ ਕਰਕੇ ਉਹ ਸਾਰੀਆਂ ਭਰੀਆਂ ਜਾਣ ਤਾਕਿ ਕੋਈ ਐਸਾ ਸਕੂਲ ਨਾ ਰਹੇ ਜਿਥੇ ਪੋਸਟ ਖਾਲੀ ਰਹਿ ਜਾਵੇ ।

ਸ੍ਰੀ ਸਪੀਕਰ : ਅੱਜ ਇਸ ਸੈਸ਼ਨ ਦੀ ਸ਼ਾਇਦ ਆਖ਼ਿਰੀ ਮੀਟਿੰਗ ਹੋਵੇਗੀ। ਮੈਂ ਇਸ ਸਦਨ ਦੇ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਨੂੰ ਮੁਬਾਰਕਬਾਦ ਦਿਆਂਗਾ। ਅੱਜ ਦੀ ਕੁਐਸਚਨ ਲਿਸਟ ਤੇ ਜਿੰਨੇ ਕੁਐਸਚਨ ਸਨ ਉਹ ਕੁਐਸਚਨ ਆਵਰ ਦੇ ਵਿਚ ਹੀ ਸਾਰੇ ਖਤਮ ਹੋ ਗਏ ਹਨ । ਇਸ ਸੈਸ਼ਨ ਵਿਚ ਸਾਰੇ ਮੈਂਬਰ ਸਾਹਿਬਾਨ ਨੇ ਬੜੀ ਕੋਆਪਰੇਸ਼ਨ ਦਿਤੀ ਹੈ, ਉਸ ਦੇ ਲਈ ਮੈਂ ਸਾਰਿਆਂ ਦਾ ਬੜਾ ਹੀ ਧੰਨਵਾਦੀ ਹਾਂ । (ਥੰਪਿੰਗ) ਖਾਸ ਕਰਕੇ ਅੱਜ ਪਹਿਲੀ ਅਪਰੈਲ ਹੈ (ਹਾਸਾ) It is a very wonderful and interesting day. ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਵਧਾਈ ਦਿੰਦਾ ਹਾਂ ।

ਡਾਕਟਰ ਕੇਵਲ ਕ੍ਰਿਸ਼ਨ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਬੜੀ ਖੁਸ਼ ਅਸਲੂਬੀ ਨਾਲ ਇਹ ਸੈਸ਼ਨ ਹੋਇਆ ਹੈ। ਅਸੀਂ ਵੀ ਤੁਹਾਡੇ ਅਭਾਰੀ ਹਾਂ ਕਿ ਤੁਸੀਂ ਸਭ ਨੂੰ ਮੌਕਾ ਦਿਤਾ । ਸਪੀਕਰ ਸਾਹਿਬ, ਮੈਂ ਪਾਰਲੀਮੈਂਟਰੀ ਡੈਮੋਕਰੇਸੀ ਦੀਆਂ ਹਾਈ ਟਰੈਡੀਸ਼ਨਜ਼ ਦੇ ਮੁਤਾਬਿਕ ਇਕ ਗਲ ਕਹਿਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਜਿਸ ਵੇਲੇ ਕਈ ਮਨਿਸਟਰ ਦਾ ਸੰਨ ਕਿਸੇ ਟੈਰੋਟਿਸਟ ਐਕਟਿਵਿਟੀਜ਼ ਵਿਚ ਇਨਵਾਲਵ ਹੋ ਜਾਏ ਅਤੇ ਉਸ ਗੱਲ ਨੂੰ ਚੀਫ ਮਨਿਸਟਰ ਆਪ ਮੰਨਣ, ਕੇਸ ਚਲ ਰਿਹਾ ਹੋਵੇ, ਤਾਂ ਟਰੈਡੀਸ਼ਨਜ਼ ਡੀਮਾਂਡ ਕਰਦੀਆਂ ਹਨ ਕਿ ਉਹ ਮਨਿਸਟਰ ਆਪ ਰੀਜ਼ਾਈਨ ਕਰ ਦੇਣ ਜਿੰਨੀ ਦੇਰ ਉਹ ਬਰੀ ਨਾ ਹੋ ਜਾਵੇ ਜਾਂ ਚੀਫ਼ ਮਨਿਸਟਰ ਸਾਹਿਬ ਉਨ੍ਹਾਂ ਨੂੰ ਆਪ ਅਲੱਗ ਕਰ ਦੇਣ। ਸਪੀਕਰ ਸਾਹਿਬ, ਮੈਂ ਇਸ ਗੱਲ ਦੀ ਮੰਗ ਕਰਦਾ ਹਾਂ, ਨਹੀਂ ਤਾਂ ਇਹ ਜਿਹੜੀਆਂ ਪਾਰਲੀਮੈਂਟਰੀ ਟਰੈਡੀਸ਼ਨਜ਼ ਹਨ ਉਹ ਪੈਰਾਂ ਥੱਲੇ ਰੁਲ ਜਾਣਗੀਆਂ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਮੈਂ, ਸਪੀਕਰ ਸਾਹਿਬ, ਕੱਲ ਉਨ੍ਹਾਂ ਫੈਕਟਸ ਤੇ ਸਟੇਟਮੈਂਟ ਦਿੱਤੀ ਸੀ। ਮੈਂ ਉਸ ਦੇ ਵਿਚ ਕੱਲ ਐਡ ਵੀ ਕਰਨਾ ਚਾਹੁੰਦਾ ਸੀ ਸੋ ਹੁਣ ਕਿਉਂਕਿ ਇਨ੍ਹਾਂ ਨੇ ਸਵਾਲ ਉਠਾਇਆ ਹੈ ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਹਰਪ੍ਰੀਤ ਸਿੰਘ

Original with;
Punjab Vidhan Sabha
Digitized by;
Panjab Digital Library

ਇਸ ਸਦਨ ਦੇ ਮੈਂਬਰ, ਐਮ.ਐਲ.ਏ. ਰਹੇ ਹਨ। ਉਹ ਬੜੀ ਦੇਰ ਤੋਂ ਇਨ੍ਹਾਂ ਨਾਲੋਂ ਵੱਖ ਹੈ। ਉਹ ਆਪਣੇ ਪਿਤਾ ਸਾਈਆਂਵਾਲਾ ਨਾਲੋਂ ਕਾਫ਼ੀ ਦੇਰ ਤੋਂ ਅੱਡ ਹੈ। ਇਨ੍ਹਾਂ ਦਾ ਇਕ ਹੋਰ ਲੜਕਾ ਵੀ ਹੈ। ਇਕ ਹੋਰ ਲੜਕੇ ਦੀ ਡੈਥ ਹੋ ਗਈ ਹੈ ਜਿਸ ਦੀ ਵਿਡੋ ਦਾ ਰਿਵਾਲਵਰ ਉਸ ਪਾਸ ਸੀ, ਯਾਨੀ ਉਸ ਦੀ ਭਰਜਾਈ ਦਾ। ਇਕ ਹੋਰ ਲੜਕਾ ਜਿਹੜਾ ਵੱਖ ਰਹਿੰਦਾ ਹੈ ਜਿਸ ਦੇ ਉਤੇ ਐਕਸਟਰੀ-ਮਿਸਟਸ ਨੇ ਅਟੈਕ ਕੀਤਾ, ਉਹ ਆਪਣੇ ਫਾਰਮ ਨੂੰ ਜਾ ਰਿਹਾ ਸੀ ਜਿਸ ਵੇਲੇ ਐਕਸਟਰੀਮਿਸਟਸ ਨੇ ਹਮਲਾ ਕੀਤਾ, ਉਹ ਕਾਰ ਵਿਚੋਂ ਨਿਕਲ ਕੇ ਪਾਸੇ ਹੋ ਗਿਆ। 15 ਗੋਲੀਆਂ ਲੱਗੀਆਂ ਪਰ ਉਹ ਬੱਚ ਗਿਆ। ਇਨ੍ਹਾਂ ਦਾ ਕਿਸੇ ਕਿਸਮ ਦਾ ਇਸ ਨਾਲ ਤੁਅੱਲਕ ਨਹੀਂ।

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ (ਬੈਠੇ ਬੈਠੇ) : 15 ਗੋਲੀਆਂ ਲੱਗਣ ਨਾਲ ਉਹ ਕਿਸ ਤਰ੍ਹਾਂ ਬੱਚ ਗਿਆ ?

ਮੁੱਖ ਮੰਤਰੀ : ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ 6 ਗੋਲੀਆਂ ਲੱਗਣ ਵਾਲੇ ਵੀ ਬੱਚ ਗਏ ਹਨ। ਜੇ ਪ੍ਰਮਾਤਮਾ ਕਿਸੇ ਨੂੰ ਬਚਾਉਣਾ ਚਾਹੇ ਤਾਂ ਉਹ ਬੱਚ ਵੀ ਸਕਦਾ ਹੈ। ਐਸੇ ਵੀ ਆਦਮੀ ਹਨ ਜਿਨਾਂ ਦੇ 6–6 ਗੋਲੀਆਂ ਸਰੀਰ ਵਿਚ ਲੱਗੀਆਂ ਪਰ ਉਹ ਜੀਉਂਦੇ ਬੈਠੇ ਹਨ, ਉਹ ਸਾਡੇ ਵਰਕਰ ਹਨ। ਸਾਡੇ ਇਕ ਵਰਕਰ ਦੇ 5–6 ਗੋਲੀਆਂ ਲੱਗੀਆਂ ਪਰ ਪ੍ਰਮਾਤਮਾ ਨੇ ਉਨ੍ਹਾਂ ਨੂੰ ਬਚਾ ਲਿਆ। (ਸ੍ਰੀ ਡਿਪਟੀ ਸਪੀਕਰ (ਬੈਠੇ, ਬੈਠੇ): ਮੈਂ ਵੀ ਬੈਠਾ ਹਾਂ।) ਇਨ੍ਹਾਂ ਦੇ ਵੀ ਗੋਲੀਆਂ ਲਗੀਆਂ, ਇਹ ਵੀ ਬੈਠੇ ਹਨ। ਸੋ ਇਨ੍ਹਾਂ ਗੱਲਾਂ ਦਾ ਇਸ ਨਾਲ ਸਬੰਧ ਨਹੀਂ ਹੈ। ਇਸ ਕਰਕੇ ਉਨ੍ਹਾਂ ਵਾਸਤੇ ਅਸਤੀਫਾ ਦੇਣ ਦਾ ਜਾਂ ਮੇਰੇ ਵਾਸਤੇ ਅਸਤੀਫਾ ਮੰਗਣ ਦਾ ਓਕੇਜ਼ਨ ਨਹੀਂ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ** ** **

Minister of State for Food and Supplies : (Noise) This is no point of order.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਤੁਹਾਡੀ ਰੂਲਿੰਗ ਚਾਹੁੰਦਾ ਹਾਂ।

ਸ੍ਰੀ ਸਪੀਕਰ : ਜਿਸ ਇਸ਼ੂ ਤੇ ਤੁਸੀਂ ਗੱਲ ਕਰ ਰਹੇ ਸੀ, ਉਹ ਮੁਕੰਮਲ ਹੋ ਗਈ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ** ** **

Mr. Speaker : This is no point of order.

ਮੁੱਖ ਮੰਤਰੀ : ਸਪੀਕਰ ਸਾਹਿਬ, ਅੱਜ ਜਿਸ ਤਰ੍ਹਾਂ ਤੁਸੀਂ ਦੱਸਿਆ ਹੈ ਕਿ ਸਦਨ ਦਾ ਅਖ਼ੀਰਲਾ ਦਿਨ ਹੈ ਅਤੇ ਅੱਜ ਹਾਊਸ ਸਾਈਨੇ ਡਾਈ ਐਡਜਰਨ ਹੋ ਜਾਣਾ ਹੈ, ਤੁਸੀਂ ਸਦਨ ਦੇ ਮੈਂਬਰਜ਼ ਦੀ ਬੜੀ ਤਾਰੀਫ਼ ਕੀਤੀ ਹੈ ਕਿ ਹਾਊਸ ਦਾ ਉਨ੍ਹਾਂ ਨੇ ਬੜਾ ਡੈਕੋਰਮ ਰੱਖਿਆ ਹੈ। ਮੈਂ ਨਹੀਂ ਸੀ ਚਾਹੁੰਦਾ ਕਿ ਕੋਈ ਇਸ ਕਿਸਮ ਦੀ ਕੰਟਰੋਵਰਸੀ ਛੇੜਾਂ ਲੇਕਿਨ ਇਨ੍ਹਾਂ ਦਾ ਨਿਸ਼ਾਨਾ ਇਹੀ ਰਿਹਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਸਦਨ ਵਿੱਚ ਅਕਾਲ ਤਖ਼ਤ ਸਾਹਿਬ ਦਾ ਨਾਮ ਲਿਆਂਦਾ ਜਾਵੇ, ਉਸ ਪਵਿੱਤਰ ਨਾਮ ਨੂੰ ਵਰਤਣ ਦੀ ਇਨ੍ਹਾਂ ਵਲੋਂ ਵਾਰ ਵਾਰ ਕੋਸ਼ਿਸ਼ ਕੀਤੀ ਗਈ ਹੈ। ਇਹ ਅਕਾਲ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਤਖ਼ਤ ਸਾਹਿਬ ਦੇ ਨਾਮ ਦਾ ਸਹਾਰਾ ਲੈ ਕੇ ਬੋਲਦੇ ਹਨ, ਇਨ੍ਹਾਂ ਨੂੰ ਹੋਰ ਕਿਸੇ ਪਾਸੋਂ ਸਹਾਰਾ ਮਿਲਦਾ ਨਹੀਂ, ਵਾਰ ਵਾਰ ਉਸ ਪਵਿੱਤਰ ਨਾਮ ਨੂੰ ਇਥੇ ਵਰਤਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਕ ਮੈਂਬਰ ਦੀ ਚਿੱਠੀ ਦਾ ਜ਼ਿਕਰ ਕੀਤਾ ਹੈ ਕਿ ਉਨ੍ਹਾਂ ਦੀ ਤੁਹਾਨੂੰ ਕੋਈ ਚਿੱਠੀ ਆਈ ਹੈ, ਜਿਹੜੇ ਇਸ ਹਾਊਸ ਦੇ ਮੈਂਬਰ ਨਹੀਂ ਰਹੇ ਉਨ੍ਹਾਂ ਦੀ ਚਿੱਠੀ ਤੁਹਾਨੂੰ ਕੋਈ ਆਈ ਹੈ। ਇਹ ਵੀ ਇਥੇ ਕਿਹਾ ਗਿਆ ਹੈ ਕਿ ਅਕਾਲੀ ਦੱਲ ਵਿਚੋਂ ਕਿਸੇ ਹੁਕਮ ਨਾਲ ਕਢਿਆ ਜਾ ਸਕਦਾ ਹੈ ਅਤੇ ਅਕਾਲੀ ਦੱਲ ਦੇ ਵਿਧਾਨ ਦਾ ਜ਼ਿਕਰ ਕੀਤਾ ਹੈ। ਭਾਵੇਂ ਇਹ ਅਕਾਲੀ ਦੱਲ ਦੇ ਅਹੁਦੇਦਾਰ ਵੀ ਰਹੇ ਹਨ ਪਰ ਸ਼ਾਇਦ ਇਨ੍ਹਾਂ ਨੂੰ ਅਕਾਲੀ ਦੱਲ ਦੇ ਵਿਧਾਨ ਨੂੰ ਦੇਖਿਆ ਹੀ ਨਹੀਂ। ਅਕਾਲੀ ਦੱਲ ਦੇ ਵਿਧਾਨ ਵਿਚ ਕੋਈ ਐਸੀ ਗੱਲ ਨਹੀਂ ਹੈ, ਅਸੀਂ ਵਿਧਾਨ ਬਣਾਉਣ ਵਾਲਿਆਂ ਵਿਚੋਂ ਵੀ ਸੀ ਅਤੇ ਤਰਮੀਮ ਕਰਨ ਵਾਲਿਆਂ ਵਿਚੋਂ ਵੀ ਸੀ। ਇਨ੍ਹਾਂ ਨੇ ਸ਼ਾਇਦ ਅਕਾਲੀ ਦੱਲ ਦਾ ਵਿਧਾਨ ਪੜ੍ਹਿਆ ਹੀ ਨਹੀਂ। ਉਸ ਦੇ ਵਿੱਚ ਕੋਈ ਐਸੀ ਗੱਲ ਨਹੀਂ ਜਿਹੜਾ ਅਕਾਲੀ ਦਲ ਦੇ ਮੈਂਬਰ ਨੂੰ ਕਢਿਆ ਜਾ ਸਕਦਾ ਹੋਵੇ। ਇਹ ਆਪ ਰੋਜ਼ ਛੇੜਦੇ ਹਨ ਇਸ ਗਲ ਨੂੰ, ਅਕਾਲ ਤਖ਼ਤ ਦੇ ਪਵਿੱਤਰ ਨਾਮ ਨੂੰ ਇਸ ਹਾਊਸ ਵਿਚ ਲਿਆ ਲਿਆ ਕੇ ਮੈਂ ਸਮਝਦਾ ਹਾਂ ਕਿ ਨੀਂਵਾਂ ਕਰਨ ਦੇ ਯਤਨ ਕੀਤੇ ਹਨ। ਇਹ ਕੋਝੀ ਹਰਕਤ ਰਹੀ ਹੈ ਇਸ ਗਰੁਪ ਦੀ ਬਾਹਰ ਵੀ ਅਤੇ ਇਥੇ ਵੀ, ਮੈਂ ਸਮਝਦਾ ਹਾਂ ਕਿ ਅੱਜ ਦਾ ਦਿਨ ਨਹੀਂ ਸੀ ਇਸ ਕੰਟਰੋਵਰਸੀ ਨੂੰ ਛੇੜਨ ਦਾ ਇਸ ਕਰਕੇ ਮੈਨੂੰ ਇਹ ਚੰਦ ਸ਼ਬਦ ਕਹਿਣੇ ਪਏ।

(ਇਸ ਸਮੇਂ ਸਰਦਾਰ ਸੁਖਦੇਵ ਸਿੰਘ ਢੀਂਡਸਾ ਖੜੇ ਸਨ)

Master Mohan Lal : On a point of order, Sir.

Mr. Speaker: What is your point of order ? (Interruption).

He should first complete . He caught my eye first. (Noise). Naturally I called him. (Interruption by so many members including Mrs. Gurbrinder Kaur Brar). It is no way to complaint being the Leader of the Opposition.

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਸ ਸੈਸ਼ਨ ਦੇ ਸ਼ੁਰੂ ਵਿਚ ਮੈਂ ਸਟਾਰਡ ਕੁਐਸ਼ਚਨ ਨੰ. 282 ਲਿਫ਼ਟ ਇਰੀਗੇਸ਼ਨ ਸਕੀਮ ਦੇ ਸਬੰਧ ਵਿਚ ਕੀਤਾ ਸੀ ਅਤੇ ਮੰਤਰੀ ਸਾਹਿਬ ਨੇ 'ਹਾਂ ਜੀ' ਵਿਚ ਜਵਾਬ ਦਿੱਤਾ ਸੀ। ਮੰਤਰੀ ਸਾਹਿਬ ਨੇ ਮੇਰੀ ਕੰਸਟੀਚਿਊਐਂਸੀ ਵਿਚ 4 ਜਗ੍ਹਾ ਦਸੀਆਂ ਸਨ ਜਿਥੇ ਇਹ ਲਿਫ਼ਟ ਇਰੀਗੇਸ਼ਨ ਦੇਣੀ ਸੀ। My similar question was disallowed in the previous session on the ground that the Commitee on Government Assurances is ceased of the matter. ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਦੇ ਬਾਰੇ ਕਲੈਰੀਫ਼ਿਕੇਸ਼ਨ ਹੋ ਜਾਏਗੀ ਇਕੋ ਜਿਹੇ ਕੁਐਸਚਨ ਦਾ ਜਵਾਬ ਦੋ ਤਰ੍ਹਾਂ ਨਾਲ ਕਿਸ ਤਰ੍ਹਾਂ ਆ ਸਕਦਾ ਹੈ ?

ਦੂਸਰਾ ਸੁਆਲ ਮੇਰਾ ਗੁਰਦਾਸਪੁਰ ਜ਼ਿਲ੍ਹੇ ਬਾਰੇ ਹੈ। ਇਹ ਬੜਾ ਟੈਂਡਰ ਇਸ਼ੂ ਹੈ। (ਵਿਘਨ)

ਸ੍ਰੀ ਸਪੀਕਰ : ਮੈਂ ਇਕ ਪੁਆਇੰਟ ਆਫ਼ ਆਰਡਰ ਅਲਾਓ ਕੀਤਾ ਹੈ। Can you take the whole time of the House ? Please come to my Chamber. I will certainly satisfy you.

ਸਰਦਾਰਨੀ ਗੁਰਬਿੰਦਰ ਕੌਰ ਬਰਾੜ : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

Mr. Speaker : This is no point of order.

Mrs. Gurbrinder Kaur Brar : Is this no point of order ?

Mr. Speaker : This is no point of order. I again declare that this is no point of order. You can bring a substantive motion against the Minister.

'ਇਹ ਨਹੀਂ ਕਿ ਹਰ ਗਲ ਨੂੰ ਤੁਸੀਂ ਪੁਆਇੰਟ ਆਫ਼ ਆਰਡਰ ਬਣਾਈ ਜਾਓ। (ਵਿਘਨ) So I disallow. (Interruption) (Noise)

(ਇਸ ਵਕਤ ਕਾਂਗਰਸ (ਆਈ) ਬੈਂਚਾਂ ਦੇ ਬਹੁਤ ਸਾਰੇ ਮੈਂਬਰ ਸਾਹਿਬਾਨ ਖੜੇ ਹੋ ਕੇ ਬੋਲ ਰਹੇ ਸਨ ਪਰ ਸ਼ੋਰ ਕਰਕੇ ਸੁਣਾਈ ਨਹੀਂ ਸੀ ਦੇ ਰਿਹਾ* ** **)

ਸ੍ਰੀ ਸਪੀਕਰ : ਇਹ ਜੋ ਕੁਝ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਦਾ ਪਾਰਟ ਨਾ ਬਣੇ।

ਮਿਸਿਜ਼ ਬਰਾੜ, ਜੇ ਤੁਸੀਂ ਕੁਝ ਕਹਿਣਾ ਚਾਹੁੰਦੇ ਹੋ ਤਾਂ ਕਹੋ ਮੈਂ ਕਿਸੇ ਹੋਰ ਨੂੰ ਅਲਾਓ ਕਰ ਦਿਤਾ ਤਾਂ ਫਿਰ ਤੁਸੀਂ ਕਹਿਣਾ ਹੈ ਕਿ ਤੁਹਾਨੂੰ ਟਾਈਮ ਨਹੀਂ ਦਿੱਤਾ (ਵਿਘਨ) (ਸ਼ੋਰ)

Would you like to say something more ? I have given my ruling. This is no point of order,

Doctor Kewal Krishan : The Minister should be asked to clarify his position, (Interruption).

ਸ੍ਰੀ ਸਪੀਕਰ : ਜਿਹੜੇ ਸਾਰੇ ਸਜਣ ਖੜੇ ਹਨ, ਕਿਰਪਾ ਕਰਕੇ ਬੈਠਣ। (ਵਿਘਨ) Johar Sahib, please sit down. ਮੈਂ ਸਮਝਦਾ ਹਾਂ ਕਿ ਜਦੋਂ ਤੁਸੀਂ ਸੇਵਾ ਬਖਸ਼ੀ ਹੈ (ਵਿਘਨ) (ਸ਼ੋਰ) ਪੁਆਇੰਟ ਆਫ਼ ਆਰਡਰ ਉਸ ਸਮੇਂ ਉਠਾਇਆ ਗਿਆ ਅਤੇ ਉਸ ਦੇ ਉਤੇ ਰੂਲਿੰਗ ਦੇ ਦਿੱਤੀ ਗਈ ਹੈ। ਤੁਸੀਂ ਉਸ ਤੇ ਸੰਤੁਸ਼ਟ ਹੋਵੋ ਜਾਂ ਨਾ ਹੋਵੋ। ਮੈਂ ਸਮਝਦਾ ਹਾਂ ਕਿ ਇਹ ਬਿਲਕੁਲ ਪਾਰਲੀਮੈਂਟਰੀ ਰੂਲਜ਼ ਦੇ ਅਗੇਂਸਟ ਹੈ। ਜਿਹੜਾ ਪੁਆਇੰਟ ਆਫ਼ ਆਰਡਰ ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਵੀ ਰੇਜ਼ ਕੀਤਾ ਹੈ ਮੈਨੂੰ point of order ਕਹਿਣਾ ਪਿਆ ਹੈ। ਜੇ ਇਥੇ ਰੂਲਜ਼ ਦੇ ਮੁਤਾਬਕ ਹੀ ਬੋਲਿਆ ਜਾਵੇ ਤਾਂ ਠੀਕ ਹੈ। But that amounts to no point of order. If any hon,ble member wants to speak, I will certainly allow him to speak on any point of order.

ਔਰ ਜੇ ਇਥੇ ਇਸੇ ਤਰ੍ਹਾਂ ਰੌਲਾ ਪੈਂਦਾ ਰਿਹਾ ਤਾਂ this is not proper. ਇਸ ਲਈ ਮੇਰੀ ਬੇਨਤੀ ਹੈ ਸਾਰੇ ਮੈਂਬਰ ਸਾਹਿਬਾਨ ਨੂੰ ਕਿ ਵੱਧ ਤੋਂ ਵੱਧ ਹਾਊਸ ਦਾ ਡੈਕੋਰਮ ਮੇਨਟੇਨ ਕਰਨ ਵਿਚ ਸਹਾਇਤਾ ਦੇਣ।

ਸਰਦਾਰ ਹਰਦਿਆਲ ਸਿੰਘ ਰਾਜਲਾ : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਤੁਸੀਂ ਬੈਠੋ। ਇਹ ਤਾਂ ਜਨਰਲ ਐਡਮਨਿਸਟਰੇਸ਼ਨ ਦੇ ਬਹਿਸ ਦੇ ਵੇਲੇ ਕਿਹਾ ਜਾ ਸਕਦਾ ਸੀ ਉਸ ਵੇਲੇ ਇਹ ਮਸਲਾ ਨਹੀਂ ਉਠਾਇਆ। **This is no point of order.**

Shri Harnam Dass Johar, Advocate: On a point of order.

Mr. Speaker : I have taken notice of you. You will get time.

PERSONAL EXPLANATION BY SARDAR SUKHDEV SINGH DHINDSA

ਸਰਦਾਰ ਸੁਖਦੇਵ ਸਿੰਘ ਢੀਂਡਸਾ : ਪਰਸਨਲ ਐਕਸਪਲੇਨੇਸ਼ਨ; ਸਰ।

ਸ਼੍ਰੀ ਸਪੀਕਰ : ਪਰਸਨਲ ਐਕਸਪਲੇਨੇਸ਼ਨ ਤਾਂ ਮੈਂ ਅਲਾਓ ਨਹੀਂ ਕੀਤੀ। ਤੁਸੀਂ ਪਹਿਲੇ ਮੈਨੂੰ ਦਸੋ ਕਿ on which point you want to give personal explanation ?

ਸਰਦਾਰ ਸੁਖਦੇਵ ਸਿੰਘ ਢੀਂਡਸਾ : ਇਥੇ ਇਹ ਕਿਹਾ ਗਿਆ ਸੀ ਕਿ ਇਸ ਮੈਂਬਰ ਨੇ ਤਾਂ ਅਕਾਲੀ ਦਲ ਦਾ ਵਿਧਾਨ ਨਹੀਂ ਪੜ੍ਹਿਆ। ਮੈਂ ਤੁਹਾਡੇ ਰਾਹੀਂ ਇਹ ਕਹਾਂਗਾ ਕਿ ਉਸ ਵਿਧਾਨ ਵਿਚ ਲਿਖਿਆ ਹੋਇਆ ਹੈ ਕਿ ਇਕ ਨਾਨ-ਸਿੱਖ ਐਸੋਸੀਏਟ ਤਾਂ ਬਣ ਸਕਦਾ ਹੈ ਪਰ ਉਹ ਮੈਂਬਰ ਨਹੀਂ ਬਣ ਸਕਦਾ। ਫਿਰ ਇਕ ਪੰਥ ਦਾ ਛੇਕਿਆ ਹੋਇਆ ਇਸ ਦਾ ਮੈਂਬਰ ਕਿਵੇਂ ਬਣ ਸਕਦਾ ਹੈ ?(ਵਿਘਨ)

ਡਾਕਟਰ ਕੇਵਲ ਕਿਸ਼ਨ : ** ** **

ਸ਼੍ਰੀ ਸਪੀਕਰ : **That does not amount to Point of Order.** ਅਗਰ ਸਾਈਆਂਵਾਲਾ ਸਾਹਿਬ ਕੁਝ ਕਹਿਣਾ ਚਾਹੁੰਣ ਤਾਂ he is welcome.

PERSONAL EXPLANATION BY MINISTER OF STATE FOR LOCAL SELF GOVERNMENT

ਰਾਜ ਮੰਤਰੀ, ਸਥਾਨਕ ਸਰਕਾਰ (ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ) : ਮੈਂ ਇਹ ਦਸ ਦੇਣਾ ਚਾਹੁੰਦਾ ਹਾਂ ਕਿ ਮੇਰਾ ਲੜਕਾ ਮੇਰੇ ਤੇ ਅਲਹਿਦਾ ਰਹਿੰਦਾ ਹੈ। ਮੈਂ ਸੀ.ਐਮ. ਸਾਹਿਬ ਨੂੰ ਪਹਿਲਾਂ ਵੀ ਅਰਜ਼ ਕੀਤੀ ਸੀ ਕਿ ਬੇਸ਼ਕ ਹਾਈਕੋਰਟ ਦੇ ਕਿਸੇ ਰਿਟਾਇਰਡ ਜੱਜ ਕੋਲੋਂ ਇਨ-ਕੁਆਇਰੀ ਕਰਵਾ ਲਈ ਜਾਵੇ ਅਤੇ ਗੁਨਾਹਗਾਰਾਂ ਨੂੰ ਸਜ਼ਾ ਦਿੱਤੀ ਜਾਵੇ। ਮੈਂ ਅੱਜ ਵੀ ਇਹ ਕਹਿੰਦਾ ਹਾਂ ਕਿ ਹਰਪ੍ਰੀਤ ਸਿੰਘ ਕਸੂਰਵਾਰ ਨਹੀਂ ਹੈ ਅਤੇ ਉਸ ਉਤੇ ਬਣਾਏ ਗਏ ਕੇਸ ਝੂਠੇ ਹਨ। ਮੈਂ ਫਿਰ ਦੁਹਰਾਉਂਦਾ ਹਾਂ ਕਿ ਸੀ.ਐਮ. ਸਾਹਿਬ ਬੇਸ਼ਕ ਜਾਂਚ ਕਰਾ ਲੈਣ। (ਥੰਪਿੰਗ)

Mr. Speaker : Call Attention Notices. Sardar Parkash Singh Gardhiwala to please read his Call Attention Motion.

Voices : ** ** **

Mr. Speaker : Whatever is being said without my permission that will not form part of the record.

**Expunged as ordered by the Chair.

Original with;
Punjab Vidhan Sabha
Digitized by;
Panjab Digital Library

CALL ATTENTION NOTICES UNDER RULE 66

(ਕ੍ਰਮ ਨੰ: 94)

ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਸਾਲ 1985 ਦੇ ਦੌਰਾਨ ਬਹੁਤ ਭਾਰੀ ਬਾਰਸ਼ਾਂ ਦੇ ਕਾਰਨ ਤਹਿਸੀਲ ਦਸੂਹਾ ਅਤੇ ਹੁਸ਼ਿਆਰਪੁਰ ਦੇ ਪਿੰਡਾਂ ਵਿਚ ਬਹੁਤ ਮਕਾਨ ਅਤੇ ਫਸਲਾਂ ਤਬਾਹ ਹੋ ਗਏ ਸਨ। ਸਰਕਾਰ ਨੇ ਨੁਕਸਾਨ ਦਾ ਅੰਦਾਜ਼ਾ ਲਗਵਾ ਕੇ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਉਨ੍ਹਾਂ ਤੋਂ ਅਗਾਊ ਰਸੀਦਾਂ (Pre-receipts) ਲੈ ਲਈਆਂ ਸਨ ਪਰ ਉਨ੍ਹਾਂ ਗਰੀਬ ਲੋਕਾਂ ਨੂੰ ਮੁਆਵਜ਼ਾ ਇਸ ਕਰਕੇ ਨਹੀਂ ਸੀ ਮਿਲ ਸਕਿਆ ਕਿ ਸਰਕਾਰ ਕੋਲ ਫੰਡ ਖ਼ਤਮ ਹੋ ਗਏ ਸਨ। ਇਸ ਉਪਰੰਤ ਮਾਲ ਮੰਤਰੀ ਸਾਹਿਬ ਨੇ ਹੁਸ਼ਿਆਰਪੁਰ ਵਿਖੇ ਇਕ ਪਬਲਿਕ ਜਲਸੇ ਨੂੰ ਸੰਬੋਧਨ ਕਰਦਿਆਂ ਹੋਇਆਂ ਲੋਕਾਂ ਨੂੰ ਯਕੀਨ ਦੁਆਇਆ ਸੀ ਲੋਕਾਂ ਨੂੰ ਮੁਆਵਜ਼ਾ ਜ਼ਰੂਰ ਦਿੱਤਾ ਜਾਵੇਗਾ ਅਤੇ ਇਸ ਲਈ ਸਰਕਾਰ ਦੋ ਕਰੋੜ ਰੁਪਏ ਦੀ ਰਕਮ ਦੇਵੇਗੀ। ਪਰ ਅਜੇ ਤਕ ਇਹ ਮੁਆਵਜ਼ਾ ਨਹੀਂ ਦਿੱਤਾ ਗਿਆ। ਹਲਕਾ ਗੜ੍ਹਦੀਵਾਲਾ ਦੇ ਲਗਭਗ 75 ਪਿੰਡ ਪ੍ਰਭਾਵਿਤ ਹਨ। ਇਸ ਗੱਲ ਦਾ ਲੋਕਾਂ ਵਿਚ ਬਹੁਤ ਰੋਸ ਹੈ। ਕ੍ਰਿਪਾ ਕਰਕੇ ਮਾਲ ਮੰਤਰੀ ਜੀ ਇਸ ਸਬੰਧ ਵਿਚ ਸਦਨ ਵਿਚ ਬਿਆਨ ਦੇਣ।

ਮਾਲ ਮੰਤਰੀ (ਸਰਦਾਰ ਮੇਜਰ ਸਿੰਘ ਉਬੋਕੇ) : ਸਪੀਕਰ ਸਾਹਿਬ, ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਤੋਂ ਹੁਣ ਪ੍ਰਾਪਤ ਹੋਈ ਰਿਪੋਰਟ ਅਨੁਸਾਰ 1985 ਵਿੱਚ ਭਾਰੀ ਬਾਰਸ਼ਾਂ ਹੜ੍ਹਾਂ ਕਾਰਨ ਹੁਸ਼ਿਆਰਪੁਰ ਅਤੇ ਦਸੂਹਾ ਤਹਿਸੀਲਾਂ ਵਿੱਚ 946 ਪਿੰਡ ਪ੍ਰਭਾਵਿਤ ਹੋਏ ਸਨ। ਇਸ ਤੋਂ ਇਲਾਵਾ ਜ਼ਿਲ੍ਹੇ ਦੇ 142 ਹੋਰ ਪਿੰਡ ਵੀ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਸਨ। ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੇ ਪ੍ਰਭਾਵਿਤ ਲੋਕਾਂ ਨੂੰ ਰਾਹਤ ਵੰਡਣ ਲਈ 8,43,83,613 ਰੁਪਏ ਦੀ ਮੰਗ 7 ਜਨਵਰੀ, 1986 ਤੱਕ ਦੋ ਕਿਸ਼ਤਾਂ ਵਿੱਚ ਭੇਜੀ ਸੀ। ਇਸ ਮੰਗ ਦੇ ਖਿਲਾਫ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ 25 ਫਰਵਰੀ, 1986 ਤੱਕ 62,969,867 ਰੁਪਏ ਅਲਾਟ ਕੀਤੇ ਗਏ ਸਨ ਅਤੇ ਇਸ ਰਕਮ ਦੀ ਵੰਡ 31 ਮਾਰਚ, 1986 ਤੱਕ ਮੁਕੰਮਲ ਹੋ ਗਈ ਸੀ। ਉਪਰੋਕਤ ਰਕਮ ਵਿਚੋਂ ਹੁਸ਼ਿਆਰਪੁਰ ਅਤੇ ਦਸੂਹਾ ਤਹਿਸੀਲ ਵਿਚ ਵੰਡੀ ਗਈ ਰਕਮ ਕਰਮਵਾਰ 32,995,953 ਰੁਪਏ ਅਤੇ 2,25,68,452 ਰੁਪਏ ਹੈ। ਡਿਪਟੀ ਕਮਿਨਸ਼ਰ ਨੂੰ 4 ਮਾਰਚ, 1986 ਨੂੰ ਇਹ ਸੂਚਿਤ ਕਰਨ ਲਈ ਕਿਹਾ ਗਿਆ ਸੀ ਕਿ ਕੀ ਉਸ ਨੂੰ ਹੋਰ ਫੰਡ ਚਾਹੀਦੇ ਹਨ ਅਤੇ ਕੀ ਪਹਿਲਾਂ ਅਲਾਟ ਕੀਤੀ ਰਕਮ ਵਾਪਸ ਕਰਨ ਦੀ ਸੰਭਾਵਨਾ ਹੈ। ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੇ ਆਪਣੇ 6 ਮਾਰਚ, 1986 ਦੇ ਜਵਾਬ ਰਾਹੀਂ ਸੂਚਿਤ ਕੀਤਾ ਕਿ ਕੋਈ ਫੰਡ ਵਾਪਸ ਨਹੀਂ ਕਰਨੇ ਹਨ। ਪਰ ਹੋਰ ਫੰਡਾਂ ਦੀ ਮੰਗ ਬਾਰੇ ਕੁਝ ਨਹੀਂ ਦਸਿਆ। ਇਸ ਬਾਰੇ ਵਿੱਤੀ ਸਾਲ ਦੌਰਾਨ ਡਿਪਟੀ ਕਮਿਸ਼ਨਰ ਨੇ ਵਾਧੂ ਫੰਡਾਂ ਦੀ ਮੰਗ ਵੀ ਨਹੀਂ ਕੀਤੀ। ਧਿਆਨ ਦਿਵਾਊ ਨੋਟਿਸ ਪ੍ਰਾਪਤ ਹੋਣ ਤੋਂ ਬਾਅਦ ਹੀ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੇ ਦਸਿਆ ਹੈ ਕਿ 1985 ਦੇ ਹੜ੍ਹਾਂ ਦੇ ਨਾਲ ਪ੍ਰਭਾਵਿਤ ਹੋਏ ਵਿਅਕਤੀਆਂ ਦੇ ਕਲੇਮ ਨੂੰ ਪੂਰਾ ਕਰਨ ਲਈ 2,14,13,746 ਰੁਪਏ ਹੋਰ ਦੀ ਜ਼ਰੂਰਤ ਹੈ।

ਜਦੋਂ ਕਿ ਹੁਣ ਸਰਕਾਰ 1985 ਦੇ ਹੜ੍ਹਾਂ ਨਾਲ ਪ੍ਰਭਾਵਿਤ ਵਿਅਕਤੀਆਂ ਨੂੰ ਰਾਹਤ ਦੀ ਅਦਾਇਗੀ ਕਰਨ ਲਈ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਲੋੜੀਂਦੀ ਰਕਮ ਦੇਵੇਗੀ, ਕਮਿਸ਼ਨਰ ਜਲੰਧਰ ਡਿਵੀਜ਼ਨ ਰਾਹੀਂ ਸਰਕਾਰ ਪਾਸੋਂ ਫੰਡ ਪ੍ਰਾਪਤ ਕਰਨ ਲਈ ਦੇਰੀ ਦੇ ਕਾਰਨਾਂ ਸਬੰਧੀ ਅਤੇ ਸਮੇਂ ਸਿਰ ਅਦਾਇਗੀ ਨਾ ਕਰਨ ਸਬੰਧੀ ਪੜਤਾਲ ਕਰਵਾਈ ਜਾਵੇਗੀ।

Original with;
Punjab Vidhan Sabha
Digitized by;
Panjab Digital Library

ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 1985 ਵਿਚ ਜਿਨ੍ਹਾਂ ਦਾ ਨੁਕਸਾਨ ਹੋਇਆ ਸੀ, ਉਨ੍ਹਾਂ ਨੂੰ ਮੁਆਵਜ਼ਾ ਦੇਣ ਦਾ ਫੈਸਲਾ ਹੋਇਆ ਸੀ। ਨੰਬਰ 2, ਸਪੀਕਰ ਸਾਹਿਬ, ਇਨ੍ਹਾਂ ਨੇ ਕਮਿਸ਼ਨਰ ਜਲੰਧਰ ਨੂੰ ਇਸ ਦੀ ਪੜਤਾਲ ਕਰਾਉਣ ਦਾ ਆਦੇਸ਼ ਦਿੱਤਾ ਸੀ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਰਕਮ ਜੋ ਵੰਡੀ ਜਾਣੀ ਹੈ, ਇਹ ਮਕਾਨਾਂ ਦੇ ਖਰਾਬੇ ਦੀ ਹੈ ਜਾਂ ਫਸਲਾਂ ਦੇ ਖਰਾਬੇ ਦੀ ਹੈ ? ਦੂਜਾ ਸਪੀਕਰ ਸਾਹਿਬ, ਇਹ ਰਕਮ ਕਿੰਨੀ ਦੇਰ ਵਿੱਚ ਲੋਕਾਂ ਵਿੱਚ ਵੰਡੀ ਜਾਵੇਗੀ ਤੇ ਕੀ ਇਸ ਦੀ ਸਹੀ ਵੰਡ ਕਰਨ ਲਈ ਇਹ ਕੋਈ ਚੰਗਾ ਉਪਰਾਲਾ ਕਰਨਗੇ ? ਤੀਜਾ ਸਪੀਕਰ ਸਾਹਿਬ, ਕੀ ਇਹ ਦੱਸਣਗੇ ਕਿ ਮਹਿਕਮਾ ਫਾਈਨਾਂਸ ਨੂੰ ਵੀ ਇਨ੍ਹਾਂ ਨੇ ਪੁਛ ਲਿਆ ਹੈ, ਤਾਂ ਕਿ ਜੋ ਰਕਮ ਇਨ੍ਹਾਂ ਨੇ ਦੱਸੀ ਹੈ, ਜੇ ਉਸ ਤੋਂ ਵੱਧ ਚਾਹੀਦੀ ਹੋਈ ਤਾਂ ਜਦੋਂ ਇਹ ਰਕਮ ਮੰਗਣਗੇ ਤਾਂ ਕੇਸ ਉਥੇ ਹੀ ਨਾ ਲਮਕਦਾ ਰਹੇ। ਚੌਥਾ, ਇਨ੍ਹਾਂ ਨੇ ਜੋ ਰਕਮ ਵੰਡਣੀ ਹੈ, ਉਸਦਾ ਜ਼ਿਕਰ ਕੀਤਾ ਹੈ। ਜੇ ਰਕਮ ਵੱਧ ਜਾਵੇ ਤਾਂ ਕੀ ਵਾਧੂ ਰਕਮ ਦੇਣ ਲਈ ਵੀ ਇਹ ਐਲਾਨ ਕਰਨਗੇ ?

ਸ੍ਰੀ ਸਪੀਕਰ : ਤੁਸੀਂ ਇਕ ਸਵਾਲ ਪੁੱਛ ਸਕਦੇ ਹੋ। ਇਹ ਤੁਸੀਂ ਚਾਰ ਸਵਾਲ ਪੁੱਛੇ ਹਨ।

ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ: ਸਪੀਕਰ ਸਾਹਿਬ, ਇਹ ਬੜਾ ਅਹਿਮ ਮਸਲਾ ਹੈ। 2 ਸਾਲ ਹੋ ਗਏ ਲੋਕਾਂ ਨੂੰ ਧੱਕੇ ਖਾਂਦਿਆਂ ਨੂੰ। ਇਹ ਛੋਟੀ ਗੱਲ ਨਹੀਂ ਹੈ। ਕਮਿਸ਼ਨਰ, ਜਲੰਧਰ ਨੇ ਜੋ ਪੜਾਲ ਕਰਨੀ ਹੈ, ਕੀ ਇਹ ਉਸ ਪੜਤਾਲ ਨੂੰ ਖ਼ਤਮ ਕਰਨ ਦਾ ਟਾਈਮ ਕੋਈ ਫਿਕਸ ਕਰਨਗੇ ਅਤੇ ਜਿਹੜੇ ਅਫਸਰ ਦੋਸ਼ੀ ਪਾਏ ਜਾਣਗੇ, ਉਨ੍ਹਾਂ ਨੂੰ ਕੋਈ ਸਜ਼ਾ ਦਿਵਾਉਣਗੇ ?

ਮਾਲ ਮੰਤਰੀ : ਸਪੀਕਰ ਸਾਹਿਬ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਜੋ ਮੁਆਵਜ਼ਾ ਜਾਂ ਰਾਹਤ ਵੰਡਣੀ ਸੀ, ਇਸ ਵਿੱਚ ਕੁਝ ਕਾਰਣਾਂ ਕਰਕੇ, ਕੁਝ ਸਰਕਾਰੀ ਕਰਮਚਾਰੀਆਂ ਦੀ ਅਣਗਹਿਲੀ ਕਰਕੇ ਇਹ ਰਕਮ ਪਿਛਲੇ ਸਾਲ 31 ਮਾਰਚ ਤੱਕ ਵੰਡੀ ਜਾਣੀ ਚਾਹੀਦੀ ਸੀ, ਪਰ ਨਹੀਂ ਵੰਡੀ ਗਈ ਔਰ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਜਾਂ ਉਨ੍ਹਾਂ ਦੇ ਦਫਤਰ ਵਾਲਿਆਂ ਨੇ ਸਾਡੀ ਉਨ੍ਹਾਂ ਨੂੰ ਚੇਤਾਵਨੀ ਦੇਣ ਦੇ ਬਾਵਜੂਦ ਵੀ ਸਾਡੇ ਤੋਂ ਹੋਰ ਰਕਮ ਨਹੀਂ ਮੰਗੀ। ਅਸੀਂ ਕਿਹਾ ਸੀ ਕਿ ਜੇ ਹੜ੍ਹ-ਪੀੜਤਾਂ ਲਈ ਜਾਂ ਅਜੇਹੇ ਲੋਕਾਂ ਲਈ ਹੋਰ ਰਕਮ ਦੀ ਲੋੜ ਹੈ, ਤਾਂ ਹੋਰ ਲੈ ਲਈ ਜਾਵੇ। ਪਰ ਨਹੀਂ ਮੰਗੀ ਗਈ, ਇਸ ਨਾਲ ਲੋਕਾਂ ਨੂੰ ਦੁਖੀ ਹੋਣਾ ਪਿਆ। ਮੈਂ ਇਸ ਮਸਲੇ ਤੇ ਸਮਝਦਾ ਹਾਂ ਕਿ ਸਰਦਾਰ ਪ੍ਰਕਾਸ਼ ਸਿੰਘ ਹੋਰਾਂ ਨੇ ਲੋਕਾਂ ਦੀ ਸਹੀ ਨੁਮਾਇੰਦਗੀ ਕੀਤੀ ਹੈ। ਜਿਹੜੀ ਕਮੀ ਹੈ ਸਰਕਾਰ ਦੇ ਇਸ ਕੰਮ ਕਾਜ ਵਿੱਚ, ਉਸਨੂੰ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਹੈ। ਅਸੀਂ ਇਸ ਕੇਸ ਦੀ ਪੜਤਾਲ ਲਈ ਕਿ ਇਹ ਨੁਕਸ ਕਿਥੇ ਪਿਆ, ਉਸਦੇ ਕਾਰਣ ਕੀ ਸਨ ਕਿ ਰਾਹਤ ਸਮੇਂ ਸਿਰ ਨਹੀਂ ਵੰਡੀ ਗਈ, ਇਸ ਦੇ ਕੀ ਕਾਰਣ ਸਨ, ਤੇ ਸਰਕਾਰ ਕੋਲੋਂ ਇਹ ਰਾਹਤ ਕਿਉਂ ਨਾ ਲਈ ਗਈ, ਇਸ ਬਾਰੇ ਸਾਰੀ ਪੜਤਾਲ ਕਮਿਸ਼ਨਰ, ਜਲੰਧਰ ਡਿਵੀਜ਼ਨ ਕਰਨਗੇ। ਇਸ ਤੋਂ ਇਲਾਵਾ ਇਨ੍ਹਾਂ ਨੇ ਪੁਛਿਆ ਕਿ ਕਿਸ ਕਿਸਮ ਦੇ ਖਰਾਬੇ ਤੇ ਅਦਾਇਗੀ ਕੀਤੀ ਜਾਵੇਗੀ। ਮੈਂ ਦੱਸਦਾ ਹਾਂ ਕਿ ਉਸ ਦੌਰਾਨ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਦਸੂਹਾ ਵਿੱਚ ਔਰ ਹੁਸ਼ਿਆਰਪੁਰ ਵਿੱਚ ਹੀ 25 ਵਿਅਕਤੀ ਹੜ੍ਹਾਂ ਕਾਰਣ ਮਾਰੇ ਵੀ ਗਏ ਸਨ, ਪਸ਼ੂ ਵੀ ਮਾਰੇ ਗਏ ਕੋਈ 4598 ਦੇ ਕਰੀਬ, ਉਨ੍ਹਾਂ ਦਾ ਵੀ ਮੁਆਵਜ਼ਾ ਹੈ। ਕੋਈ 2000 ਦੇ ਕਰੀਬ ਮੁਰਗੀ ਮਾਰੀ ਗਈ, ਮੁਰਗੀ ਸ਼ੈਡਜ਼ ਵੀ ਤਬਾਹ ਹੋਏ, ਹੋਰ ਕਈ ਪਰਿਵਾਰਾਂ ਦਾ ਨੁਕਸਾਨ ਵੀ ਹੈ, ਉਹ 3 ਹਨ। ਭਾਵ ਇਸ ਵਿੱਚ ਜੋ ਹੜ੍ਹਾਂ ਵਿੱਚ ਹਰੇਕ ਤਰ੍ਹਾਂ ਦਾ

Original with;
Punjab Vidhan Sabha
Digitized by;
Panjab Digital Library

ਨੁਕਸਾਨ ਹੁੰਦਾ ਹੈ, ਉਸ ਲਈ ਰਾਹਤ ਸ਼ਾਮਲ ਹੈ। ਇਹ ਜਿਹੜੇ ਬਕਾਏ ਹਨ, ਇਹ ਬਹੁਤ ਜਲਦੀ, ਤਕਰੀਬਨ ਇਸ ਅਪ੍ਰੈਲ ਦੇ ਮਹੀਨੇ ਵਿੱਚ ਹੀ ਡਿਪਟੀ ਕਮਿਸ਼ਨਰ ਨੂੰ ਦੇ ਦੇਵਾਂਗੇ ਅਤੇ ਬਹੁਤ ਜਲਦੀ ਲੋਕਾਂ ਤੱਕ ਪਹੁੰਚਾਉਣ ਦੇ ਆਦੇਸ਼ ਵੀ ਦੇ ਦੇਵਾਂਗੇ।

(Serial No. 100)

1. **Sardar Inderjit Singh Jaijee**
2. **Doctor Satwant Singh Mohi**
3. **Sardar Sujan Singh**

: Sir, I beg to draw the attention of the Government towards a matter of urgent public importance, namely, heavy damage caused to the standing crops by recent hail storms in Sunam and Samana Sub-divisions. The farmers of the area are very much perturbed as no compensation has been paid to them, so far and they don't know how much amount would be paid to them. The Government is, therefore, requested to make a statement on the floor of the House.

Revenue and Rehabilitation Minister (Sardar Major Singh Uboke) : According to the preliminary report received from the Deputy Commissioner Sangrur, damage has been caused to standing crops in 6 villages of Sunam Sub division, due to hail storms on 24th February, 1987. A cropped area of 4054 acres belonging to 540 families has been affected, and crop damage of the value of Rs. 48.28 lacs has been estimated. Relief will be granted to the affected persons according to Government instructions during April, 1987.

As per report received from Deputy Commissioner, Patiala 3 villages of Samana Sub Division have been affected by hail storms on 16th-17th February, 1987 ; Cropped area of 1470 acres belonging to 123 families has been affected. The value of crop damage is estimated at Rs. 2.94 lacs. Special Girdawari has been got conducted. The relief will be granted to the affected persons according to the Government instructions as per rules during April, 1987.

ਸਰਦਾਰ ਇੰਦਰਜੀਤ ਸਿੰਘ ਜੇਜੀ : ਸਪੀਕਰ ਸਾਹਿਬ, ਕੰਪਨਸੇਸ਼ਨ ਦੇਣ ਦਾ ਰੈਸ਼ਨਲ ਇਹ ਹੈ ਕਿ ਮੁਆਵਜ਼ਾ ਐਨਾ ਦੇਣਾ ਚਾਹੀਦਾ ਹੈ ਜਿਸ ਨਾਲ ਅਗਲੀ ਫਸਲ ਕਰ ਸਕੇ। ਮੇਰਾ ਖਿਆਲ ਹੈ ਕਿ ਇਹ ਰੈਸ਼ਨਲ ਠੀਕ ਨਹੀਂ ਹੈ। ਸਰਕਾਰ ਨੂੰ ਇਹ ਵੀ ਚਾਹੀਦਾ ਹੈ ਕਿ ਉਤਨਾ ਦੇਵੇ ਜਿੰਨਾਂ ਉਨ੍ਹਾਂ ਦਾ ਨੁਕਸਾਨ ਹੋਇਆ ਹੋਵੇ। ਸਪੀਕਰ ਸਾਹਿਬ, ਫੈਕਟਰੀਆਂ ਵਿਚ ਬੀਮਾਂ ਹੁੰਦਾ ਹੈ ਮਾਲ ਦਾ ਬੀਮਾ ਹੁੰਦਾ ਹੈ, ਬਿਲਡਿੰਗਜ਼ ਦਾ ਬੀਮਾ ਹੁੰਦਾ ਹੈ ਪਰ ਕਿਸਾਨਾਂ ਵਾਸਤੇ ਕੋਈ ਬੀਮੇਂ ਦੀ ਸਕੀਮ ਨਹੀਂ ਹੈ। ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਤੇ ਬੀਮੇ ਸਕੀਮ ਬਾਰੇ ਤਵੱਜੋ ਦੇਣੀ ਚਾਹੀਦੀ ਹੈ। ਕਿਸਾਨਾਂ ਨੂੰ ਮੁਆਵਜ਼ਾ ਵੀ ਇਕ ਹਜ਼ਾਰ ਰੁਪਏ ਪ੍ਰਤਿ ਕਿੱਲਾ ਦਿੱਤਾ ਜਾਵੇ। ਇਸ ਤੋਂ ਇਲਾਵਾ ਇਹ ਵੀ ਜ਼ਰੂਰੀ ਹੈ ਕਿ ਕਿਸਾਨ ਦੀ ਸਾਰੀ ਰਕਮ ਲਗ ਚੁੱਕੀ ਹੈ, ਬਾਕੀ ਫਸਲ ਦਾ ਨੁਕਸਾਨ ਵੀ ਹੋਇਆ ਹੁੰਦਾ ਹੈ ਸਰਕਾਰ ਨੂੰ ਚਾਹੀਦਾ ਹੈ ਉਸ ਸਾਰੇ ਦਾ ਮੁਆਵਜ਼ਾ ਦੇਵੇ। ਲੋਨਜ਼ ਦੀ ਰਿਕਵਰੀ ਪੋਸਟਪੋਨ ਕਰ ਦੇਣੀ ਚਾਹੀਦੀ ਹੈ। ਰਿਕਵਰੀ ਅਗਲੀ ਫਸਲ ਵਿਚ ਵੀ ਨਾ ਲਓ ਕਿਉਂਕਿ ਕਿਸਾਨ ਦੀ ਪੁਜ਼ੀਸ਼ਨ ਨਹੀਂ ਕਿ ਉਹ ਦੇ ਸਕੇ। ਅੱਗੇ ਸਟੈਗਰ ਕਰ ਦਿਓ। ਜਦੋਂ ਗਿਰਦਾਵਰੀਆਂ ਕਰਦੇ ਹਨ ਤਾਂ ਪਿੰਡਾਂ ਵਿਚ ਮੁਸ਼ਕਿਲ ਆ ਜਾਂਦੀ ਹੈ। ਇਹ ਗਿਰਦਾਵਰੀਆਂ ਰੈਵੇਨਿਊ ਡਿਪਾਰਟਮੈਂਟ ਕਰਦਾ ਹੈ, ਪਟਵਾਰੀ ਔਰ ਕਾਨੂੰਨਗੋ ਕਰਦੇ ਹਨ। ਇਹ ਪਟਵਾਰੀ ਔਰ ਕਾਨੂੰਨਗੋ ਜ਼ਮੀਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਇੰਦਰਜੀਤ ਸਿੰਘ ਜੇਜੀ]

ਮਿਲਨ ਵਿਚ ਐਕਸਪਰਟ ਹਨ ਪਰ ਡੈਮੇਜ ਜੋ ਕਰਾਪ ਦੀ ਹੁੰਦੀ ਹੈ ਉਸ ਲਈ ਐਕਸਪਰਟ ਨਹੀਂ ਹਨ। ਗਿਰਦਾਵਰੀ ਵੇਲੇ ਇਹ ਦੇਖਣ ਵੇਲੇ ਕਿ ਕਿਨਾਂ ਨੁਕਸਾਨ ਹੋਇਆ ਹੈ, ਇਸ ਲਈ ਐਗਰੀਕਲਚਰ ਡਿਪਾਰਟਮੈਂਟ ਦੇ ਅਫਸਰਾਂ ਨੂੰ ਨਾਲ ਲੈਣਾ ਚਾਹੀਦਾ ਹੈ ਐਰ ਇਸ ਦੇ ਨਾਲ ਪੰਚਾਇਤ ਨੂੰ ਵੀ ਨਾਲ ਸ਼ਾਮਿਲ ਕਰੋ। ਜਿੰਨਾਂ ਚਿਰ ਇਸ ਤਰ੍ਹਾਂ ਨਹੀਂ ਕਰੋਗੇ ਇਸ ਵਿਚ ਕੁਰੱਪਸ਼ਨ ਦੂਰ ਨਹੀਂ ਹੋਏਗੀ। ਪੂਰੇ ਰਕਬੇ ਦਾ ਮੁਆਵਜ਼ਾ ਦੇਣਾ ਚਾਹੀਦਾ ਹੈ। ਹੁਣ ਇਹ 7 ਕਿੱਲੇ ਕਰ ਦਿੱਤਾ ਹੈ। ਜਿਹੜਾ ਕੁਲ ਰਕਬੇ ਦਾ ਨੁਕਸਾਨ ਹੋਇਆ ਹੈ ਉਸ ਹਿਸਾਬ ਨਾਲ ਮੁਆਵਜ਼ਾ ਮਿਲਣਾ ਚਾਹੀਦਾ ਹੈ। ਕੀ ਸਰਕਾਰ ਇਸ ਤਰ੍ਹਾਂ ਕਰਨ ਨੂੰ ਤਿਆਰ ਹੈ ?

ਮਾਲ ਤੇ ਪੁਨਰਵਾਸ ਮੰਤਰੀ : ਸਪੀਕਰ ਸਾਹਿਬ, ਤਕਰੀਬਨ ਇਸ ਤਰ੍ਹਾਂ ਦੀ ਕਾਲ ਅਟੈਨਸ਼ਨ ਮੋਸ਼ਨ ਰੋਜ਼ ਕਿਸੇ ਨਾ ਕਿਸੇ ਇਲਾਕੇ ਦੀ ਆ ਜਾਂਦੀ ਹੈ। ਮੈਂ ਕਈ ਵਾਰ ਸਪੱਸ਼ਟ ਕਹਿ ਚੁੱਕਾ ਹਾਂ ਕਿ ਸਰਕਾਰ ਦੀਆਂ ਮੌਜੂਦਾ ਹਦਾਇਤਾਂ ਅਨੁਸਾਰ ਇਹ ਰੀਲੀਫ ਵੰਡਿਆ ਜਾਏਗਾ। ਮੈਨੂੰ ਇਹ ਦੱਸਣ ਵਿਚ ਕੋਈ ਸੰਕੋਚ ਨਹੀਂ ਕਿ ਹੁਣ ਜੋ ਰੀਲੀਫ ਦਿੱਤਾ ਜਾਂਦਾ ਹੈ ਪਹਿਲਾਂ ਉਸ ਤਰ੍ਹਾਂ ਨਹੀਂ ਦਿੱਤਾ ਜਾਂਦਾ ਸੀ। ਪਹਿਲਾਂ ਬਹੁਤ ਸਾਰੀਆਂ ਸਰਕਾਰਾਂ ਜੋ ਆਈਆਂ ਉਨ੍ਹਾਂ ਨੇ 300 ਰੁਪਏ ਪ੍ਰਤੀ ਏਕੜ ਤੋਂ ਜ਼ਿਆਦਾ ਮੁਆਵਜ਼ਾ ਨਹੀਂ ਦਿੱਤਾ। ਜਿਥੇ 100 ਫੀ ਸਦੀ ਨੁਕਸਾਨ ਹੋਇਆ ਅਸੀਂ 500 ਰੁਪਏ ਰੀਲੀਫ ਇਸ ਸਰਕਾਰ ਨੇ ਦਿੱਤਾ ਹੈ। ਬੀਮਾ ਬਾਰੇ ਕਿਹਾ ਗਿਆ ਕਿ ਫਸਲਾਂ ਦਾ ਬੀਮਾਂ ਹੋਣਾ ਚਾਹੀਦਾ ਹੈ। ਇਸ ਲਈ ਅਸੀਂ ਸਾਰੇ ਚਾਹੁੰਦੇ ਹਾਂ। ਅਸੀਂ ਚਾਹੁੰਦੇ ਹਾਂ ਐਰ ਇਹ ਮਸਲਾ ਹਾਊਸ ਵਿਚ ਉਠਾਇਆ ਜਾ ਸਕਦਾ ਹੈ ਐਰ ਬਾਅਦ ਵਿਚ ਇਸ ਤੇ ਵਿਚਾਰ ਕੀਤਾ ਜਾ ਸਕਦਾ ਹੈ। ਅੱਜ ਮੈਂ ਇਸ ਤੇ ਕੁਝ ਨਹੀਂ ਕਹਿ ਸਕਦਾ। ਜਿਥੇ ਜਿਥੇ ਵੀ ਨੁਕਸਾਨ ਜ਼ਿਆਦਾ ਹੋਇਆ ਹੈ ਕਰਜ਼ਿਆਂ ਦੀ ਵਸੂਲੀ ਬਾਰੇ ਡਿਪਟੀ ਕਮਿਸ਼ਨਰਜ਼ ਨੂੰ ਹਦਾਇਤਾਂ ਕਰਾਂਗੇ ਜਿਥੇ ਨੁਕਸਾਨ ਜ਼ਿਆਦਾ ਹੋਇਆ ਹੈ ਕਰਜ਼ਿਆਂ ਦੀ ਵਸੂਲੀ ਪਿਛੇ ਪਾ ਦਿੱਤੀ ਜਾਏ। ਗਿਰਦਾਵਰੀਆਂ ਬਾਰੇ ਪਹਿਲਾਂ ਮੈਂ ਕਿਹਾ ਸੀ ਕਿ ਕਾਫ਼ੀ ਸ਼ਿਕਾਇਤਾਂ ਆਉਂਦੀਆਂ ਹਨ। ਜਦੋਂ ਗਿਰਦਾਵਰੀ ਕੀਤੀ ਜਾਂਦੀ ਹੈ ਪਿੰਡ ਦੇ ਕਿਸਾਨ ਪਟਵਾਰੀ ਦਾ ਧਿਆਨ ਨਹੀਂ ਰਖਦੇ ਅਤੇ ਕਹਿੰਦੇ ਹਨ ਕਿ ਜੋ ਪਟਵਾਰੀ ਕਰੇਗਾ ਠੀਕ ਹੈ। ਲੇਕਿਨ ਜਦੋਂ ਰਾਹਤ, ਮੁਆਵਜ਼ਾ ਦਿੱਤਾ ਜਾਂਦਾ ਹੈ ਤਾਂ ਰੌਲਾ ਪੈ ਜਾਂਦਾ ਹੈ। ਇਸ ਦਫਾ ਸਖ਼ਤ ਹਦਾਇਤਾਂ ਕਰ ਦਿੱਤੀਆਂ ਹਨ ਗਿਰਦਾਵਰੀਆਂ ਕਰਨ ਵੇਲੇ ਪਟਵਾਰੀਆਂ ਨਾਲ ਪੰਚਾਇਤਾਂ ਨੂੰ ਵੀ ਨਾਲ ਸ਼ਾਮਿਲ ਕੀਤਾ ਜਾਏ। ਇਸ ਦਾ ਮਤਲਬ ਹੈ ਕਿ ਲੋਕਾਂ ਦਾ ਸ਼ੰਕਾ ਦੂਰ ਹੋਵੇ। ਪੰਚਾਇਤਾਂ ਨੂੰ ਨਾਲ ਸ਼ਾਮਿਲ ਕੀਤਾ ਗਿਆ ਹੈ। ਜਦੋਂ ਵੀ ਕੋਈ ਉਚੇਚੀ ਸ਼ਿਕਾਇਤ ਆਏਗੀ ਉਸ ਵਲ ਨਿਜੀ ਤੌਰ ਤੇ ਧਿਆਨ ਦਿੱਤਾ ਜਾਏਗਾ।

Mr. Speaker : Call Attention Notice No. 102.

(Serial No. 102)

1. **Sardar Sukhdev Singh Dhindsa**
2. **Sardar Jasdev Singh Sandhu**
3. **Sardar Bachittar Singh**

: Sir, I beg to draw the attention of the Government towards a matter of urgent public importance, namely, the continuous detention of hundred of innocent persons arrested from the Golden Temple Complex during Operation Bluestar and lodged in Jodhpur Jail without any trial in any Court of Law. This is causing great resentment amongst the people of the State and is one of the biggest irritant in the way of bringing normalcy in the State. The Government is requested to make its position clear on the floor of the House as to what steps they are taking/propose to take to set them free.

Original with;
Punjab Vidhan Sabha
Digitized by;
Panjab Digital Library

Minister of State for Home(Captain Kanwaljit Singh) : A case FIR No. 182, dated 10th June, 1984 U/S 121, 121-A, 122, 123, 124-A, 153-A, 153-B, 302, 307, 333 IPC Sections 25 and 27 Arms Act, 1959 and sub-section 3 of Section 5 of the Indian Explosives Act, 1984 was registered at P.S.'E' Division, Amritsar against 382 persons, immediately after operation 'Blue Star'. Out of these 273 persons were also detained under NSA whose detention orders had, however, been revoked on and before 1st October, 1985. Out of these 382 persons, 13 persons are absconding and 369 persons were arrested and lodged in Jodhpur and Ajmer Jails. Out of these 369 persons, three persons died before the challan was presented in the Court. Now there are 366 persons in custody in the Jodhpur Jail. The afore-mentioned case, FIR No. 182, dated 10th June, 1984 was entrusted to the C.B.I., under the Delhi Special Police Establishment Act *vide* Punjab Government order No. 12728/CR, dated 13th June, 1984. The CBI has completed the investigation and put in the challan in the Special Court, Jodhpur.

2. The State Government has since the very beginning been making every possible effort for the release of the Jodhpur detenues. The issue has been taken up publically as well as in discussions at all levels with the Central Government. The Punjab Vidhan Sabha at its sitting on 31st March, 1986 had passed a non-official resolution recommending *inter-alia* that general amnesty be granted in all pending cases instituted against Sikh youths detained in Jodhpur Jail and that cases instituted against Army personnel should be withdrawn in order to improve the political climate in Punjab in accordance with the Rajiv-Longowal Accord. In addition to forwarding this resolution to the Government of India, the State Government has been pressing this issue which also finds mention in a D.O. letter written by the Chief Minister on 23rd January, 1987 to the Prime Minister. I wish to assure the House that the State Government is fully alive of the need for securing the release of the detenues and for achieving this end, it will continue to pursue the matter with the Central Government and hopes that the latter, in the interests of amity and peace in this region, will accede to this request.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਬੜਾ ਲੰਮਾ ਚੌੜਾ ਜਵਾਬ ਦਿੱਤਾ ਹੈ, ਸਰਕਾਰ ਜਿਸ ਦਿਨ ਬਣੀ ਉਸ ਦਿਨ ਤੋਂ ਹੀ ਨਹੀਂ ਬਲਕਿ ਅਸੀਂ ਜਦੋਂ ਇਲੈਕਸ਼ਨ ਲੜੇ ਸੀ, ਤੁਸੀਂ ਵੀ ਨਾਲ ਹੀ ਸੀ, ਅਸੀਂ ਲੋਕਾਂ ਨਾਲ ਇਹ ਵਾਇਦਾ ਕੀਤਾ ਸੀ ਕਿ ਜਦੋਂ ਸਾਡੀ ਸਰਕਾਰ ਬਣ ਗਈ ਜੋਧਪੁਰ ਦੇ ਕੈਦੀ ਅਤੇ ਦੂਸਰੇ ਕੈਦੀ ਇਕ ਦਿਨ ਵੀ ਜੇਲ੍ਹਾਂ ਵਿੱਚ ਨਹੀਂ ਰਹਿਣਗੇ। ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਵਾਇਦਿਆਂ ਨੂੰ ਛੱਡੋ ਕੀ ਇਹ ਸਟੇਟ ਗੌਰਮਿੰਟ ਦੀ ਕਮਪੀਟੈਂਸੀ ਵਿੱਚ ਨਹੀਂ ਹੈ ਜੋ ਕੇਸ ਸੀ.ਬੀ.ਆਈ. ਪਾਸ ਹਨ ਉਹ ਵਾਪਸ ਲੈ ਸਕਦੀ ਹੋਵੇ ਜਾਂ ਐਫ.ਆਈ.ਆਰ. ਕੁਐਸ਼ ਕਰ ਸਕਦੀ ਹੋਵੇ ? ਇਹ ਲੋਕਾਂ ਦੀਆਂ ਅੱਖਾਂ ਵਿੱਚ ਬਹੁਤ ਦੇਰ ਤੋਂ ਘੱਟਾ ਪਾਉਂਦੇ ਆ ਰਹੇ ਹਨ, ਲੋਕ ਜ਼ਿਆਦਾ ਦੇਰ ਇਹ ਘੱਟਾ ਬਰਦਾਸ਼ਤ ਨਹੀਂ ਕਰ ਸਕਦੇ। ਕੀ ਇਹ ਦੱਸਣਗੇ ਕਿ ਇਹ ਕੇਸਿਜ਼ ਸੀ.ਬੀ.ਆਈ. ਤੋਂ ਵਾਪਸ ਕਿਉਂ ਨਹੀਂ ਲਏ ਅਤੇ ਐਫ. ਆਈ.ਆਰ. ਕੁਐਸ਼ ਕਿਉਂ ਨਹੀਂ ਕੀਤਾ ?

ਰਾਜ ਮੰਤਰੀ, ਗ੍ਰਿਹ : ਸਪੀਕਰ ਸਾਹਿਬ, ਮੈਂ ਇਹ ਜ਼ਿਕਰ ਕਰਨਾ ਚਾਹਾਂਗਾ ਕਿ ਸਾਡੀ ਸਰਕਾਰ ਨੇ ਸਾਰੇ ਯਤਨ ਕੀਤੇ ਹਨ ਜੋਧਪੁਰ ਦੇ ਡੈਟੇਨਿਊਜ਼ ਨੂੰ ਰਿਲੀਜ਼ ਕਰਾਉਣ ਵਾਸਤੇ। ਮੇਰੇ ਮਾਨਯੋਗ ਸਾਥੀ ਨੇ ਸਵਾਏ ਅਖ਼ਬਾਰਾਂ ਵਿੱਚ ਬਿਆਨ ਦੇਣ ਤੋਂ ਹੋਰ ਕੋਈ ਗੱਲ ਨਹੀਂ ਕੀਤੀ ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਗ੍ਰਿਹ]

ਜਿਹੜਾ ਇਨ੍ਹਾਂ ਨੇ ਸਵਾਲ ਉਠਾਇਆ ਹੈ ਉਸ ਦਾ ਜ਼ਿਕਰ ਕਰਦਿਆਂ ਹੋਇਆਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਸੈਕਸ਼ਨ 321 ਆਫ਼ ਦੀ ਕ੍ਰਿਮੀਨਲ ਪ੍ਰੋਸੀਜਰ ਕੋਡ ਬੜਾ ਕਲੀਅਰ ਹੈ ਕਿ ਜਿਹੜੀ ਪ੍ਰਾਸੀਕਿਊਟਿੰਗ ਏਜੰਸੀ ਹੋਵੇ ਉਸ ਨੂੰ ਹੀ ਕੇਸ ਵਾਪਸ ਲੈਣ ਦੇ ਅਧਿਕਾਰ ਹਨ। ਕਿਉਂਕਿ ਇਹ ਕੇਸ ਸੀ.ਬੀ.ਆਈ. ਵਲੋਂ ਅਦਾਲਤ ਵਿੱਚ ਪੇਸ਼ ਹੋ ਚੁੱਕਾ ਹੈ ਅਤੇ ਇਸ ਕਰਕੇ ਵਿਦਡਰਾਵਲ ਦੀਆਂ ਪਾਵਰਜ਼ ਸੈਂਟਰਲ ਗੌਰਮਿੰਟ ਪਾਸ ਹਨ।

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਤੋਂ ਜਾਂ ਸਟੇਟ ਹੋਮ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਬੈਂਸ ਕਮੇਟੀ ਇਸ ਸਰਕਾਰ ਨੇ ਬਣਾਈ ਸੀ, ਜਿਸ ਦੇ ਵਿੱਚ ਐਡਵੋਕੇਟ ਜਨਰਲ ਵੀ ਮੈਂਬਰ ਸੀ, ਉਨ੍ਹਾਂ ਨੇ ਸਿਫਾਰਸ਼ ਕੀਤੀ ਹੈ ਕਿ ਇਹ ਗੌਰਮਿੰਟ ਕੰਪੀਟੈਂਟ ਹੈ ਇਹ ਕੇਸ ਵਾਪਿਸ ਲੈਣ ਦੀ, ਉਸ ਦੇ ਬਾਵਜੂਦ ਇਹ ਕੇਸ ਕਿਉਂ ਨਹੀਂ ਵਾਪਸ ਲਏ ?

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਇਹ ਬੈਂਸ ਕਮੇਟੀ ਦੀ ਕੰਪੀਟੈਂਸੀ ਵਿੱਚ ਨਹੀਂ ਸੀ। ਇਹ ਬੈਂਸ ਕਮੇਟੀ ਨੂੰ ਐਨਟਰੱਸਟ ਨਹੀਂ ਕੀਤੇ ਗਏ ਸੀ। ਜੈਸਾ ਕੇ ਸਟੇਟ ਹੋਮ ਮਨਿਸਟਰ ਸਾਹਿਬ ਨੇ ਦੱਸਿਆ ਹੈ, ਉਸ ਵੇਲੇ ਦੀ ਪੰਜਾਬ ਗੌਰਮਿੰਟ ਨੇ 13 ਅਪ੍ਰੈਲ, 1984 ਨੂੰ ਇਹ ਕੇਸ ਸੀ.ਬੀ.ਆਈ. ਦੇ ਸਪੁਰਦ ਕਰ ਦਿੱਤਾ ਸੀ, ਸੀ.ਬੀ.ਆਈ. ਵਲੋਂ ਇਨਵੈਸਟੀਗੇਸ਼ਨਜ਼ ਕੀਤੀਆਂ ਗਈਆਂ ਹਨ ਔਰ ਉਸ ਨੇ 15 ਜਨਵਰੀ, 1985 ਨੂੰ ਚਲਾਨ ਅਦਾਲਤ ਵਿੱਚ ਪੇਸ਼ ਕਰ ਦਿੱਤਾ। ਇਨ੍ਹਾਂ ਲੋਕਾਂ ਦੇ ਉਤੇ ਜੋ ਕੁਝ ਦਫੇ ਦੱਸੇ ਗਏ ਹਨ ਉਹ ਕਾਨੂੰਨ ਦੇ ਲਗਾਏ ਗਏ ਸਨ ਉਸ ਤੋਂ ਇਲਾਵਾ ਕੁਝ ਬੰਦਿਆਂ ਤੇ ਐਨ.ਐਸ.ਏ. ਲਗਾਈ ਗਈ ਸੀ। 30 ਸਤੰਬਰ, 1985 ਨੂੰ ਜਦੋਂ ਸਾਡੀ ਸਰਕਾਰ ਬਣੀ ਤਾਂ ਪਹਿਲਾਂ ਕੰਮ ਇਹ ਕੀਤਾ ਕਿ ਜਿੰਨੇ ਬੰਦੇ ਐਨ.ਐਸ.ਏ. ਥਲੇ ਆਉਂਦੇ ਸੀ, 225 ਬੰਦੇ ਐਨ.ਐਸ.ਏ. ਥਲੇ ਸੀ, ਉਨ੍ਹਾਂ ਦਾ ਕੇਸ ਰਿਵੋਕ ਕਰ ਦਿੱਤਾ। (ਥੰਪਿੰਗ) ਸਾਡੀ ਕੰਪੀਟੈਂਸੀ ਜੋ ਸੀ ਉਹ ਅਸੀਂ ਕਰ ਦਿੱਤਾ। ਦੂਸਰੀ ਗੱਲ ਰਹਿ ਗਈ ਵਿਦਡਰਾਅ ਕਰ ਸਕਦੇ ਹਾਂ ਕਿ ਨਹੀਂ ਕਰ ਸਕਦੇ ਉਸ ਦੇ ਬਾਰੇ ਸਟੇਟ ਮਨਿਸਟਰ ਨੇ ਦਸਿਆ ਹੈ ਦਫ਼ਾ 321, ਕਿਉਂਕਿ ਇਹ ਆਪ ਵਕੀਲ ਰਹੇ ਹਨ, ਵਕਾਲਤ ਪਾਸ ਹਨ। ਦਫ਼ਾ 321 ਵਿਚ ਇਹ ਪ੍ਰੋਵੀਜ਼ਨ ਹੈ :

"Any Public Prosecutor or Assisatnt Public Prosecutor, incharge of a case may with the consent of the court, at any time before the judgement is pronounced, withdraw from the prosecution of any person either generally or in respect of any one or more of the offences for which he is tried ; and upon such withdrawal,—. . . .

Provided that where such offence—

was investigated by the Delhi Special Police Establishment under the Delhi Special Police Establishment Act, 1946 ; as was the case here...

was committed by a person in the service o f the central government while acting or purporting to act in the discharge of his duty,

and the prosecutor in charge of the case has not been appointed by the central government he shall not, unless he has been permitted by the central government to do so, move the Court for its consent to withdraw from the prosecution and the court shall, before according consent, direct the Prosecutor to produce before it the permission granted by the Central Government to withdraw from the prosecution————.

The State Government cannot give permission and cannot withdraw the case. This is the exact position of the case.

ਸਰਦਾਰ ਬਚਿੱਤਰ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ **

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਇਹ ਜੋ ਕੁਝ ਕਿਹਾ ਗਿਆ ਹੈ ਇਹ ਰਿਕਾਰਡ ਤੇ ਨਾ ਆਏ। ਸਰਦਾਰ ਬਚਿੱਤਰ ਸਿੰਘ ਜੀ, ਤੁਸੀਂ ਹੁਣ ਤਕ ਜੋ ਕੁਝ ਕਿਹਾ ਹੈ ਉਹ ਰਿਕਾਰਡ ਤੇ ਨਹੀਂ ਹੈ। ਹੁਣ ਤੁਸੀਂ ਨਵੇਂ ਸਿਰੇ ਤੋਂ ਸੁਆਲ ਪੁਛੋ ਕੀ ਪੁਛਣਾ ਚਾਹੁੰਦੇ ਹੋ ? (Noise) This is no question. It is disallowed. This should not form part of the record.

Chief Minister: I would request you, Sir, that he should not be allowed to do it. This should not form part of the record. It should not be allowed.

ਸ੍ਰੀ ਸਪੀਕਰ : ਸਰਦਾਰ ਬਚਿੱਤਰ ਸਿੰਘ, ਜੋ ਕੁਝ ਤੁਸੀਂ ਕਿਹਾ ਹੈ ਉਹ ਰਿਕਾਰਡ ਨਹੀਂ ਕੀਤਾ ਗਿਆ ਅਤੇ ਰਿਕਾਰਡ ਤੇ ਕੁਝ ਨਹੀਂ ਆਉਣਾ। ਮੇਰੀ ਤੁਹਾਨੂੰ ਬੜੀ ਨਿਮਰਤਾ ਨਾਲ ਬੇਨਤੀ ਹੈ ਕਿਰਪਾ ਕਰਕੇ ਜੋ ਵੀ ਸੁਆਲ ਪੁਛਣਾ ਹੈ ਨਵੇਂ ਸਿਰੇ ਤੋਂ ਪੁਛੋ। ਤੁਹਾਡੀ ਹੁਣ ਤਕ ਕੋਈ ਚੀਜ਼ ਰਿਕਾਰਡ ਨਹੀਂ ਕੀਤੀ ਗਈ ਔਰ ਨਾ ਹੀ ਕੁਝ ਰਿਕਾਰਡ ਤੇ ਹੈ।

ਸਰਦਾਰ ਬਚਿੱਤਰ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਤਿੰਨ ਸੱਜਨਾਂ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ, ਬਰਨਾਲਾ ਸਾਹਿਬ ਅਤੇ ਸਰਦਾਰ ਬਲਵੰਤ ਸਿੰਘ ਹੋਰਾਂ ਨੇ ਤਖ਼ਤ ਤੇ ਖੜੇ ਹੋ ਕੇ ਅਸ਼ਿਓਰੈਂਸ ਦਿੱਤੀ ਸੀ ਕਿ ਸਾਡੀ ਜ਼ਬਾਨੀ ਗਲ ਹੋਈ ਹੈ ਸੈਂਟਰ ਨਾਲ ਕਿ ਜੋਧਪੁਰ ਦੇ ਡੈਟਨਿਊਜ਼ ਸਾਰੇ ਛੱਡ ਦਿਤੇ ਜਾਣਗੇ, ਫੌਜੀ ਸਾਰੇ ਬਹਾਲ ਕਰ ਦਿਤੇ ਜਾਣਗੇ ਔਰ ਅਗਰ ਇਹ ਨਾ ਹੋਇਆ ਤਾਂ ਅਸੀਂ ਸਾਰੇ ਔਹਦੇ ਛੱਡ ਦਿਆਂਗੇ। ਇਸ ਦੇ ਬਾਅਦ ਰਾਜੀਵ ਗਾਂਧੀ ਦਾ ਬਿਆਨ ਆਇਆ ਕਿ ਸਾਡਾ ਸਮਝੌਤਾ ਲਿਖਤੀ ਹੈ ਸਾਡੀ ਕੋਈ ਜ਼ਬਾਨੀ ਗਲ ਨਹੀਂ ਹੋਈ। ਇਸ ਬਾਰੇ ਇਨ੍ਹਾਂ ਵਲੋਂ ਕੋਈ ਕਾਂਟਰਾਡਿਕਸ਼ਨ ਨਹੀਂ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਦਸਣ ਕਿ ਇਹ [**] ਬੋਲਦੇ ਹਨ ਜਾਂ ਰਾਜੀਵ ਗਾਂਧੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਸੁਆਲ ਕੀਤਾ ਹੈ, ਪਰ ਬੜਾ ਕੋਝਾ ਕੀਤਾ ਹੈ ਔਰ ਸੰਤ ਜੀ ਦੇ ਖਿਲਾਫ਼, ਜਿਹੜੇ ਇਸ ਸੰਸਾਰ ਵਿਚ ਨਹੀਂ ਹਨ, ਜਿਨ੍ਹਾਂ ਦੀ ਤਸਵੀਰ ਲੈ ਕੇ ਇਲੈਕਸ਼ਨਾਂ ਵਿਚ ਵੋਟਾਂ ਮੰਗਦੇ ਸਨ ਅਤੇ ਅਕਾਰਡ ਦੇ ਨਾਂ ਤੇ ਵੋਟਾਂ ਲਈਆਂ ਹਨ। ਅਗਰ ਉਹ ਨਾ ਹੁੰਦਾ ਤਾਂ ਇਨ੍ਹਾਂ ਨੂੰ ਕਿਸੇ ਨੇ ਨਹੀਂ ਪੁਛਣਾ ਸੀ ਔਰ ਕਿਸੇ ਨੇ ਵੋਟ ਨਹੀਂ ਸੀ ਦੇਣੀ। ਸੰਤ ਜੀ ਦੀ ਸ਼ਹਾਦਤ ਦੇ ਕਰਕੇ ਹੀ ਇਹ ਇਥੇ ਆਏ ਹਨ। ਅੱਜ ਇਹ ਇਥੇ ਬੈਠੇ ਰੌਲਾ ਪਾ ਰਹੇ ਹਨ। ਮੈਂ ਬਾਰ ਬਾਰ ਬੇਨਤੀ ਕੀਤੀ ਹੈ ਕਿ ਇਹ ਫੋਰਮ ਨਹੀਂ ਇਸ ਕਰਕੇ ਇਸਤੇਮਾਲ ਨਾ ਕਰੋ ਲੇਕਿਨ ਇਹ ਕਰਨਾ ਚਾਹੁੰਦੇ ਹਨ। ਸੋ ਮੈਂ ਇਹ ਕਹਿਣਾ ਚਾਹਵਾਂਗਾ ਕਿ ਸਮਝੌਤਾ ਹੋਇਆ ਔਰ ਉਸ ਸਮਝੌਤੇ ਦੇ ਹੱਕ ਵਿਚ ਲੋਕਾਂ ਨੇ ਸਾਨੂੰ ਵੋਟਾਂ ਪਾਈਆਂ ਔਰ ਉਸ ਸਮਝੌਤੇ ਦੇ ਬੇਸਿਜ਼ ਦੇ ਕਾਮਯਾਬ ਹੋ ਕੇ ਇਥੇ ਆਏ। ਪਰ ਕੁਝ ਸਜਨ ਐਸੇ ਸਨ ਜਿਹੜੇ ਕਿ ਇਹ ਚਾਹੁੰਦੇ ਸਨ ਕਿ ਇਹ ਸਮਝੌਤਾ ਸਿਰੇ ਨਾ ਚੜ੍ਹੇ ਕਿਉਂਕਿ ਉਹ, ਇਨ੍ਹਾਂ ਨੇ ਜਿਵੇਂ ਕਿਹਾ ਹੈ ਕਿ, ਉਹ ਸ਼ੁਰੂ ਤੋਂ ਹੀ ਸਮਝੌਤੇ ਦੇ ਖਿਲਾਫ਼ ਸਨ। ਇਨ੍ਹਾਂ ਦੀ ਕੋਸ਼ਿਸ਼ ਸੀ ਕਿ ਸਮਝੌਤਾ ਸਿਰੇ ਨਾ ਚਾੜ੍ਹਿਆ ਜਾਵੇ। ਇਥੋਂ ਦਾ ਇਨ੍ਹਾਂ ਨੇ ਵਾਤਾਵਰਣ ਖਰਾਬ ਕੀਤਾ ਜਿਸ ਕਰਕੇ ਅੱਜ ਵੀ ਇਨ੍ਹਾਂ ਦੇ ਕੁਝ ਸਜਣ ਜੋਧਪੁਰ ਜੇਲ੍ਹਾਂ ਵਿਚ ਬੈਠੇ ਹਨ। ਪਰ ਇਹ ਵਾਤਾਵਰਣ ਠੀਕ ਨਹੀਂ ਹੋਣ ਦੇਣਾ ਚਾਹੁੰਦੇ ਕਿ ਕਿਤੇ ਉਹ ਬਾਹਰ ਨਾ ਆ ਜਾਣ। ਇਨ੍ਹਾਂ ਵਿਚੋਂ ਕੋਈ ਵੀ ਅੱਜ ਤੱਕ ਉਨ੍ਹਾਂ ਨੂੰ ਉਥੇ ਮਿਲਣ ਤਕ ਨਹੀਂ ਗਿਆ। ਮੈਂ ਬਤੌਰ ਵਕੀਲ ਉਨ੍ਹਾਂ ਦੇ ਕੇਸ ਦੀ ਪੈਰਵੀ ਕਰਨ ਵਾਸਤੇ ਉਥੇ ਗਿਆ, ਜੋਧਪੁਰ ਜੇਲ੍ਹ ਵਿਚ ਬੈਠਿਆਂ ਦੇ ਪੈਰਵੀ ਕੀਤੀ। ਅਸੀਂ ਚਾਹੁੰਦੇ ਸੀ ਕਿ ਉਹ ਬਾਹਰ ਆ ਜਾਣ ਪਰ ਇਨ੍ਹਾਂ ਦੀ ਕੋਝੀ ਸੋਚ ਕਾਰਣ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਕੋਈ ਨਾ ਕੋਈ ਐਸਾ ਮਸਲਾ ਪੈਦਾ ਕਰ ਦਿੰਦੇ ਹਨ ਜਿਸ ਕਰਕੇ ਉਹ ਅੱਜੇ ਤਕ ਜੋਧਪੁਰ ਜੇਲ੍ਹ ਵਿਚ ਬੈਠੇ ਹਨ। ਇਸੇ ਤਰ੍ਹਾਂ ਫੌਜੀਆਂ ਨੂੰ ਰਿਹਾ ਕਰਨ ਵਾਸਤੇ ਇਹ ਕੁਝ ਨਹੀਂ ਕਰਦੇ। ਸਿਵਾਏ ਇਥੇ ਅਦਾਲਤਾਂ ਅੱਗੇ ਧਰਨੇ ਦੇਣ ਦੇ। ਕਦੇ ਇਹ ਪਾਰਲੀਆਮੈਂਟ ਦੇ ਅੱਗੇ ਜਾ ਕੇ ਧਰਨਾ ਨਹੀਂ ਦਿੱਤਾ, ਕਦੇ ਬੋਟ ਕਲੱਬ ਤੇ ਧਰਨਾ ਨਹੀਂ ਦਿੱਤਾ। ਕਦੇ ਦਿੱਲੀ ਜਾਂ ਹੋਰ ਕਿਤੇ ਧਰਨਾ ਨਹੀਂ ਦਿੱਤਾ। ਇਹ ਸਾਡੀ ਮੇਹਨਤ ਦੇ ਸਦਕੇ ਹੀ ਹੁਣ ਤਕ 2300 ਫੌਜੀ ਬਹਾਲ ਹੋ ਕੇ ਨੌਕਰੀ ਤੇ ਆ ਚੁੱਕੇ ਹਨ। ਇਹ ਸਾਡੀ ਮੇਹਨਤ ਨਾਲ ਹੀ ਹੋਇਆ ਹੈ। ਔਰ ਹਾਲੇ ਵੀ ਜਿਹੜੇ ਬਾਹਰ ਨਹੀਂ ਆ ਸਕੇ ਉਨ੍ਹਾਂ ਦੇ ਘਰਾਂ ਵਿਚ ਪੈਨਸ਼ਨ ਦਿੱਤੀ ਜਾ ਰਹੀ ਹੈ ਔਰ ਜਿਹੜੇ ਫੌਜੀ ਸ਼ਹੀਦ ਹੋ ਗਏ ਸਨ ਉਨ੍ਹਾਂ ਦੀ ਸਹਾਇਤਾ ਵਾਸਤੇ ਤਾਂ ਸਰਕਾਰ ਨੇ ਬਹੁਤ ਕੁਝ ਕੀਤਾ ਹੈ ਹਰ ਕਿਸਮ ਦਾ ਯਤਨ ਕੀਤਾ ਗਿਆ ਹੈ। ਇਸ ਵਾਸਤੇ ਚੀਫ਼ ਆਫ਼ ਦੀ ਆਰਮੀ ਨਾਲ ਵੀ ਗਲ ਕੀਤੀ ਹੈ ਔਰ ਕਿਹਾ ਗਿਆ ਕਿ ਉਨ੍ਹਾਂ ਨੂੰ 20–20 ਹਜ਼ਾਰ ਰੁਪਿਆ ਦਿੱਤਾ ਜਾਵੇ। ਇਸੇ ਤਰ੍ਹਾਂ ਜੋਧਪੁਰ ਜੇਲ੍ਹ ਵਿਚ ਛੁਡਾਉਣ ਵਾਸਤੇ ਅਸੀਂ ਕੋਸ਼ਿਸ਼ ਕੰਟੀਨਿਊ ਕਰ ਰਹੇ ਹਾਂ ਪਰ ਇਹ ਨਹੀਂ ਚਾਹੁੰਦੇ।

(ਇਸ ਵੇਲੇ ਅਕਾਲੀ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿਚ ਬਹੁਤ ਸ਼ੋਰ ਪੈ ਰਿਹਾ ਸੀ।)

Mr. Speaker : Please sit down. ਹੁਣ ਸ਼੍ਰੀ ਪ੍ਰੇਮ ਗੁਪਤਾ ਜੀ ਬੋਲਣਗੇ। (ਵਿਘਨ)

(ਹਾਲਾਂ ਵੀ ਕੁਝ ਮੈਂਬਰ ਸਾਹਿਬਾਨ ਬਗੈਰ ਪਰਮਿਸ਼ਨ ਦੇ ਬੋਲ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਪੈ ਰਿਹਾ ਸੀ। ** ** **)

ਸ਼੍ਰੀ ਸਪੀਕਰ : ਇਹ ਜੋ ਕੁਝ ਵੀ ਬਗੈਰ ਮੇਰੀ ਪਰਮਿਸ਼ਨ ਦੇ ਕਿਹਾ ਜਾ ਰਿਹਾ ਹੈ, ਇਹ ਰਿਕਾਰਡ ਨਾ ਕੀਤਾ ਜਾਵੇ।

(ਹਾਲਾਂ ਵੀ ਸਦਨ ਵਿਚ ਕਾਫੀ ਸ਼ੋਰ ਪੈ ਰਿਹਾ ਸੀ।)

ਸ਼੍ਰੀ ਸਪੀਕਰ : ਗੁਪਤਾ ਜੀ, ਤੁਸੀਂ ਸ਼ੁਰੂ ਕਰੋ।

ਰਾਜ ਮੰਤਰੀ, ਕਿਰਤ ਤੇ ਰੋਜ਼ਗਾਰ (ਸ਼੍ਰੀ ਪ੍ਰੇਮ ਗੁਪਤਾ) : ਸਪੀਕਰ ਸਾਹਿਬ, ਪਹਿਲੇ ਇਨ੍ਹਾਂ ਨੂੰ ਤਾਂ ਬਿਠਾਓ। (ਵਿਘਨ) ਸਪੀਕਰ ਸਾਹਿਬ, ਗਵਰਨਰ ਐਡਰੈਸ ਵਿਚ ਔਰ ਫਿਨਾਂਸ ਮਨਿਸਟਰ ਦੀ ਸਪੀਚ ਦੇ ਵਿਚ ਬਰਨਾਲਾ ਸਾਹਿਬ ਦੀ ਸਰਕਾਰ ਨੇ ਕਈ ਸਕੀਮਾਂ ਦਸੀਆਂ ਹਨ ਕਿ ਉਹ ਲੋਕਾਂ ਦੇ ਭਲੇ ਦੇ ਕੰਮ ਕਰ ਰਹੇ ਹਨ।

(ਇਸ ਵੇਲੇ ਸਦਨ ਵਿਚ ਐਨਾ ਸ਼ੋਰ ਸੀ ਕਿ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ।)

ਸ਼੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਰੂਲਜ਼ ਦੇ ਮੁਤਾਬਿਕ ਚਲੋ। ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ ਉਸ ਤੇ ਸਵਾਲ ਵੀ ਪੁਛ ਲਏ ਹਨ। ਤੁਸੀਂ ਸਾਰਿਆਂ ਨੇ ਰੂਲਜ਼ ਪੜ੍ਹੇ ਹਨ ਕਿ ਇਕ ਸਵਾਲ ਪੁਛਿਆ ਜਾ ਸਕਦਾ ਹੈ। ਪਰ ਇਥੇ ਇਕ ਮਨਿਸਟਰ ਨੇ ਵੀ ਔਰ ਸੀ. ਐਮ. ਸਾਹਿਬ ਨੇ ਵੀ ਇੰਟਰ-ਵੀਨ ਕਰਕੇ ਜਵਾਬ ਦਿੱਤਾ ਹੈ। ਜੇ ਕਾਲ ਅਟੈਨਸ਼ਨ ਮੋਸ਼ਨ ਤੇ ਹੋਰ ਸਵਾਲ ਪੁਛਿਆ ਜਾ ਸਕਦਾ ਹੈ ਤਾਂ ਮੈਨੂੰ ਸਮਝਾ ਦਿਓ। (ਵਿਘਨ) (ਸ਼ੋਰ)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ, ਕਿਰਤ ਤੇ ਰੋਜ਼ਗਾਰ : ਤੁਸੀਂ ਪਹਿਲੇ ਇਨ੍ਹਾਂ ਨੂੰ ਤਾਂ ਬੰਦ ਕਰਾਓ । ਤੁਸੀਂ ਸਪੀਕਰ ਹੋ । (ਸ਼ੋਰ) (ਵਿਘਨ)

ਸਪੀਕਰ ਸਾਹਿਬ, ਗਵਰਨਰ ਐਡਰੈਸ ਵਿਚ ਵੀ ਅਤੇ ਬਜਟ ਸਪੀਚ ਵਿਚ ਵੀ ਛੋਟੇ ਤਬਕੇ ਦੀ ਭਲਾਈ ਲਈ ਬਹੁਤ ਸਕੀਮਾਂ ਦਸੀਆਂ ਗਈਆਂ ਹਨ। ਇਸ ਤੋਂ ਇਲਾਵਾ ਬਰਨਾਲਾ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਜਿਹੜਾ ਕਿ ਬਹੁਤ ਚੰਗਾ ਹੈ .....

(ਬਹੁਤ ਸਾਰੇ ਮੈਂਬਰ ਸਾਹਿਬਾਨ ਇਕੱਠੇ ਹੀ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਹਾਊਸ ਵਿਚ ਬਹੁਤ ਸ਼ੋਰ ਸ਼ਰਾਬਾ ਪੈ ਰਿਹਾ ਸੀ । ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ। ** ** **)

ਸ਼੍ਰੀ ਸਪੀਕਰ : ਤੁਸੀਂ ਸਾਰੇ ਆਨਰੇਬਲ ਮੈਂਬਰ ਸਾਹਿਬ ਬੈਠ ਜਾਓ। ਜੋ ਮੇਰੀ ਪਰਮਿਸ਼ਨ ਤੋਂ ਬਗੈਰ ਮੈਂਬਰ ਸਾਹਿਬਾਨ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

SQUATTING ON THE FLOOR OF THE HOUSE

(ਇਸ ਵੇਲੇ ਅਕਾਲੀ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਨੇ ਸਾਹਮਣੇ ਵਾਲੇ ਬੈਂਚਾਂ ਤੋਂ ਆਕੇ ਹਾਊਸ ਦੇ ਵੈਲ ਵਿਚ ਧਰਨਾ ਮਾਰਿਆ ਅਤੇ ਉਹ ਕੁਝ ਬੋਲ ਰਹੇ ਸਨ । ** ** **)

ਸ਼੍ਰੀ ਸਪੀਕਰ : ਇਹ ਜੋ ਮੈਂਬਰ ਸਾਹਿਬਾਨ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ।

STATEMENT BY THE MINISTER OF STATE FOR LABOUR AND EMPLOYMENT RE. REVISION OF MINIMUM WAGES

Minister of State for Labour and Employment (Shri Prem Gupta) : Keeping in view the welfare of the industrial workers the Government has decided to raise the minimum rates of wages in 32 employments w.e.f. 1st April, 1987 for different categories of workers, the details of which are given below :—

			Rs. P.M.
1.	Un-skilled	..	501 ·00
2.	Semi-skilled lower	..	530 ·00
3.	Semi-skilled upper	..	555 ·00
4.	Skilled lower	..	570 ·00
5.	Skilled upper	..	615 ·00
6.	Highly skilled lower	..	655 ·00
7.	Highly skilled upper	..	685 ·00
8.	Clerk Time-keeper, Salesman, Conductor, Store-keeper	..	580.00

** Not recorded as ordered by the Chair.

Original with;
Punjab Vidhan Sabha
Digitized by;
Panjab Digital Library

[Minister of State for Labour and Employment]

9.	Accountant, Graduate Clerk, Assistant Supervisor Car Driver, Cashier, Muneem, Steno-typist Ugrahia ..	610·00
10.	Bus/Truck/Tempo Driver, Supervisor, Stenographer ..	685·00

The minimum wages have been linked with consumer, Price Index Number State Series 1976-100 with quarter ending March, 1987 as its base. The rate of neutralisation is Rs. 2.25 per point in case of monthly rated and 9 paise in case of daily rated employees. The revision of minimum wages will benefit more than 3 lakh industrial workers in the State. These wages are highest in the northern region. This statement is laid on the Table of the House alongwith the list of 32 employments.

(interruption)

Statement

S.No.	Name of the employment
1.	Saw Mills and Timber Trade
2.	(a) Ferrous Metal Rolling and Re-Rolling Industries
	(b)(i) Non-ferrous Metal rolling and Re-Rolling Industries
	(ii) Brass, Copper, Alluminium Utensils Making Industries.
3.	Electroplating by using salts of chromium, Nickle or any other compound and the connected Buffing and Polishing industry.
4.	Rubber Industry
5.	Private Presses
6.	Rice Mills, Floor Mills and Dal Mills
7.	Ayurvedic and Unani Pharmacies
8.	Oil Mills
9.	Shops and Commercial Establishments :—
	(a) Grocers, Karyana Merchants and Grain Dealers.
	(b)(i) General Merchants
	(ii) Cloth Merchants
	(c) Commission Agents and Bankers
	(d) Furniture Dealers or Manufacturers
	(e) Hotels, Restaurants, Tea Stalls and Halwais
10.	Foundaries with or without attached Machine Shops
11.	Cotton Ginning and Pressing Factories
12.	Scientific Industry
13.	Textile Industries
14.	Public Motor Transport Industry
15.	Surgical and Clinical Instruments Making Industries

Original with;
Punjab Vidhan Sabha
Digitized by;
Panjab Digital Library

16. Motor Body Builders

17. Bakeries including Biscuit Making establishments

18. Ice Factories and Cold Storages

19. Soap making and Silicate Manufacturing establishments

20. Automobile Repair Shops and Service Stations (not attached with any Public Motor Transport Company)

21. Petroleum Supply Station Establishments

22. Milk Processing and Milk Products Manufacturing Establishments excludin Halwais Shops

23. Cement pipe making Industries

24. Vegetable Ghee Manufacturing and Vegetable Oil Refining Establishments

25. Chemical and Distillery Industry

26. Agricultural Implements, Machine Tools and General Engineering including cycle parts and Electrical goods industry

27. Cinema Industry

28. Sports Goods Industry

29. Tanneries and Leather Manufacturies

30. Contractors establishments of the Forest Department

31. Local Authority

32. Stone breaking or Stone Crushing

MOTION UNDER RULE 16

Minister of State for Parliamentary Affairs (Sardar Baldev Singh Maan) Sir, I beg to move—

That the Vidhan Sabha (Assembly) at its rising this day shall stand adjourned *sine die*

ਸ਼੍ਰੀ ਸਪੀਕਰ : ਪ੍ਰਸਤਾਵ ਪੇਸ਼ ਕੀਤਾ ਗਿਆ——

ਕਿ ਵਿਧਾਨ ਸਭਾ ਅੱਜ ਇਸ ਦੇ ਸਥਗਨ ਤੋਂ ਬਾਅਦ ਅਣ-ਮਿੱਥੇ ਸਮੇਂ ਲਈ ਉਠ ਜਾਵੇਗੀ।

ਸ਼੍ਰੀ ਸਪੀਕਰ : ਪ੍ਰਸ਼ਨ ਹੈ——

ਕਿ ਵਿਧਾਨ ਸਭਾ ਅਜ ਇਸ ਦੇ ਸਥਗਨ ਤੋਂ ਬਾਅਦ ਅਣ-ਮਿੱਥੇ ਸਮੇਂ ਲਈ ਉਠ ਜਾਵੇਗੀ।

ਪ੍ਰਸਤਾਵ ਪ੍ਰਵਾਨ ਹੋਇਆ।

PAPERS LAID ON THE TABLE

Mr. Speaker : Papers to be laid on the Table.

Minister of State for Parliamentary Affairs (Sardar Baldev Singh Maan) : Sir, I beg to lay on the Table :—

(i) The Annual Administration Reprt of the Punjab Housing Development Board for the year 1984-85, alongwith statement explaining the reasons for delay in laying the said report on the Table of the House, as required under section 79(2) of the Punjab Housing Development Board Act, 1972.

Original with;
Punjab Vidhan Sabha
Digitized by;
Panjab Digital Library

[Minister of State for Parliamentary Affairs]

(ii) The Report of Mr. Justice K.K. Dube, Commission of Inquiry, Punjab, regarding the causes of and the developments leading to the outbreak of riots and arson at Patiala on and after 2nd May, 1983 and circumtances leading to the death of Ashok Kumar at Patiala together with a Memorandum of the action taken thereon ;

(iii) The Report of Dube Commission of Inquiry into Rasta Roko incidents on 4th April, 1983, together with a Memorandum of the action taken thereon, as required under section 3(4) of Commission of Inquiry Act, 1952.

(iv) The Inquiry Report of the Tiwana Commission of Inquiry, Punjab regarding the alleged tourture of N.S.A. detenus lodged at Ladha Kothi Jail (Sangrur), together with a Memorandum of action taken thereon, as required under secton 3(4) of Commssion of Inqury Act, 1952.

(v) The Annual Report of the Punjab Agricultural, University, Ludhiana for the year 1984-85, alongwith the Government's comments thereon as required under section 39(3) of the Haryana and Punjab Agricultural Universities Act, 1970 (Interruption)

ਸ੍ਰੀ ਸਪੀਕਰ : ਮੈਂ ਸਾਰੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਸਾਰੇ ਆਪਣੀਆਂ ਸੀਟਾਂ ਤੇ ਬੈਠ ਜਾਣ। ਕੈਪਟਨ ਸਾਹਿਬ, ਤੁਸੀਂ ਵੀ ਬੈਠ ਜਾਓ । Please take it seriously.

ਜਦੋਂ ਮੈਂ ਲੇਬਰ ਮਨਿਸਟਰ ਸਾਹਿਬ ਨੂੰ ਸਟੇਟਮੈਂਟ ਦੇਣ ਲਈ ਕਿਹਾ ਸੀ ਰੂਲਜ਼ ਦੇ ਮੁਤਾਬਿਕ, ਉਸ ਵੇਲੇ ਵੀ ਬੇਨਤੀ ਕੀਤੀ ਸੀ ਕਿ ਉਨ੍ਹਾਂ ਦਾ ਬਿਆਨ ਮੁਕੰਮਲ ਹੋਣ ਤੋਂ ਬਾਅਦ ਜੋ ਵੀ ਸੱਜਣ ਕੁਝ ਕਹਿਣਾ ਚਾਹੁੰਦੇ ਹੋਣ, ਉਨ੍ਹਾਂ ਨੂੰ ਸਮਾਂ ਦਿੱਤਾ ਜਾਵੇਗਾ, ਮੈਂ ਸਮਾਂ ਦੇਣ ਨੂੰ ਤਿਆਰ ਹਾਂ। ਜੇ ਤੁਸੀਂ ਅਜਿਹਾ ਚਾਹੁੰਦੇ ਹੋ ਤਾਂ ਪਹਿਲਾਂ ਆਪਣੀਆਂ ਸੀਟਾਂ ਤੇ ਬੈਠੋ।

(ਇਸ ਵੇਲੇ ਅਕਾਲੀ ਪਾਰਟੀ ਦੇ ਕੁਝ ਆਨਰੇਬਲ ਮੈਂਬਰਜ਼ ਜਿਹੜੇ ਖੜੇ ਸਨ, ਆਪਣੀਆਂ ਸੀਟਾਂ ਤੇ ਬੈਠ ਗਏ।)

Minister of State for Parlimentary Affairs : Sir, I beg to introduce the Punjab General..........

Mr. Speaker : Maan Sahib, Please take your Seat.

ਕੈਪਟਨ ਅਮਰਿੰਦਰ ਸਿੰਘ : ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਜਦੋਂ ਵੀ ਸਾਡੇ ਵਲੋਂ ਕੋਈ ਸਵਾਲ ਹੁੰਦਾ ਹੈ ਸਾਡੀ ਪਾਰਟੀ ਦੇ ਮੈਂਬਰਾਂ ਵਲੋਂ, ਤਾਂ ਉਸ ਦਾ ਹਮੇਸ਼ਾ ਗੋਲਮੋਲ ਜਵਾਬ ਦਿੱਤਾ ਜਾਂਦਾ ਹੈ ਜਦ ਕਿ ਕੋਈ ਡਾਇਰੈਕਟ ਜਵਾਬ ਦੇਣਾ ਚਾਹੀਦਾ ਹੈ। ਇਹ ਕੀ, ਕਿ ਕੋਈ ਲੰਬੀ ਸਪੀਚ ਪੜ੍ਹ ਦਿੱਤੀ, ਅਸੀਂ ਇਹ ਕੀਤਾ ਸੀ, ਉਹ ਕੀਤਾ ਸੀ। ਇਹ ਸਾਡੇ ਤੇ ਚਾਰਜ ਲਾਉਂਦੇ ਹਨ ਕਿ ਅਸੀਂ ਪੰਜਾਬ ਦੀ ਅਮਨ ਅਤੇ ਸ਼ਾਂਤੀ ਭੰਗ ਕਰਦੇ ਹਾਂ। ਅਸੀਂ ਕਦੋਂ ਕੀਤੀ ਹੈ ਸ਼ਾਂਤੀ ਭੰਗ ਜਿਹੜਾ ਸਰਦਾਰ ਬਚਿੱਤਰ ਸਿੰਘ ਜੀ ਨੇ ਸਵਾਲ ਕੀਤਾ ਸੀ, ਇਹ ਉਸ ਦਾ ਡਾਇਰੈਕਟ ਜਵਾਬ ਦੇਣ।

ਸਰਦਾਰ ਬਚਿੱਤਰ ਸਿੰਘ : ਸਪੀਕਰ ਸਾਹਿਬ, ਰਾਜੀਵ ਗਾਂਧੀ ਦਾ ਅਖਬਾਰਾਂ ਵਿੱਚ ਬਿਆਨ ਛਪਿਆ ਹੈ ਕਿ ਲਿਖਤੀ ਸਮਝੌਤੇ ਤੋਂ ਇਲਾਵਾ ਸਾਡਾ ਹੋਰ ਕੋਈ ਇਨ੍ਹਾਂ ਨਾਲ ਸਮਝੌਤਾ ਨਹੀਂ ਹੈ। ਇਹ ਦੱਸਣ ਕਿ ਕੀ ਉਹ ਮੁਕਰ ਗਿਆ ਹੈ ਜਾਂ ਇਹ ਤਖਤ ਤੇ ਖੜ੍ਹ ਕੇ ਸਾਡੇ ਨਾਲ (**) ਬੋਲਦੇ ਰਹੇ ਹਨ ?

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਤੀਸਰਾ ਪੁਆਇੰਟ ਇਹ ਹੈ ਕਿ ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਇਹ ਸੱਜਣ ਹਨ, ਜਿਹੜੇ ਪੰਜਾਬ ਦਾ ਅਮਨ ਅਤੇ ਸ਼ਾਂਤੀ ਨੂੰ ਵਿਗਾੜਦੇ ਹਨ। ਇਹੀ ਸਾਡੇ ਸਮਝੌਤੇ ਨੂੰ ਸਿਰੇ ਨਹੀਂ ਚੜਨ ਦਿੰਦੇ। ਇਹ ਐਲੀਗੇਸ਼ਨ ਹੈ। ਅਸੀਂ ਵੀ ਚਾਹੁੰਦੇ ਹਾਂ ਕਿ ਪੰਜਾਬ ਵਿੱਚ ਅਮਨ ਅਤੇ ਸ਼ਾਂਤੀ ਹੋਵੇ। ਅਸੀਂ ਵੀ ਡੈਮੋਕਰੇਟਿਕ ਸਿਧਾਂਤਾਂ ਵਿੱਚ ਪੂਰਣ ਵਿਸ਼ਵਾਸ ਰਖਦੇ ਹਾਂ। ਇਹ ਉਲਟਾ ਕਾਊਂਟਰ ਐਲੀਗੇਸ਼ਨ ਲਗਾ ਰਹੇ ਹਨ। ਇਹ ਉਲਟ ਗੱਲਾਂ ਹਨ। ਇਨ੍ਹਾਂ ਨੂੰ ਤੁਸੀਂ ਹਾਊਸ ਦੀਆਂ ਪ੍ਰੋਸੀਡਿੰਗਜ਼ ਵਿਚੋਂ ਕਟਾਓ। ਜਿਹੜਾ ਪੰਜਾਬ ਵਿਚ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਅਮਨ ਭੰਗ ਹੈ, ਉਸ ਦਾ ਕਾਰਣ ਹੈ ਕਿ ਜੋਧਪੁਰ ਦੇ ਕੈਦੀਆਂ ਨੂੰ ਨਾ ਛੱਡਣਾ, ਧਰਮੀ ਫੌਜੀਆਂ ਨੂੰ ਨਾ ਛੱਡਕਾ, ਦਿੱਲੀ ਦੇ ਦੰਗਿਆਂ ਬਾਰੇ ਜਿਹੜੀ ਮਿਸ਼ਰਾ ਕਮਿਸ਼ਨ ਨੇ ਵੀ ਰਿਪੋਰਟ ਦੇ ਦਿੱਤੀ ਹੈ, ਉਨ੍ਹਾਂ ਦੰਗਿਆਂ ਦੇ ਕਾਤਲਾਂ ਨੂੰ ਸਜਾਵਾਂ ਨਾ ਦੇਣੀਆਂ, ਜਿਹੜੇ ਦਿੱਲੀ ਵਿੱਚ ਕਾਤਲ ਵਜ਼ੀਰ ਵੀ ਬੈਠੇ ਹਨ, ਉਨ੍ਹਾਂ ਤੇ ਕੋਈ ਐਕਸ਼ਨ ਨਾ ਲਿਆ ਜਾਣਾ, ਇਹ ਪੰਜਾਬ ਦੀ ਸ਼ਾਂਤੀ ਭੰਗ ਕਰਨ ਦੇ ਕਾਰਣ ਹਨ। ਇਹ ਜਦੋਂ ਤੱਕ ਗੱਲਾਂ ਠੀਕ ਨਹੀਂ ਹੁੰਦੀਆਂ, ਪੰਜਾਬ ਵਿੱਚ ਅਮਨ ਨਹੀਂ ਹੋ ਸਕਦਾ। ਇਨ੍ਹਾਂ ਨੇ ਕੀ ਅਮਨ ਕਰਾਇਆ ਹੈ ? ਇਹ ਐਲੀਗੇਸ਼ਨ ਵਾਪਸ ਲੈਣ ਕਿ ਇਨ੍ਹਾਂ ਨੇ ਅਮਨ ਭੰਗ ਕਰਾਇਆ ਹੈ।

Captain Amarinder Singh : ** **

Mr. Speaker : Please take your seat. You have already taken an opportunity.

Captain Amarinder Singh : ** **

Mr. Speaker : You have already spoken. I will not allow you now to speak.

Captain Amarinder Singh : ** ** **

Mr. Speaker : Whatever is being said without my permission will not form part of the proceedings. Please sit do wn.

Three points have been raised, but these are no Points of Order. But even then the Chief Minister wants to make a statement, he can (Interruption). Please take your seat, Captain Sahib.

Captain Amarinder Singh : ** ** **

Mr. Speaker : You have no right to speak. Whatever is being said by Captain Amarinder Singh without my permission, will not form part of the proceedings. You are obstructing the House.

Captain Amarinder Singh : ** ** **

Mr. Speaker : I have ruled it out. Please take your seat. If you defy the Chair I will have to name you (Interruptions).

Captain Amarinder Singh : ** ** **

Mr. Speaker : I call upon Chief Minister Sahib.

Chief Minister : I will give my statement if they sit and listen silently.

Captain Amarinder Singh : ** ** **

Mr. Speaker : You can have your say after the Chief Miniser's statement. Let him make the statement.

Captain Amarinder Singh : ** ** **

(At this stage some of hon. Members were standing in their seats).

Mr. Speaker : Please take your seats.

Captain Amarinder Singh : ** ** **

ਸ੍ਰੀ ਸਪੀਕਰ : ਜੋ ਕੁਝ ਕੈਪਟਨ ਸਾਹਿਬ ਨੇ ਕਿਹਾ ਹੈ। That will not form part of the record. I will call upon the Chief Minister to make a statement.

STATEMENT BY CHIEF MINISTER RE. IMPLEMENTATION OF RAJIV-LONGOWAL ACCORD

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਬੜੀ ਖੁਸ਼ੀ ਦੀ ਗਲ ਹੈ ਅੱਜ ਸਰਦਾਰ ਬਲਵਿੰਦਰ ਸਿੰਘ ਭੂੰਦੜ ਆਨਰੇਬਲ ਮੈਂਬਰ ਨੇ ਆਖਿਆ ਹੈ ਕਿ ਇਹ ਵੀ ਸਾਡੇ ਸਾਰਿਆਂ ਨਾਲ ਸ਼ਾਂਤੀ ਦਾ ਮਹੌਲ ਬਣਾਉਣ ਲਈ ਸਹਿਮਤ ਹਨ ਔਰ ਬਣਾਉਣ ਦੀ ਕੋਸ਼ਿਸ਼ ਕਰਦੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਹਨ। ਸਾਰਾ ਹਾਊਸ ਇਸ ਨੂੰ ਵੈਲਕਮ ਕਰਦਾ ਹੈ। ਸਾਡੇ ਸਾਰਿਆਂ ਦੀ ਡਿਜ਼ਾਇਰ ਹੋਣੀ ਚਾਹੀਦੀ ਹੈ ਕਿ ਪੰਜਾਬ ਦਾ ਮਾਹੌਲ ਸ਼ਾਂਤ ਰਹੇ। ਇਸ ਵਿਚ ਹੀ ਸਾਰੇ ਪੰਜਾਬ ਦਾ ਭਲਾ ਹੈ ਕਿ ਇਥੋਂ ਦਾ ਮਹੌਲ ਸ਼ਾਂਤ ਰਹੇ। ਦੂਸਰੇ ਸਵਾਲ ਦਾ ਮੈਂ ਜਵਾਬ ਦੇਣਾ ਚਾਹੁੰਦਾ ਹਾਂ। ਸਰਦਾਰ ਬਚਿੱਤਰ ਸਿੰਘ ਹੋਰਾਂ ਨੇ ਕਿਹਾ ਸੀ ਕਿ ਰਾਜੀਵ [**] ਬੋਲਦਾ ਹੈ ਜਾਂ ਅਸੀਂ [**] ਬੋਲਦੇ ਹਾਂ। ਇਹ [**] ਲਫਜ਼ ਅਨਪਾਰਲੀਮੈਂਟਰੀ ਹੈ। ਨਾ ਉਹ ਗਲਤ ਕਹਿ ਰਹੇ ਹਨ ਹੋਰ ਨਾ ਹੀ ਅਸੀਂ ਗਲਤ ਕਹਿ ਰਹੇ ਹਾਂ। ਜੋ ਅਕਾਰਡ ਤੋਂ ਪਹਿਲਾਂ ਗੱਲਾਂ ਹੋਈਆਂ ਉਸ ਬਾਰੇ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਇਨ੍ਹਾਂ ਨੂੰ ਸਾਰਿਆਂ ਨੂੰ ਦਸ ਕੇ ਦਿੱਲੀ ਗਏ ਸਨ। (ਵਿਘਨ) ਸਾਰੀਆਂ ਗੱਲਾਂ ਸਪੱਸ਼ਟ ਹਨ ਔਰ ਸਾਰਿਆਂ ਨੂੰ ਮਿਲਕੇ ਐਫਰਟ ਕਰਨੀ ਚਾਹੀਦੀ ਹੈ ਤਾਕਿ ਉਸ ਦਾ ਮਕਸਦ ਅਚੀਵ ਕੀਤਾ ਜਾਏ। ਜਿਥੋਂ ਤੱਕ ਫੌਜੀਆਂ ਦਾ ਸਵਾਲ ਹੈ 2300 ਦੇ ਕਰੀਬ ਫੌਜੀ ਮੁੜਕੇ ਨੌਕਰੀਆਂ ਤੇ ਬਹਾਲ ਕਰ ਦਿੱਤੇ ਗਏ ਹਨ। ਬਾਕੀਆਂ ਲਈ ਪੈਨਸ਼ਨਾਂ ਦਾ ਪ੍ਰਬੰਧ ਕੀਤਾ ਗਿਆ ਹੈ। ਮੈਨੂੰ ਦਸਕੇ ਖੁਸ਼ੀ ਹੋਏਗੀ ਉਬੋਕੇ ਸਾਹਿਬ ਨੇ ਹੁਣੇ ਮੈਨੂੰ ਦਸਿਆ ਹੈ ਕਿ ਇਹ 500 ਤੋਂ ਵਧਾ ਕੇ 750 ਰੁਪਏ ਮਹੀਨਾ ਪੈਨਸ਼ਨ ਕਰ ਦਿੱਤੀ ਗਈ ਹੈ (ਥੰਪਿੰਗ) ਇਹ ਇਨ੍ਹਾਂ ਦੇ ਘਰ ਭਿਜਵਾ ਦਿਆ ਕਰਾਂਗੇ। ਇਹ ਪ੍ਰਬੰਧ ਕਰ ਦਿੱਤਾ ਗਿਆ ਹੈ।

ਸ੍ਰੀ ਸਪੀਕਰ : ਸਿਖਿਆ ਬੋਰਡ (ਅਮੈਂਡਮੈਂਟ) ਬਿਲ, 1987 ਲਿਆ ਜਾਂਦਾ ਹੈ।

(ਇਸ ਵੇਲੇ ਸਦਨ ਵਿਚ ਐਨਾ ਸ਼ੋਰ ਸੀ ਕਿ ਕੁਝ ਸੁਣਾਈ ਨਹੀਂ ਦਿੰਦਾ ਸੀ।)

ਇਸ ਸਮੇਂ ਅਕਾਲੀ ਪਾਰਟੀ ਦੇ ਕੁਝ ਮਾਨਯੋਗ ਮੈਂਬਰ ਆਫੀਸ਼ਿਅਲ ਰਿਪੋਰਟਰਜ਼ ਦੀ ਟੇਬਲ ਕੋਲ ਆ ਕੇ ਖੜੇ ਹੋ ਗਏ ਔਰ ਨਾਹਰੇ ਲਗਾਉਣ ਲੱਗ ਗਏ ** ** **

ਸ੍ਰੀ ਸਪੀਕਰ : ਇਹ ਜੋ ਵੀ ਬਗੈਰ ਇਜਾਜ਼ਤ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਏ। (ਵਿਘਨ) (ਸ਼ੋਰ)

Information and Public Relations Minister (Sardar Natha Singh Dalam) : ** ** **

(ਇਸ ਸਮੇਂ ਅਕਾਲੀ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਸਦਨ ਦੇ ਵੈੱਲ ਵਿਚ ਖੜੇ ਬੋਲ ਰਹੇ ਸਨ ਅਤੇ ਨਾਹਰੇ ਲਗਾ ਰਹੇ ਸਨ ** ** **)

ਸ੍ਰੀ ਸਪੀਕਰ : ਇਹ ਜੋ ਕੁਝ ਕਿਹਾ ਜਾ ਰਿਹਾ ਹੈ that should not be recorded.

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹਵਾਂਗਾ।

ਕੁਝ ਆਵਾਜ਼ਾਂ : ਸਪੀਕਰ ਸਾਹਿਬ, ਅਸੀਂ ਇਨ੍ਹਾਂ ਨੂੰ ਸੁਣਨ ਵਾਸਤੇ ਤਿਆਰ ਨਹੀਂ ਹਾਂ।

ਕੈਪਟਨ ਅਮਰਿੰਦਰ ਸਿੰਘ : ਪਹਿਲਾਂ ਅਸੀਂ ਬੋਲਾਂਗੇ, ਫਿਰ ਇਹ ਬੋਲਣਗੇ। We are not going to listen him (Interruptions).

**Not recorded/Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਸਾਰੇ ਮੈਂਬਰ ਸਾਹਿਬਾਨ ਨੂੰ ਕਿ ਕ੍ਰਿਪਾ ਕਰਕੇ ਆਪਣੀਆਂ ਆਪਣੀਆਂ ਸੀਟਾਂ ਤੇ ਬੈਠ ਜਾਓ। ਮੈਂ ਸਮਝਦਾ ਹਾਂ ਕਿ ਜਿਹੜੇ ਮੈਂਬਰ ਬੋਲ ਚੁੱਕੇ ਹਨ, ਜਿਹੜੇ ਇਕ ਵਾਰੀ ਸਮਾਂ ਲੈ ਚੁੱਕੇ ਹਨ, ਉਨ੍ਹਾਂ ਤੋਂ ਇਲਾਵਾ ਜੇ ਕੋਈ ਸੱਜਣ ਬੋਲਣਾ ਚਾਹੁੰਣ ਤਾਂ ਉਨ੍ਹਾਂ ਨੂੰ ਸਮਾਂ ਦਿੱਤਾ ਜਾਵੇਗਾ। (ਵਿਘਨ) ਤੁਸੀਂ ਆਪਣੀਆਂ ਆਪਣੀਆਂ ਸੀਟਾਂ ਤੇ ਬੈਠੋ।

ਆਵਾਜ਼ਾਂ : ਨਹੀਂ ਜੀ, ਨਹੀਂ ਜੀ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਮੈਂ ਨੀਚੇ ਬੈਠਿਆਂ ਨੂੰ ਰੀਕੁਗਨਾਈਜ਼ ਨਹੀਂ ਕਰਾਂਗਾ। (ਵਿਘਨ) ਤੁਸੀਂ ਕ੍ਰਿਪਾ ਕਰਕੇ ਆਪਣੀਆਂ ਸੀਟਾਂ ਤੇ ਬੈਠ ਜਾਓ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਾਡੇ ਲੀਡਰ ਦਾ ਬੋਲਣ ਦਾ ਹੱਕ ਹੈ, ਤੁਸੀਂ ਉਨ੍ਹਾਂ ਨੂੰ ਟਾਈਮ ਦਿਓ। ਸਾਡਾ ਲੀਡਰ ਬੋਲੇਗਾ।

ਡਾਕਟਰ ਕੇਵਲ ਕ੍ਰਿਸ਼ਨ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ ਤੁਸੀਂ ਹਾਊਸ ਨੂੰ ਕੁਝ ਦੇਰ ਲਈ ਐਡਜਰਨ ਕਰ ਲਓ ਅਤੇ ਇਨ੍ਹਾਂ ਨਾਲ ਚੈਂਬਰ ਵਿੱਚ ਗੱਲ ਕਰ ਲਓ। ਹਾਊਸ ਫਿਰ ਅਸੈਂਬਲ ਕਰ ਲਓ (ਸ਼ੋਰ) ਇਹ ਅੱਛੀ ਗੱਲ ਹੈ ਕਿ ਤੁਸੀਂ ਇਨ੍ਹਾਂ ਨੂੰ ਪਹਿਲਾਂ ਸੁਣ ਲਓ। (ਸ਼ੋਰ) (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਸੁਜੈਸ਼ਨ ਦੇਣਾ ਚਾਹੁੰਦਾ ਹਾਂ (ਸ਼ੋਰ) (ਵਿਘਨ) ਮੈਂ ਇਹ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਕਿ ਅੱਜ ਅਖ਼ੀਰਲਾ ਦਿਨ ਹੈ ਇਨ੍ਹਾਂ ਨੂੰ ਬੋਲਣ ਦਾ ਸਾਰਾ ਟਾਈਮ ਦੇ ਦਿਓ। (ਵਿਘਨ) (ਸ਼ੋਰ)

ਸ੍ਰੀ ਸਪੀਕਰ : ਕਿਰਪਾ ਕਰਕੇ ਆਪਣੀਆਂ ਸੀਟਾਂ ਤੇ ਬੈਠੋ। (ਸ਼ੋਰ) ਮੇਰੀ ਬੇਨਤੀ ਹੈ ਕਿ ਜਿਹੜੇ ਸਜਣ ਬੋਲਣਾ ਚਾਹੁੰਣਗੇ ਉਨ੍ਹਾਂ ਨੂੰ ਸਮਾਂ ਦਿੱਤਾ ਜਾਵੇਗਾ।

Captain Amarinder Singh.. We are not going to stop. Accept the suggestion of Dr. Kewal Krishan.

Mr. Speaker : I do not accept the suggestion of Dr. Sahib.

ਮੁੱਖ ਮੰਤਰੀ : ਅਜ ਦੇ ਦਿਨ ਦਾ ਸਾਰਾ ਸਮਾਂ ਇਨ੍ਹਾਂ ਨੂੰ ਬੋਲਣ ਦਾ ਦਿੱਤਾ ਜਾਵੇ। ਜਿੰਨਾਂ ਜਿੰਨਾਂ ਸਮਾਂ ਇਨ੍ਹਾਂ ਨੇ ਬੋਲਣਾ ਹੈ, ਬੋਲ ਲੈਣ। (ਸ਼ੋਰ) (ਵਿਘਨ)

ਸ੍ਰੀ ਸਪੀਕਰ : ਜਿਹੜੇ ਸਜਣ ਬੋਲਣਾ ਚਾਹੁਣ ਉਨ੍ਹਾਂ ਨੂੰ ਸਮਾਂ ਦਿੱਤਾ ਜਾਵੇਗਾ, ਤੁਸੀਂ ਆਪਣੀਆਂ ਆਪਣੀਆਂ ਸੀਟਾਂ ਤੇ ਚਲੇ ਜਾਵੋ। I will give the opportunity to all the members, who want to speak ਕਿਰਪਾ ਕਰਕੇ ਆਪਣੀਆਂ ਸੀਟਾਂ ਤੇ ਚਲੇ ਜਾਵੋ।

(ਇਸ ਵਕਤ ਸਦਨ ਦੇ ਵੈਲ ਵਿੱਚ ਬੈਠੇ ਮਾਨਯੋਗ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਚਲੇ ਗਏ)

ਪੰਡਿਤ ਸਰਵਣ ਰਾਮ ਮਨਸੋਵਾਲੀਆ : ** ** **

Mr. Speaker : This is no point of order.

(ਇਸ ਵਕਤ ਮਾਨਯੋਗ ਮੈਂਬਰ, ਪੰਡਿਤ ਮੋਹਨ ਲਾਲ ਜੀ ਬੋਲਣ ਲਈ ਖੜੇ ਸਨ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਪੰਡਿਤ ਮੋਹਨ ਲਾਲ ਜੀ, ਤੁਸੀਂ ਪੁਆਇੰਟ ਆਫ਼ ਆਰਡਰ ਤੇ ਬੋਲਣਾ ਚਾਹੁੰਦੇ ਹੋ ਜਾਂ ਬਿਲ ਤੇ ਬੋਲਣਾ ਚਾਹੁੰਦੇ ਹੋ ? (ਵਿਘਨ) ਅਸੀਂ ਬਿਲ ਦੀ ਪੰਜਵੀਂ ਕਲਾਜ਼ ਤੇ ਹਾਂ।

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਜੋ ਕੁਝ ਹੋਇਆ ਹੈ ਉਸ ਵੇਲੇ ਹਾਊਸ ਇਨ ਆਰਡਰ ਨਹੀਂ ਸੀ। I would like the Bill to be taken up afresh.

ਮਾਸਟਰ ਮੋਹਨ ਲਾਲ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਅਮੈਂਡਿੰਗ ਬਿਲ ਹੈ......

ਸ਼੍ਰੀ ਸਪੀਕਰ : ਮਾਸਟਰ ਜੀ, ਉਸ ਤੇ ਤੁਹਾਨੂੰ ਬੋਲਣ ਦਾ ਮੌਕਾ ਦਿੱਤਾ ਜਾਵੇਗਾ।

ਕੈਪਟਨ ਅਮਰਿੰਦਰ ਸਿੰਘ : ** ** **

Mr. Speaker : You are casting aspersions on the Chair. This is no point of order. These words should be deleted.

ਸਰਦਾਰ ਸੁਖਦੇਵ ਸਿੰਘ ਢੀਂਡਸਾ : ** ** **

ਸ਼੍ਰੀ ਸਪੀਕਰ : ਇਹ ਸ਼ਬਦ ਐਕਸਪੰਜ ਕਰ ਦਿੱਤੇ ਜਾਣ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ** ** **

Mr. Speaker : This is no point of order.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਫਿਰ ਤੁਸੀਂ ਸਭ ਕੁਝ ਕਟਾ ਦਿੱਤਾ। ਅਸੀਂ ਜਿਹੜੀ ਗੱਲ ਕਰਦੇ ਹਾਂ, ਕਟਾ ਦਿੰਦੇ ਹੋ।

Mr. Speaker : It is provided in the Rules that you cannot make a speech at this juncture. This is no Point of Order. ਮੈਂ ਤੁਹਾਨੂੰ ਮੌਕਾ ਦਿੱਤਾ ਹੈ, ਸੁਣ ਲਿਆ ਹੈ, ਮੈਂ ਰੂਲ ਆਊਟ ਕਰ ਦਿੱਤਾ ਹੈ। This is no point of order.

ਹਾਂ ਇਸ ਦੇ ਜਵਾਬ ਵਿਚ ਅਗਰ ਸੀ.ਐਮ. ਸਾਹਿਬ ਜਾਂ ਟਰੇਜ਼ਰੀ ਬੈਂਚਿਜ਼ ਤੋਂ ਕੋਈ ਕੁਝ ਕਹਿਣਾ ਚਾਹੁੰਦਾ ਹਾਂ ਤਾਂ ਉਹ ਕਹਿ ਸਕਦਾ ਹੈ। ਸੀ. ਐਮ. ਸਾਹਿਬ ਨੇ ਅਗੇ ਵੀ ਕਿਹਾ ਹੈ ਅਗਰ ਉਹ ਕਹਿਣਾ ਚਾਹੁੰਣ ਤਾਂ ਉਹ ਕਹਿ ਸਕਦੇ ਹਨ। ਮੌਕਾ ਦਿੱਤਾ ਜਾਏਗਾ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ। ਹਰ ਢੰਗ ਨਾਲ ਹਰ ਸਜਣ ਇਥੇ ਖਿਆਲ ਪ੍ਰਗਟ ਕਰ ਲਵੇ ਤੁਸੀਂ ਉਸ ਨੂੰ ਪੁੱਛਦੇ ਹੋ, ਇਹ ਵੀ ਅੱਛੇ ਸਜਣ ਹਨ ਆਪਣੀ ਗਲ ਕਰਨਾ ਚਾਹੁੰਦੇ ਹਨ। ਇਸ ਕਰਕੇ ਅਸੀਂ ਬਾਰ ਬਾਰ ਇਹੀ ਜ਼ਿਕਰ ਕਰਦੇ ਹਾਂ। ਜਦੋਂ ਹਾਊਸ ਚਲਦਾ ਹੈ ਇਹ ਦੋਸ਼ ਬਾਰ ਬਾਰ ਲਗਦਾ ਰਹਿੰਦਾ ਹੈ ਔਰ ਕੋਈ ਚੀਜ਼ ਕਟਾਈ ਨਹੀਂ ਜਾ ਰਹੀ। ਹਰ ਵਾਰੀ ਸੀ. ਐਮ. ਸਾਹਿਬ ਨੇ ਸਾਡੇ ਮੈਂਬਰਜ਼ ਨੂੰ ਕਸੂਰ ਦੇਣ ਦੀ ਕੋਸ਼ਿਸ਼ ਕੀਤੀ ਹੈ। ਪਰ ਮੈਂ ਇਹ ਪੁੱਛਦਾ ਹਾਂ ਕਿ ਕਿਹੜਾ ਮੈਂਬਰ ਹੈ ਜਿਹੜਾ ਪੰਜਾਬ ਦਾ ਹਿੱਤ ਨਹੀਂ ਚਾਹੁੰਦਾ ? ਅਸੀਂ ਸਾਰੇ ਪੰਜਾਬ ਵਿਚ ਅਮਨ ਚਾਹੁੰਦੇ ਹਾਂ। ਸਾਨੂੰ ਸਮਝੌਤੇ ਨਾਲ ਕੋਈ ਅੜਿਕਾ ਨਹੀਂ, ਸਾਨੂੰ ਹੋਰ ਕੋਈ ਅੜਿਕਾ ਨਹੀਂ ਅਸੀਂ ਸਾਰੇ ਪੰਜਾਬੀ ਹਾਂ ਅਤੇ ਅਸੀਂ ਸਾਰੇ ਪੰਜਾਬ ਦੀ ਬਿਹਤਰੀ ਚਾਹੁੰਦੇ ਹਾਂ। ਪੰਜਾਬ ਦੀਆਂ ਕੁਝ ਜਾਇਜ਼ ਮੰਗਾਂ ਹਨ ਜਿਨਾਂ ਮੰਗਾਂ ਨੂੰ ਲੈ ਕੇ ਅਸੀਂ ਸਾਰਿਆਂ ਨੇ ਮੋਰਚਾ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਲਾਇਆ ਸੀ ਔਰ ਉਸ ਮੋਰਚੇ ਵਿਚ ਅਸੀਂ ਸਾਰੇ ਭਾਗੀਦਾਰ ਸੀ । ਹਰ ਪੰਜਾਬੀ ਚਾਹੁੰਦਾ ਹੈ ਕਿ ਪੰਜਾਬ ਨੂੰ ਪਾਣੀ ਮਿਲਣਾ ਚਾਹੀਦਾ ਹੈ, ਹਰ ਪੰਜਾਬੀ ਚਾਹੁੰਦਾ ਹੈ ਕਿ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ, ਪੰਜਾਬ ਦੇ ਕਿਸਾਨ ਨੂੰ ਜਿਹੜੇ ਪੂਰੇ ਭਾਅ ਨਹੀਂ ਮਿਲ ਰਹੇ ਉਹ ਪੂਰੇ ਮਿਲਣੇ ਚਾਹੀਦੇ ਹਨ, ਅਨੰਦਪੁਰ ਸਾਹਿਬ ਦਾ ਰੈਜੋਲਿਊਸ਼ਨ ਲਾਗੂ ਹੋਣਾ ਚਾਹੀਦਾ ਹੈ . .

ਸ਼੍ਰੀ ਸਪੀਕਰ : ਤੁਸੀਂ ਪੁਆਇੰਟ ਆਫ ਆਰਡਰ ਤੇ ਬੋਲੋ ।

ਸਰਦਾਰ ਬਲਵਿੰਦਰ ਸਿੰਘ ਭੂੰਦੜ: ਮੈਂ ਉਸ ਤੇ ਹੀ ਆਉਂਦਾ ਹਾਂ। ਇਹ ਮੈਨੂੰ ਇਸ ਕਰਕੇ ਕਹਿਣਾ ਪਿਆ ਹੈ ਕਿਉਂਕਿ ਇਥੇ ਸੀ.ਐਮ. ਸਾਹਿਬ ਆਪਣੇ ਜਵਾਬ ਨੂੰ ਬਹੁਤ ਲੰਬਾ ਕਰ ਗਏ ਸਨ। ਇਸ ਲਈ ਮੈਂ ਕਹਿੰਦਾ ਹਾਂ ਕਿ ਕੋਈ ਵੀ ਪੰਜਾਬੀ ਨਹੀਂ ਚਾਹੁੰਦਾ ਪੰਜਾਬ ਦੀ ਬੇਰੁਜ਼ਗਾਰੀ ਹਲ ਨਾ ਹੋਵੇ, ਅਮਨ ਨਾ ਹੋਵੇ, ਸਾਰੇ ਚਾਹੁੰਦੇ ਹਨ ਕਿ ਅਮਨ ਹੋਣਾ ਚਾਹੀਦਾ ਹੈ, ਅਨੰਦਪੁਰ ਦਾ ਰੈਜ਼ੋਲਿਊਸ਼ਨ ਲਾਗੂ ਹੋਣਾ ਚਾਹੀਦਾ ਹੈ। ਜੋਧਪੁਰ ਦੇ ਕੈਦੀ ਰਿਹਾਅ ਹੋਣੇ ਚਾਹੀਦੇ ਹਨ (ਵਿਘਨ) ਇਥੋਂ ਤੱਕ ਕਿ ਹਿੰਦੁਸਤਾਨ ਦੇ ਫਾਰਨ ਸੈਕਟਰੀ ਨੇ ਵੀ ਕਿਹਾ ਹੈ ਕਿ ਪੰਜਾਬ ਦੀ ਸਮੱਸਿਆ ਹਲ ਕਰਨ ਵਾਸਤੇ ਜੋਧਪੁਰ ਦੇ ਕੈਦੀ ਰਿਹਾਅ ਕਰਨੇ ਚਾਹੀਦੇ ਹਨ। ਹੋਰ ਵੀ ਕਈਆਂ ਨੇ ਕਿਹਾ ਹੈ। (ਵਿਘਨ)

ਸ਼੍ਰੀ ਸਪੀਕਰ : ਤੁਸੀਂ ਤਾਂ ਪੂਰੀ ਸਪੀਚ ਕਰਨ ਲੱਗੇ ਹੋ। 5 ਮਿੰਟ ਹੋ ਗਏ ਹਨ। ਤੁਸੀਂ ਪੁਆਇੰਟ ਆਫ਼ ਆਰਡਰ ਤੇ ਬੋਲਣਾ ਸੀ। ਤੁਸੀਂ ਬੈਠੋ ਹੁਣ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਬਸ ਜੀ ਮੈਂ ਇਹ ਕਹਿਣਾ ਚਾਹਵਾਂਗਾ ਕਿ ਜੇ ਅਮਨ ਚਾਹੁੰਦੇ ਹੋ ਤਾਂ ਇਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਤੁਹਾਨੂੰ ਪਤਾ ਹੈ ਕਿ ਪ੍ਰਾਈਮ ਮਨਿਸਟਰ ਨੇ ਇਕ ਪ੍ਰੈਸ ਕਾਨਫਰੈਂਸ ਵਿਚ ਕਿਹਾ ਸੀ ਕਿ ਪੰਜਾਬ ਦਾ ਸਮਝੌਤਾ ਲਾਗੂ ਹੋ ਚੁੱਕਾ ਹੈ। ਇਸ ਦੇ 11 ਪੁਆਇੰਟਾਂ ਵਿਚੋਂ 9 ਪੁਆਇੰਟ ਲਾਗੂ ਹੋ ਚੁੱਕੇ ਹਨ ਅਤੇ 2 ਪੁਆਇੰਟ ਪੰਜਾਬ ਦੇ ਸੀ.ਐਮ. ਲਾਗੂ ਨਹੀਂ ਹੋਣ ਦੇਣਾ ਚਾਹੁੰਦੇ। ਅਸੀਂ ਇਹ ਪੁੱਛਦੇ ਹਾਂ ਕਿ ਉਹ ਦੋ ਪਆਇੰਟ ਕਿਹੜੇ ਹਨ ਜਿਹੜੇ ਇਹ ਲਾਗੂ ਨਹੀਂ ਹੋਣ ਦੇਣਾ ਚਾਹੁੰਦੇ। ਦੂਸਰਾ, ਜਿਹੜੇ ਵਾਇਦੇ ਇਨ੍ਹਾਂ ਨੇ ਕੀਤੇ ਸਨ ਉਨਾਂ ਨੂੰ ਪੂਰਾ ਕਰਨ ਵਿਚ ਕੀ ਅੜਿਕਾ ਹੈ ਸਰਕਾਰ ਨੂੰ। ਇਹ ਇਥੇ ਦੱਸ ਦੇਣ।
(ਵਿਘਨ)

ਸ਼੍ਰੀ ਸਪੀਕਰ : ਤੁਸੀਂ ਬੈਠੋ।

ਸਰਦਾਰ ਗੁਰਦੇਵ ਸਿੰਘ ਬਾਦਲ : ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਪੰਜਾਬ ਵਿਚ ਅਮਨ ਤਦ ਤੱਕ ਨਹੀਂ ਆ ਸਕਦਾ ਜਦ ਤੱਕ ਜੋਧਪੁਰ ਦੇ ਮੁੰਡੇ ਛਡੇ ਨਹੀਂ ਜਾਂਦੇ। ਉਨ੍ਹਾਂ ਮੁੰਡਿਆਂ ਨੂੰ ਮਾਫ ਕੀਤਾ ਜਾਣਾ ਚਾਹੀਦਾ ਹੈ। ਸਪੀਕਰ ਸਾਹਿਬ, ਪੰਜਾਬ ਵਿਚ ਇਸ ਤਰ੍ਹਾਂ ਸ਼ਾਂਤੀ ਨਹੀਂ ਆ ਸਕਦੀ। ਸਾਡੀ ਗੱਲ ਨੂੰ ਗੌਰਮਿੰਟ ਜਾਣ ਬੁਝ ਕੇ ਨਜ਼ਰ ਅੰਦਾਜ਼ ਕਰ ਰਹੀ ਹੈ। ਅਸੀਂ ਵੀ ਚਾਹੁੰਦੇ ਹਾਂ ਕਿ ਸਾਡੀਆਂ ਧੀਆਂ ਭੈਣਾਂ ਜੋ ਕਿ ਬਗੈਰ ਕਸੂਰ ਤੋਂ ਅੰਦਰ ਹਨ ..... (ਵਿਘਨ) ਮੇਰੀ ਵੀ ਧੀ ਹੈ ਔਰ ਮੈਂ ਵੀ ਧੀਆਂਵਾਲਾ ਹਾਂ। ਜੇਕਰ ਮੇਰੀ ਧੀ ਨੂੰ ਕੋਈ ਜੇਲ੍ਹ ਵਿਚ ਬੰਦ ਰਖੇ ਔਰ ਉਸ ਦਾ ਕੋਈ ਕਸੂਰ ਵੀ ਨਾ ਹੋਵੇ ਤਾਂ ਸਾਨੂੰ ਕਿਤਨਾ ਦੁੱਖ ਹੋਵੇਗਾ। ਅਸੀਂ ਸਾਰੇ ਧੀਆਂ ਭੈਣਾਂ ਵਾਲੇ ਹਾਂ। ਅਸੀਂ ਉਨ੍ਹਾਂ ਬੇਕਸੂਰ ਬੱਚਿਆਂ ਦੇ ਹਿੱਤਾਂ ਦੀ ਗੱਲ ਕਰ ਰਹੇ ਹਾਂ। ਸਾਡੀ ਗੱਲ ਸਰਕਾਰ ਇਥੇ ਸੁਣਨ ਵਾਸਤੇ ਤਿਆਰ ਨਹੀਂ ਹੈ। ਹਰ ਇਕ ਬੰਦਾ ਆਪਣੇ ਦਿਲ ਤੇ ਹੱਥ ਰੱਖ ਕੇ ਕਹੇ ਜਦੋਂ ਕਿ ਉਨ੍ਹਾਂ ਦਾ ਕੋਈ ਕਸੂਰ ਹੀ ਨਹੀਂ ਹੈ। ਮੈਂ ਸੀ.ਐਮ. ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਨੂੰ ਛੱਡਣ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਦੇਵ ਸਿੰਘ ਬਾਦਲ]

ਇਹ ਸਾਨੂੰ ਉਲਾਂਭਾ ਦਿੰਦੇ ਹਨ। 26 ਜਨਵਰੀ ਨੂੰ ਚੰਡੀਗੜ੍ਹ ਜੋ ਪੰਜਾਬ ਨੂੰ ਮਿਲਣਾ ਸੀ ਤਾਂ ਉਸ ਵੇਲੇ ਅੜਿੱਕਾ ਕਿਸ ਨੇ ਪਾਇਆ? ਕਾਰਡ ਛਪੇ ਛਪਾਏ ਰਹਿ ਗਏ। ਇਸ ਦੇ ਕਸੂਰਵਾਰ ਕੀ ਅਸੀਂ ਹਾਂ? 14 ਜਨਵਰੀ ਨੂੰ ਫਿਰ ਅਲਟੀਮੇਟਮ ਦਿੱਤਾ ਸੀ।

ਸ੍ਰੀ ਸਪੀਕਰ : ਤੁਸੀਂ ਹੁਣ ਬਾਦਲ ਸਾਹਿਬ, ਸਮਾਪਤ ਕਰੋ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, 14 ਜਨਵਰੀ ਨੂੰ ਇਨ੍ਹਾਂ ਨੇ ਅਲਟੀ-ਮੇਟਮ ਦਿੱਤਾ ਸੀ। ਇਨ੍ਹਾਂ ਨੇ ਦੁੱਖੀ ਹੋ ਕੇ ਅਲਟੀਮੇਟਮ ਦਿੱਤਾ ਸੀ। ਕਸੂਰਵਾਰਾਂ ਤੇ ਕੋਈ ਵੀ ਮੁਕਦਮਾ ਨਹੀਂ ਚਲਾਇਆ ਗਿਆ। (ਵਿਘਨ) ਇਕ ਚਿੱਠੀ ਆ ਗਈ। ਅਕਾਰਡ ਲਾਗੂ ਕਰਾਂਗੇ। ਇਹ ਸਾਰਾ ਫਰੇਬ ਹੈ। ਭੋਲੇ ਭਾਲੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਇਆ ਜਾ ਰਿਹਾ ਹੈ।

ਸ੍ਰੀ ਸਪੀਕਰ : ਤੁਸੀਂ ਬੈਠ ਜਾਓ।

ਸਰਦਾਰ ਗੁਰਦੇਵ ਸਿੰਘ ਬਾਦਲ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਮੈਂ ਸਮਝਦਾ ਹਾਂ ਕਿ ਇਹ ਕੋਈ ਸ਼ੋਭਾ ਜਨਕ ਗੱਲ ਨਹੀਂ ਹੈ। ਮੈਂ ਸਾਰੇ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਅੱਜ ਸਿਟਿੰਗ ਦਾ ਲਾਸਟ ਡੇਅ ਹੈ। ਮੈਂ ਸਭ ਨੂੰ ਸਮਾਂ ਦਿੱਤਾ ਹੈ। ਪਰ ਤੁਸੀਂ ਸਮੇਂ ਨੂੰ ਠੀਕ ਢੰਗ ਨਾਲ ਨਹੀਂ ਵਰਤ ਰਹੇ। ਜੇਕਰ ਇਸ ਤਰ੍ਹਾਂ ਹਾਊਸ ਦਾ ਕੰਮ ਚਲੇਗਾ ਤਾਂ ਜਿਹੜੇ ਬਿਲਜ਼ ਆਉਣੇ ਹਨ, ਉਨ੍ਹਾਂ ਵਲ ਕੋਈ ਧਿਆਨ ਨਹੀਂ ਦਿੱਤਾ ਜਾਵੇਗਾ। ਇਸ ਤਰ੍ਹਾਂ ਅਸੀਂ ਪੰਜਾਬ ਦੇ ਲੋਕਾਂ ਨਾਲ ਇਨਸਾਫ ਨਹੀਂ ਕਰ ਸਕਾਂਗੇ। (ਵਿਘਨ)

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਬਿਲ ਤੇ ਬੋਲਣਾ ਚਾਹੁੰਦਾ ਹਾਂ। (ਵਿਘਨ) (ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਖੜ੍ਹੇ ਸਨ।)

ਸ੍ਰੀ ਸਪੀਕਰ : ਮੈਂ ਬੇਨਤੀ ਕਰਦਾ ਹਾਂ ਕਿ ਸਾਰੇ ਮੈਂਬਰ ਸਾਹਿਬਾਨ ਬੈਠ ਜਾਣ। There is no rule to force the Minister to make a statement.

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਪੁਆਇੰਟ ਆਫ ਆਰਡਰ ਰਿਕਾਰਡ ਤੋਂ ਕਟਾ ਦੇਣਾ ਚਾਹੀਦਾ ਹੈ। It should not from part of the record.

ਸ੍ਰੀ ਸਪੀਕਰ : ਉਹ ਨੋ ਪੁਆਇੰਟ ਆਫ ਆਰਡਰ ਹੈ।

WALK OUT

(ਇਸ ਸਮੇਂ ਅਕਾਲੀ ਪਾਰਟੀ ਦੇ ਕੁਝ ਮਾਨਯੋਗ ਮੈਂਬਰ ਸਾਹਿਬਾਨ ਹਾਊਸ ਵਿਚੋਂ ਵਾਕ-ਆਊਟ ਕਰ ਗਏ ਤੇ ਬਾਹਰ ਜਾਂਦੇ ਹੋਏ ਉਹ ਕੁਝ ਨਾਹਰੇ ਵੀ ਲਗਾ ਰਹੇ ਸਨ ** ** **)

ਸ੍ਰੀ ਸਪੀਕਰ : ਜਿਹੜੇ ਨਾਹਰੇ ਲਗਾਏ ਜਾ ਰਹੇ ਹਨ, ਉਹ ਰਿਕਾਰਡ ਨਾ ਕੀਤੇ ਜਾਣ।

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਬਿਲ ਉਤੇ ਬੋਲਣਾ ਚਾਹਵਾਂਗਾ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ।

*Expunged/not recorded as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਡੋਡ ਸਾਹਿਬ, ਦੱਸੋ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਇਨ੍ਹਾਂ ਨੇ, ਭੂੰਦੜ ਸਾਹਿਬ ਨੇ ਕਿਹਾ ਹੈ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਗੁਰੂ ਮਹਾਰਾਜ ਦੇ ਹੁਕਮ ਬਾਰੇ ,** ਬੋਲ ਕੇ ਕੋਈ ਲਫਜ਼ ਕਹੇ ਸਨ ਕਿ ਵਾਕ ਲੈ ਕੇ ਗਏ ਸਨ। ਇਹ ਨਾ ਉਥੇ ਸੀ, ਨਾ ਇਨ੍ਹਾਂ ਨੂੰ ਪਤਾ ਹੈ। ਇਹ ਕਿਵੇਂ ** ਸਕਦੇ ਹਨ ਕਿ ਉਹ ** ਬੋਲ ਕੇ ਕਹਿ ਸਕਦੇ ਹਨ।

ਸ਼੍ਰੀ ਸਪੀਕਰ : ** ਸ਼ਬਦ ਇਕ ਦਫਾ ਪ੍ਰਾਈਮ ਮਨਿਸਟਰ ਦੇ ਜ਼ਿਕਰ ਨਾਲ ਵੀ ਆਇਆ ਹੈ। ਇਹ ਜਿਥੇ ਵੀ ਆਇ ਆ ਹੈ, ਐਕਸਪੰਜ ਕਰ ਦਿੱਤਾ ਜਾਵੇ।

PERSONAL EXPLANATION BY FINANCE MINISTER

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਸਪੀਕਰ ਸਾਹਿਬ, ਮੈਂ ਹਾਊਸ ਵਿਚੋਂ ਬਾਹਰ ਸੀ। ਮੈਨੂੰ ਪਤਾ ਲੱਗਾ ਹੈ ਕਿ ਕੁਝ ਸੱਜਣਾਂ ਨੇ ਏਥੇ ਮੇਰੇ ਵੀ ਨਾਂ ਦਾ ਜ਼ਿਕਰ ਕੀਤਾ ਹੈ। ਬਰਨਾਲਾ ਸਾਹਿਬ ਦਾ ਔਰ ਬਲਵੰਤ ਸਿੰਘ ਦਾ। ਮੈਂ ਪਰਸਨਲ ਐਕਸਪਲੇਨੇਸ਼ਨ ਤੁਹਾਡੀ ਜਾਣਕਾਰੀ ਲਈ ਦੇਣਾ ਚਾਹੁੰਦਾ ਹਾਂ ਕਿ ਜਿਹੜਾ ਅਕਾਰਡ ਸੰਤ ਜੀ ਨੇ ਕੀਤਾ, ਉਸੇ ਅਕਾਰਡ ਦੇ ਬੇਸਿਜ਼ ਤੇ ਇਹ ਲੋਕ ਵੀ ਇਥੇ ਜਿੱਤ ਕੇ ਆਏ ਹਨ। ਅਕਾਰਡ ਇਕ ਲਿਵਿੰਗ ਡਾਕੂਮੈਂਟ ਹੈ। ਪੰਜਾਬ ਦੇ ਲੋਕਾਂ ਨੇ ਇਲੈਕਸ਼ਨਾਂ ਵਿੱਚ ਉਸ ਦੇ ਉਤੇ ਮੋਹਰ ਲਾਈ ਅਤੇ ਉਸ ਨੂੰ ਪੂਰਾ ਅਪਰੂਵ ਕੀਤਾ। ਜਿਹੜੇ ਇਧਰ ਬੈਠੇ ਹਨ, ਉਹ ਵੀ ਅਕਾਰਡ ਤੇ ਹੀ ਜਿੱਤ ਕੇ ਆਏ ਹਨ। ਜੇ ਇਨ੍ਹਾਂ ਨੂੰ ਇਹ ਅਕਾਰਡ ਮਨਜ਼ੂਰ ਨਹੀਂ ਤਾਂ ਇਹ ਰਿਜ਼ਾਈਨ ਕਰਨ ਅਤੇ ਨਵੇਂ ਸਿਰਿਉਂ ਜਿੱਤ ਕੇ ਆਉਣ ਫੇਰ ਅਸੀਂ ਸਮਝਾਂਗੇ । ਅਸੀਂ ਪੂਰਾ ਯਤਨ ਕਰ ਰਹੇ ਹਾਂ ਕਿ ਅਕਾਰਡ ਇਮਪਲੀਮੈਂਟ ਹੋਵੇ। ਬਰਨਾਲਾ ਸਾਹਿਬ ਦੀ ਪ੍ਰਾਈਮ-ਮਨਿਸਟਰ ਨਾਲ ਮੀਟਿੰਗ ਸੀ, ਮੈਂ ਵੀ ਉਥੇ ਗਿਆ ਸੀ, ਅਕਾਰਡ ਦੀ ਇਮਪਲੀਮੈਂਟੇਸ਼ਨ ਵਾਸਤੇ ਇਕ ਸਬ-ਕਮੇਟੀ ਬਣਾਈ ਹੋਈ ਹੈ ਅਤੇ ਜੋਧਪੁਰ ਦੇ ਕੈਦੀਆਂ ਨੂੰ ਛੁਡਾਉਣ ਵਾਸਤੇ ਵੀ ਅਸੀਂ ਪੂਰਾ ਯਤਨ ਕਰ ਰਹੇ ਹਾਂ ਅਤੇ ਐਟਮੌਸਫੀਅਰ ਕਾਫ਼ੀ ਹਮਵਾਰ ਹੈ। ਇਹ ਜਿਹੜਾ ਰੌਲਾ ਪਾ ਰਹੇ ਹਨ, ਇਨ੍ਹਾਂ ਨੂੰ ਇਸ ਲਈ ਬਾਹਰ ਜਾ ਕੇ ਜਦੋ-ਜਹਿਦ ਕਰਨੀ ਚਾਹੀਦੀ ਹੈ, ਪਾਰਲੀਮੈਂਟ ਵਿੱਚ ਜਾਂ ਪਾਰਲੀਮੈਂਟ ਦੇ ਬਾਹਰ, ਉਥੇ ਇਹ ਜਾਣ ਦੀ ਹਿੰਮਤ ਨਹੀਂ ਰਖਦੇ । ਇਹ ਤਾਂ ਬਲਕਿ ਚਾਹੁੰਦੇ ਹਨ, ਇਨ੍ਹਾਂ ਦੀ ਕੋਸ਼ਿਸ਼ ਹੈ ਕਿ ਕਿਧਰੇ ਜੋਧਪੁਰ ਦੇ ਕੈਦੀ ਰਿਹਾਅ ਨਾ ਹੋ ਜਾਣ। ਇਨ੍ਹਾਂ ਨੂੰ ਇਕ ਇਸ਼ੂ ਮਿਲਦਾ ਹੈ ਬੋਲਣ ਦਾ, ਇਹ ਰਿਹਾਈ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਨ ਨਾ ਕਿ ਇਹ ਮਦਦ ਕਰ ਰਹੇ ਹਨ। ਇਹ ਐਕਸਟ੍ਰੀਮਿਜ਼ਮ ਅਤੇ ਟੈਰੋਰਿਜ਼ਮ ਨੂੰ ਵੀ ਪੁਲੀਟਿਕਲ ਕਵਰ ਪ੍ਰੋਵਾਈਡ ਕਰਦੇ ਹਨ। ਇਹੋ ਜਿਹੇ ਹਾਲਾਤ ਪੰਜਾਬ ਵਿੱਚ ਕਰੀਏਟ ਹੁੰਦੇ ਜਾ ਰਹੇ ਹਨ ਕਿ ਉਨ੍ਹਾਂ ਨੂੰ ਰਿਹਾਅ ਕਰਾਉਣ ਵਿੱਚ ਰੁਕਾਵਟ ਪੈਦਾ ਹੁੰਦੀ ਹੈ। ਜੇ ਇਹ ਦਿਲੋਂ ਚਾਹੁੰਦੇ ਹਨ ਕਿ ਜੋਧਪੁਰ ਦੇ ਕੈਦੀ ਰਿਹਆ ਹੋਣ ਤਾਂ ਜਿਸ ਤਰ੍ਹਾਂ ਅਸੀਂ ਕੋਸ਼ਿਸ਼ ਕਰ ਰਹੇ ਹਾਂ ਬਰਨਾਲਾ ਸਾਹਿਬ ਦੀ ਲੀਡਰ-ਸ਼ਿਪ ਥੱਲੇ, ਮੈਨੂੰ ਪੱਕਾ ਯਕੀਨ ਹੈ ਕਿ ਕਾਂਗਰਸ ਪਾਰਟੀ ਵੀ ਇਸ ਦੀ ਹਮਾਇਤ ਕਰਦੀ ਹੈ, ਸਾਰਾ ਪੰਜਾਬ ਇਸ ਤੇ ਸਹਿਮਤ ਹੈ, ਪਾਰਲੀਮੈਂਟ ਵਿੱਚ ਵੀ ਆਬੋ ਹਵਾ ਕਾਫੀ ਅੱਛੀ ਹੈ, ਮੈਨੂੰ ਆਸ ਹੈ ਕਿ ਜਲਦੀ ਰਿਹਾਅ ਕੀਤੇ ਜਾਣਗੇ, ਅਸੀਂ ਇਸ ਲਈ ਯਤਨਸ਼ੀਲ ਹਾਂ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ : ਪੰਡਿਤ ਮੋਹਨ ਲਾਲ ਜੀ, ਤੁਸੀਂ ਕਿਸ ਤੇ ਬੋਲਣਾ ਹੈ ?

ਪੰਡਿਤ ਮੋਹਨ ਲਾਲ : ਮੈਂ ਤਾਂ ਬਿਲ ਤੇ ਬੋਲਣਾ ਹੈ। ਬਿਲ ਸਿਰਫ ਇੰਟਰੋਡਿਊਸ ਹੋਇਆ ਸੀ। ਏਥੇ ਕਾਫੀ ਖੱਪ ਸੀ। ਮੈਂ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਬਿਲ ਤੇ ਬੋਲਣਾ ਚਾਹੁੰਦਾ ਹਾਂ।

ਸ਼੍ਰੀ ਸਪੀਕਰ : ਮੈਂ ਕੁਝ ਬੇਨਤੀ ਕਰਨੀ ਚਾਹੁੰਦਾ ਹਾਂ, ਮੇਰੀ ਬੇਨਤੀ ਹੈ ਕਿ ਬਿਲ ਨੂੰ ਕਲਾਜ਼ 4 ਤੱਕ ਪਾਸ ਕਰ ਲਿਆ ਸੀ। ਮੈਨੂੰ ਪਤਾ ਲੱਗਾ ਹੈ ਕਿ ਕਲਾਜ਼ 2 ਅਤੇ 3 ਬਾਰੇ ਤੁਸੀਂ ਅਮੈਂਡ-ਮੈਂਟ ਭੇਜੀ ਹੈ। ਕੀ ਤੁਸੀਂ ਹੁਣ ਸਾਰੇ ਬਿਲ ਤੇ ਬੋਲਣਾ ਚਾਹੁੰਦੇ ਹੋ ?

ਪੰਡਿਤ ਮੋਹਨ ਲਾਲ : ਸਾਰਾ ਬਿਲ ਇਕੱਠਾ ਹੀ ਲੈ ਲਓ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਹਾਊਸ ਨੇ ਕੋਈ ਕਲਾਜ਼ ਪਾਸ ਹੁੰਦੀ ਨਹੀਂ ਸੁਣੀ। ਰੌਲੇ ਵਿੱਚ ਕਿਸ ਤਰ੍ਹਾਂ 1-4 ਕਲਾਜ਼ਾਂ ਪਾਸ ਹੋ ਗਈਆਂ, ਇਹ ਸਾਨੂੰ ਨਹੀਂ ਮਨਜ਼ੂਰ।

ਸ਼੍ਰੀ ਸਪੀਕਰ : ਹਾਊਸ ਦੀ ਇੱਛਾ ਹੈ ਜੋ ਉਸ ਵੇਲੇ ਰੌਲੇ ਵਿਚ ਬਹੁਤ ਸਾਰੇ ਮੈਂਬਰ ਸੁਣ ਨਹੀਂ ਸਕੇ ਐਜੂਕੇਸ਼ਨ ਬੋਰਡ ਦੇ ਬਿਲ ਦੇ ਸਿਲਸਿਲੇ ਵਿਚ ਇਸ ਸਬੰਧ ਵਿਚ ਪਿਛਲੀ ਪ੍ਰੋਸੀਡਿੰਗਜ਼ ਸਾਰੀ ਐਕਸਪੰਜ ਕਰਕੇ ਮੁੜਕੇ ਇਹ ਲਿਆਂਦਾ ਜਾਏ ਔਰ ਇਹ ਸ਼ੁਰੂ ਤੋਂ ਹੀ ਕਰ ਲੈਂਦੇ ਹਾਂ। ਪੰਜਾਬ ਸਕੂਲ ਸਿਖਿਆ ਬੋਰਡ (ਸੋਧਨਾ) ਬਿਲ, 1987 ਪੇਸ਼ ਕਰੋ।

LEGISLATIVE BUSINESS

The Punjab School Education Board (Amendment) Bill, 1987

Information and Public Relations Minister (Sardar Natha Singh Dalam) : Sir, I beg to introduce the Punjab School Education Board (Amendment) Bill.

Sir, I also beg to move—

That the Punjab School Education Board (Amendment) Bill be taken into consideration at once.

ਸ਼੍ਰੀ ਸਪੀਕਰ : ਪ੍ਰਸਤਾਵ ਪੇਸ਼ ਕੀਤਾ ਗਿਆ—

ਕਿ ਪੰਜਾਬ ਸਕੂਲ ਸਿਖਿਆ ਬੋਰਡ (ਸੋਧਨਾ) ਬਿਲ ਤੇ ਤੁਰਤ ਵਿਚਾਰ ਕੀਤਾ ਜਾਵੇ।

ਪੰਡਿਤ ਮੋਹਨ ਲਾਲ (ਹੁਸ਼ਿਆਰਪੁਰ) : ਮੈਂ ਅਰਜ਼ ਕਰ ਰਿਹਾ ਸੀ ਕਿ ਐਜੂਕੇਸ਼ਨ ਦਾ ਸਬ-ਜੈਕਟ ਇਸ ਵੇਲੇ ਬਹੁਤ ਜ਼ਰੂਰੀ ਹੈ। ਨੈਸ਼ਨਲ ਲੈਵਲ ਤੇ ਐਜੂਕੇਸ਼ਨ ਤੇ ਬਹੁਤ ਸਾਰਾ ਧਿਆਨ ਦਿੱਤਾ ਗਿਆ ਹੈ ਔਰ ਦਿੱਤਾ ਜਾ ਰਿਹਾ ਹੈ। ਰੀਓਰੀਐਂਟੇਸ਼ਨ ਇਸ ਖਾਤਰ ਐਜੂਕੇਸ਼ਨ ਵਿਚ ਬੜੀ ਬਾਰੀਕੀ ਨਾਲ ਹੋ ਰਹੀ ਹੈ। ਇਸ ਵਿਚ ਜਾਣਾ ਇਸ ਵੇਲੇ ਸ਼ਾਇਦ ਮੁਨਾਸਿਬ ਨਾ ਹੋਵੇ ਲੇਕਿਨ ਇਸ ਵੇਲੇ ਐਜੂਕੇਸ਼ਨ ਦੇ ਸਬੰਧ ਵਿਚ ਨਵੀਂ ਪੀੜ੍ਹੀ ਵਾਸਤੇ ਬਹੁਤ ਧਿਆਨ ਦਿੱਤਾ ਗਿਆ ਹੈ ਔਰ ਦਿੱਤਾ ਜਾ ਰਿਹਾ ਹੈ। ਉਹ ਸਮਝਦੇ ਹਨ ਕਿ ਸਾਡੇ ਵਾਲੀ ਪੀੜ੍ਹੀ ਦਾ ਸੁਧਾਰ ਹੋ ਸਕਦਾ ਹੈ ਕਿ ਨਹੀਂ ਹੋ ਸਕਦਾ। ਜੋ ਕੁਝ ਅਸੀਂ ਦੇਖਦੇ ਹਾਂ ਅਸੀਂ ਤਾਂ ਸੁਧਾਰ ਤੋਂ ਬਹੁਤ ਉਪਰ ਹਾਂ ਜਿਥੇ ਇਸ ਹਾਊਸ ਵਿਚ ਇਸ ਤਰ੍ਹਾਂ ਦੇ ਹੰਗਾਮੇ ਹੋ ਸਕਦੇ ਹਨ ਇਸ ਤਰ੍ਹਾਂ ਦੀਆਂ ਅਨਪਾਰਲੀਮੈਂਟਰੀ ਗੱਲਾਂ ਹੋ ਸਕਦੀ-

Original with;
Punjab Vidhan Sabha
Digitized by;
Panjab Digital Library

ਆਂ ਹਨ । ਲੋਕ ਕੀ ਸਮਝਦੇ ਹੋਣਗੇ ? ਅੱਗੇ ਵੀ ਹੁੰਦੇ ਰਹੇ ਹਨ । ਲੋਕ ਸਾਡੇ ਤੋਂ ਕੀ ਆਸ ਕਰਦੇ ਸੀ ਕਿ ਅੱਜ ਸੈਸ਼ਨ ਖਤਮ ਹੋਣ ਲੱਗਾ ਹੈ ਲਾਅ ਐਂਡ ਆਰਡਰ ਦੇ ਸਬੰਧ ਵਿਚ ਕੁਝ ਕੀਤਾ ਜਾਏਗਾ । ਅਸੀਂ ਸਾਰੇ ਕਹਿੰਦੇ ਹਾਂ ਕਿ ਅਸੀਂ ਪੀਸ ਚਾਹੁੰਦੇ ਹਾਂ ਲੇਕਿਨ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਨੇ ਪ੍ਰੈਕਟੀਕਲੀ ਕੀ ਕਦਮ ਉਠਾਏ ਹਨ । ਚਾਹੀਦਾ ਤਾਂ ਇਹ ਸੀ ਮੈਂ ਹੁਣ ਵੀ ਇਸ ਸਬੰਧ ਵਿਚ ਤਜਵੀਜ਼ ਰਖਦਾ ਹਾਂ । ਸਪੀਕਰ ਸਾਹਿਬ, ਤੁਸੀਂ ਐਨੇ ਐਨੇ ਬਾਹਰ ਦੇ ਮੁਲਕਾਂ ਵਿਚ ਜਾਂਦੇ ਹੋ । ਬਾਹਰ ਦੇ ਸੂਬਿਆਂ ਵਿਚ ਕਮੇਟੀਆਂ ਜਾਦੀਆਂ ਹਨ । ਇਸ ਸਬੰਧ ਵਿਚ ਇਥੇ ਅਮਨ ਔਰ ਸ਼ਾਤੀ ਰਖਣ ਲਈ ਮਾਰਚਿਜ਼ ਕਿਸ ਤਰ੍ਹਾਂ ਨਾਲ ਹੋ ਰਹੀਆਂ ਹਨ ਤੁਸੀਂ ਇੱਕ ਕਮੇਟੀ ਬਣਾਓ ਐਜ਼ ਏ ਸਪੀਕਰ । ਉਸ ਦੀ ਜ਼ਿਮੇਵਾਰੀ ਲਾਓ ਔਰ ਉਹ ਸੋਚੇ ਕਿ ਇਸ ਪੰਜਾਬ ਵਿਚ ਅਮਨ ਔਰ ਸ਼ਾਤੀ ਕਾਇਮ ਕਰਨ ਵਾਸਤੇ ਕੀ ਕਰ ਸਕਦੇ ਹਾਂ । ਪੌਣੇ ਦੋ ਕਰੋੜ ਦੇ ਅਸੀਂ ਨੁਮਾਇੰਦੇ ਇਥੇ ਬੈਠੇ ਹਾਂ ਤੁਹਾਡੇ ਕੋਲੋਂ ਲੋਕ ਆਸ ਰਖਦੇ ਹਨ ਕਿ ਤੁਹਾਡੇ ਕੋਲੋਂ ਉਨ੍ਹਾਂ ਦੇ ਨੁਮਾਇੰਦਿਆਂ ਤੋਂ ਲੋਕ ਆਸ ਰਖਦੇ ਹਨ ਕਿ ਤੁਸੀਂ ਇਸ ਪ੍ਰਤੀ ਕੀ ਕਰ ਰਹੇ ਹੋ । ਇਹ ਬਹੁਤ ਜ਼ਰੂਰੀ ਚੀਜ਼ ਹੈ । ਅੱਜ ਉਠਣ ਤੋਂ ਪਹਿਲਾਂ ਤੁਸੀਂ ਆਪਣੇ ਇਨੀਸ਼ਿਏਟਿਵ ਤੇ ਇਸ ਹਾਊਸ ਦੇ ਕਸਟੋਡੀਅਨ ਦੇ ਤੌਰ ਤੇ ਸਾਰੀਆਂ ਪਾਰਟੀਆਂ ਦੀ ਇੱਕ ਕਮੇਟੀ ਬਣਾਓ ਜੋ ਇਸ ਮਸਲੇ ਤੇ ਸੋਚੇ, ਵਿਚਾਰੇ ਔਰ ਐਕਸ਼ਨ ਲਏ ।

ਜਿਥੋਂ ਤੱਕ ਇਸ ਬਿਲ ਦਾ ਸਬੰਧ ਹੈ ਇਹ ਬੜਾ ਇੰਪਾਰਟੈਂਟ ਬਿਲ ਹੈ । ਇਸ ਨੇ ਕਨਫਿਊਜ਼ਨ ਜ਼ਿਆਦਾ ਪਾ ਦਿੱਤਾ ਹੈ । ਜਿੰਨੇ ਮਸਲੇ ਹੱਲ ਕਰਨ ਦੀ ਲੋੜ ਸੀ ਉਸ ਵਾਸਤੇ ਸਰਕਾਰ ਨੇ ਐਫਰਟ ਤਾਂ ਕੀਤੀ ਲੇਕਿਨ ਐਨਾ ਕਨਫਿਊਜ਼ਨ ਪਾ ਦਿੱਤਾ ਜਿਸ ਲਈ ਮੈਂ ਬੇਨਤੀ ਕਰਾਂਗਾ ਕਿ ਸਰਕਾਰ ਵਲੋਂ ਉਸ ਕਨਫਿਊਜ਼ਨ ਨੂੰ ਦੂਰ ਕਰਨਾ ਚਾਹੀਦਾ ਹੈ । 10 + 2 ਸਿਸਟਮ ਠੀਕ ਹੈ ਇਹ ਆਲ ਇੰਡੀਆ ਪਾਲਿਸੀ ਦਾ ਹਿੱਸਾ ਹੈ ਔਰ ਬੜਾ ਜ਼ਰੂਰੀ ਹਿੱਸਾ ਹੈ ਔਰ ਫਾਇਦੇਮੰਦ ਹਿੱਸਾ ਹੈ ਲੇਕਿਨ ਅੱਜ ਤੱਕ ਇਸ ਕਨਫਿਊਜ਼ਨ ਨੂੰ ਦੂਰ ਨਹੀਂ ਕਰ ਸਕੇ ਕਿ ਇਹ ਸਿਸਟਮ ਸਕੂਲ ਵਿਚ ਜਾਣਾ ਹੈ ਜਾਂ ਕਾਲਜ ਵਿਚ ਜਾਣਾ ਹੈ । ਇਸ ਵੇਲੇ ਪੁਜ਼ੀਸ਼ਨ ਇਹ ਹੈ ਕਿ ਸਕੂਲਾਂ ਦੇ ਵਿਚ ਵੀ ਇਹ ਲਾਗੂ ਹੈ ਅਤੇ ਕਾਲਜਾਂ ਦੇ ਵਿਚ ਵੀ ਇਹ ਲਾਗੂ ਹੈ ਸਾਈਮਲਟੇਨੀਅਸਲੀ । ਅੱਗੇ ਕੀ ਹੋਣਾ ਹੈ ਇਸ ਦੇ ਉਤੇ ਬਿਲਕੁਲ ਕਨਫਿਊਜ਼ਨ ਹੈ । ਮੈਂ ਇਸ ਲਈ ਸਰਕਾਰ ਨੂੰ ਕਹਾਂਗਾ ਕਿ ਇਸ ਕਨਫਿਊਜ਼ਨ ਨੂੰ ਦੂਰ ਕਰਨ ਤਾਕਿ ਨੀਤੀ ਇਸ ਸਬੰਧ ਵਿਚ ਬਿਲਕੁਲ ਸਾਫ ਹੋ ਜਾਵੇ । ਜੇ ਮੇਰੇ ਕੋਲੋਂ ਪੁੱਛਣ ਤਾਂ ਮੈਂ ਸਰਕਾਰ ਨੂੰ ਜ਼ਰੂਰ ਇਹ ਰਾਏ ਦਿਆਂਗਾ ਕਿ ਕਾਲਜਾਂ ਨੂੰ ਇਸ ਪਲੱਸ ਟੂ ਦੇ ਵਿਚੋਂ ਕਤੀਅਨ ਬਾਹਰ ਨਾ ਕੱਢਣ ਕਿਉਂਕਿ ਕਾਲਜਾਂ ਵਿਚ ਬੈਟਰ ਸਟਾਫ ਹੁੰਦਾ ਹੈ, ਕਾਲਜਾਂ ਵਿਚ ਬੈਟਰ ਇਕਿਉਪਮੈਂਟਸ ਹੁੰਦੇ ਹਨ, ਬੈਟਰ ਐਜੂਕੇਸ਼ਨ ਹੁੰਦੀ ਹੈ, ਬੈਟਰ ਸੋਰਸ ਹੁੰਦੇ ਹਨ ਪਰ ਜਿਨ੍ਹਾਂ ਸਕੂਲਾਂ ਵਿਚ ਤੁਸੀਂ ਪਲੱਸ ਟੂ ਸਿਸਟਮ ਦਿੱਤਾ ਹੈ ਉਨ੍ਹਾਂ ਦੀ ਹਾਲਤ ਇਹੋ ਜਿਹੀ ਹੈ ਕਿ ਨਾ ਉਥੇ ਸਾਮਾਨ, ਨਾ ਚੰਗਾ ਤੇ ਕਾਬਲ ਸਟਾਫ ਹੈ, ਨਾ ਲੈਣ ਨਾ ਦੇਣ । ਇਸ ਲਈ ਉਥੇ ਉਨ੍ਹਾਂ ਸਕੂਲਾਂ ਵਿਚ ਪਲੱਸ ਟੂ ਨੂੰ ਸੈਟ ਬੈਕ ਪਹੁੰਚੇਗੀ । ਇਸ ਵਾਸਤੇ ਮੈਂ ਦੁਬਾਰਾ ਕਹਿਣਾ ਚਾਹੁੰਦੇ ਹਾਂ ਕਿ ਜਿਥੋਂ ਤੱਕ ਪਲੱਸ ਟੂ ਦਾ ਸਬੰਧ ਹੈ ਉਸ ਵਿਚ ਕਾਲਜਾਂ ਦੀ ਇਨਵਾਲਵਮੈਂਟ ਬਹੁਤ ਜ਼ਰੂਰੀ ਹੈ ਔਰ ਉਥੇ ਇਸਨੂੰ ਜਾਰੀ ਰੱਖੋ ।

ਦੂਸਰੀ ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ । ਸਪੀਕਰ ਸਾਹਿਬ, ਜਿਹੜੀ ਪਲੱਸ ਟੂ ਦੀ ਪਾਲਿਸੀ ਸਰਕਾਰ ਨੇ ਲਾਗੂ ਕੀਤੀ ਹੈ ਉਹ ਬਹੁਤ ਜਲਦਬਾਜ਼ੀ ਵਿਚ ਕਾਹਲੀ ਵਿਚ ਕੀਤੀ ਹੈ ਔਰ ਉਸ ਦੀ ਵਾਕਫੀਅਤ ਬਹੁਤ ਘੱਟ ਆਦਮੀਆਂ ਨੂੰ ਹੋ ਸਕਦੀ ਹੈ । ਨਾ ਹੀ ਮੈਨੇਜਮੈਂਟ ਨੂੰ, ਨਾ ਸਕੂਲਾਂ ਨੂੰ ਇਸ ਦੀ ਵਾਕਫੀਅਤ ਹੋ ਸਕੀ ਹੈ ਔਰ ਨਾ ਹੀ ਪਤਾ ਸੀ ਕਿ ਇਹ ਪਲੱਸ ਟੂ ਲੈਣ

Original with;
Punjab Vidhan Sabha
Digitized by;
Panjab Digital Library

[ਪੰਡਿਤ ਮੋਹਨ ਲਾਲ]

ਵਾਸਤੇ ਕਿਸ ਨੇ ਜਾਣਾ ਹੈ ਅਤੇ ਕਿਸ ਕੋਲ ਜਾਣਾ ਹੈ । ਹੁਣ ਇਸ ਬਿੱਲ ਨਾਲ ਪਤਾ ਲੱਗਾ ਹੈ ਕਿ ਇਸ ਦੀ ਜੂਰਿਸਡਿਕਸ਼ਨ, ਇਸ ਦੀ ਐਫੀਲੀਏਸ਼ਨ ਐਜੂਕੇਸ਼ਨ ਬੋਰਡ ਨਾਲ ਹੋਵੇਗੀ । ਔਰ ਉਨ੍ਹਾਂ ਨੂੰ ਪਲੱਸ ਟੂ ਮਿਲੇਗਾ ਅਤੇ ਉਹ ਉਸ ਦਾ ਇਮਤਿਹਾਨ ਲੈਣਗੇ, ਸਭ ਕੁਝ ਕਰਨਗੇ। ਇਸ ਤੋਂ ਪਹਿਲਾਂ ਬਿਲਕੁਲ ਕਨਫਿਊਜ਼ਨ ਸੀ । ਲੋਕ ਸਰਕਾਰ ਕੋਲ ਅਤੇ ਮਨਿਸਟਰ ਮਗਰ ਭੱਜਦੇ ਸਨ । ਐਜੂਕੇਸ਼ਨ ਡਿਪਾਰਮੈਂਟ ਅਤੇ ਐਜੂਕੇਸ਼ਨ ਬੋਰਡ ਵਿਚ ਵੀ ਜਾਂਦੇ ਸਨ ਪਤਾ ਕਰਨ ਵਾਸਤੇ । ਇਸ ਵਾਸਤੇ ਮੈਂ ਅਰਜ਼ ਕਰਾਂਗਾ ਕਿ ਇਹ ਕਾਹਲੀ ਦੇ ਵਿਚ, ਕਨਫਿਊਜ਼ਨ ਦੇ ਵਿਚ ਸਾਰਾ ਕੰਮ ਹੋਇਆ ਹੈ । ਸਰਕਾਰ ਨੂੰ ਕੁਝ ਸਮਾਂ ਦੇਣਾ ਚਾਹੀਦਾ ਹੈ ਉਨ੍ਹਾਂ ਸਕੂਲਾਂ ਨੂੰ ਜਿਹੜੇ ਇਸ ਵਿਚ ਆ ਨਹੀਂ ਸਕੇ, ਜ਼ਿਆਦਾ ਡਿਜ਼ਰਵਿੰਗ ਹਨ । ਜਿਨ੍ਹਾਂ ਨੂੰ ਗਰਾਂਟ ਕੀਤਾ ਗਿਆ ਪਲੱਸ ਟੂ ਸਿਸਟਮ ਉਹ ਬਹੁਤ ਘੱਟ ਤੁਹਾਨੂੰ ਡਿਜ਼ਰਵਿੰਗ ਮਿਲਣਗੇ । ਉਨ੍ਹਾਂ ਤੋਂ ਬਹੁਤ ਚੰਗੇ ਸਕੂਲ ਇਗਨੋਰ ਹੋ ਗਏ ਹਨ । ਮੈਂ ਜ਼ਾਤੀ ਤੌਰ ਤੇ ਐਸੇ ਸਕੂਲ ਨੂੰ ਜਾਣਦਾ ਹਾਂ ਲੇਕਿਨ ਐਨਾ ਸਮਾਂ ਨਹੀਂ ਕਿ ਮੈਂ ਇਨਸਟਾਂਸ ਕੋਟ ਕਰ ਸਕਾਂ । ਲੇਕਿਨ ਮੈਂ ਇਹ ਜ਼ਰੂਰ ਦੋਹਰਾਕੇ ਕਹਾਂਗਾ ਕਿ ਸਰਕਾਰ ਨੂੰ ਇਸ ਨੂੰ ਰਿਵਾਇਜ਼ ਕਰਨਾ ਚਾਹੀਦਾ ਹੈ । ਲਿਸਟਾਂ ਫਿਰ ਬਣਾਓ ਜਿਨ੍ਹਾਂ ਨੂੰ ਇਹ ਪਲੱਸ ਟੂ ਸਿਸਟਮ ਦੇਣਾ ਹੈ, ਉਨ੍ਹਾਂ ਸਕੂਲਾਂ ਨੂੰ ਮੌਕਾ ਦੇਣਾ ਚਾਹੀਦਾ ਹੈ ਜਿਹੜੇ ਇਸ ਵਿਚ ਨਹੀਂ ਆ ਸਕੇ ਤਾ ਕਿ ਉਹ ਇਸ ਵਿਚ ਆ ਸਕਣ ਤੁਹਾਡਾ ਧੰਨਵਾਦ ।

ਸ੍ਰੀ ਸਪੀਕਰ : ਹਾਂ ਜੀ, ਗੁਪਤਾ ਜੀ। ਗੁਪਤਾ ਜੀ, ਵੇਸੇ ਤਾਂ ਪੰਡਿਤ ਜੀ ਨੇ ਕਾਫੀ ਕੁਝ ਕਹਿ ਦਿੱਤਾ ਹੈ, ਇਸ ਲਈ ਤੁਹਾਡੀ ਕੋਈ ਕਹਿਣ ਦੀ ਗੁੰਜਾਇਸ਼ ਨਹੀਂ ਹੈ ।

ਸ੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਬੀ) : ਸਪੀਕਰ ਸਾਹਿਬ, ਪੰਡਿਤ ਜੀ ਨੇ ਜੋ ਗੱਲਾਂ ਕਹੀਆਂ ਹਨ ਮੈਂ ਉਨ੍ਹਾਂ ਦੀ ਬਿਲਕੁਲ ਤਾਈਦ ਕਰਦਾ ਹਾਂ ਮਗਰ ਇਹ ਜਿਹੜਾ ਆਇਆ ਹੈ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਐਕਟ, 1969 ਨੂੰ ਅਮੈਂਡ ਕਰਨ ਵਾਸਤੇ, ਮੈਂ ਇਸ ਦੇ ਉਤੇ 5—4 ਮਿੰਟ ਲਵਾਂਗਾ । ਇਸ ਤੋਂ ਪਹਿਲਾਂ ਮੈਂ ਆਪਣੀ ਪਾਰਟੀ ਵਲੋਂ ਵੀ ਅਤੇ ਆਪਣੇ ਵੱਲੋਂ ਵੀ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਐਨੇ ਦਿਨ ਤੁਸੀਂ ਬੜੇ ਪਿਆਰ ਨਾਲ ਸਾਰੀਆਂ ਪਾਰਟੀਆਂ ਦੇ ਮੈਂਬਰ ਸਾਹਿਬਾਨ ਨੂੰ ਸੁਣਿਆ ਅਤੇ ਇਹ ਵੀ ਕੋਸ਼ਿਸ਼ ਕੀਤੀ ਗਈ ਕਿ ਸਾਰਿਆਂ ਦੀ ਗੱਲ ਸੁਣੀ ਜਾਵੇ । ਇਹ ਬੜੀ ਅੱਛੀ ਗੱਲ ਤੁਸੀਂ ਕੀਤੀ ਹੈ । ਤੁਸੀਂ ਵੀ ਸਾਨੂੰ ਕੋਆਪਰੇਸ਼ਨ ਦਿੱਤੀ ਅਤੇ ਅਸੀਂ ਵੀ ਤੁਹਾਨੂੰ ਕੋ-ਆਪਰੇਸ਼ਨ ਦਿੱਤੀ । ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਬੇਨਤੀ ਕਰਾਂਗਾ ਕਿ ਕੁਐਸਚਨਜ਼ ਦੇ ਵੇਲੇ ਆਮ ਤੌਰ ਤੇ ਦੇਖਿਆ ਗਿਆ ਕਿ ਸਪਲੀਮੈਂਟਰੀਜ਼ ਨੂੰ ਆਮ ਤੌਰ ਤੇ ਵਜ਼ੀਰ ਨੇ ਜਵਾਬ ਨਹੀਂ ਦਿੱਤਾ । ਇਹ ਠੀਕ ਹੈ ਕਿ ਵਜ਼ੀਰ ਸਾਹਿਬ ਨਵੇਂ ਹਨ ਅਤੇ ਬਹੁਤੀਆਂ ਸਪਲੀਮੈਂਟਰੀਜ਼ ਦਾ ਜਵਾਬ ਨਹੀਂ ਦੇ ਸਕੇ । ਇਸ ਲਈ ਮੈਂ ਬੇਨਤੀ ਕਰਨ ਲੱਗਾ ਹਾਂ ਕਿ ਤੁਹਾਡੇ ਵੱਲੋਂ ਇਕ ਸਰਕੁਲਰ ਜ਼ਰੂਰ ਜਾਣਾ ਚਾਹੀਦਾ ਹੈ ਕਿਉਂਕਿ ਸਪਲੀਮੈਂਟਰੀਜ਼ ਹਰ ਸਵਾਲ ਤੇ ਹੋਣੀਆਂ ਹਨ, ਇਸ ਲਈ ਸੈਕਟਰੀ ਜਾਂ ਉਨਾਂ ਦੇ ਕਨਸਰਨਡ ਅਫਸਰ ਜਿਹੜੇ ਹਨ ਉਨ੍ਹਾਂ ਨੂੰ ਕਿਹਾ ਜਾਵੇ ਕਿ ਉਹ ਮਨਿਸਟਰਜ਼ ਦੀਆਂ ਫਾਈਲਾਂ ਮੁਕੰਮਲ ਕਰਕੇ ਭੇਜਿਆ ਕਰਨ ਤਾਕਿ ਸਪਲੀਮੈਂਟਰੀਜ਼ ਦਾ ਜਵਾਬ ਦਿੱਤਾ ਜਾ ਸਕੇ । (ਵਿਘਨ)

ਹੁਣ ਮੈਂ ਅਗਲੀ ਗੱਲ ਤੇ ਆਉਂਦਾ ਹਾਂ । ਇਹ ਜਿਹੜੀ ਐਜੂਕੇਸ਼ਨ ਬੋਰਡ ਦੇ ਬਾਰੇ ਅਮੈਂਡਮੈਂਟ ਆਈ ਹੈ ਇਸ ਦੇ ਬਾਰੇ 10 ਪਲੱਸ 2 ਸਿਸਟਮ ਤੇ ਸਾਡੇ ਡਿਪਟੀ ਲੀਡਰ ਨੇ ਗੱਲ ਕੀਤੀ ਹੈ । ਇਸ ਤੇ ਮੈਂ ਬੇਨਤੀ ਕਰਨ ਲੱਗਾ ਹਾਂ ਕਿ 1967 ਤੋਂ ਉਥੇ ਬੈਨ ਲੱਗਾ ਹੈ ਕਿ ਕੋਈ ਟੀਚਰ ਨਹੀਂ ਰੱਖਿਆ ਜਾ ਸਕਦਾ । ਪਲੱਸ ਟੂ ਸਿਸਟਮ ਤੇ ਉਸ ਦੇ ਮੁਤਾਬਿਕ ਇਕ ਕਲਾਸ ਹਾਈ ਸਕੂਲਾਂ

Original with;
Punjab Vidhan Sabha
Digitized by;
Panjab Digital Library

ਵਿੱਚ ਵੱਧ ਗਈ, ਉਸ ਦੇ ਵਾਸਤੇ ਨਾ ਸਾਡੇ ਕੋਲ ਸਟਾਫ ਹੈ ਨਾ ਸਾਡੇ ਕੋਲ ਕੁਝ ਹੋਰ ਹੈ । ਮੈਂ ਕਹਾਂਗਾ ਕਿ ਸਰਕਾਰ ਨੂੰ ਥੋੜ੍ਹਾ ਬਹੁਤ ਇਸ ਪਾਸੇ ਵਲੋਂ ਧਿਆਨ ਦੇਣਾ ਚਾਹੀਦਾ ਹੈ । ਸਪੀਕਰ ਸਾਹਿਬ, ਬੋਰਡ ਦੇ ਜ਼ਿਮੇ ਕੁਝ ਕੁ ਗੱਲਾਂ ਹਨ ਔਰ ਖਾਸ ਤੌਰ ਤੇ ਮੈਂ ਪੰਜ ਚਾਰ ਗੱਲਾਂ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ । ਟੈਕਸਟ ਬੁਕਸ ਦੀ ਤਿਆਰ ਕਰਨ ਦੀ ਜ਼ਿਮੇਵਾਰੀ ਬੋਰਡ ਦੀ ਸੀ । ਇਸ ਦੇ ਵਿਚ ਆਮ ਸ਼ਿਕਾਇਤਾਂ ਸੁਣੀਆਂ ਗਈਆਂ ਹਨ ਕਿ ਕਿਤਾਬਾਂ ਕਿਧਰੇ ਪਹੁੰਚੀਆਂ ਹਨ ਅਤੇ ਜਿੰਨੀਆਂ ਵੀ ਕਿਤਾਬਾਂ ਬਣੀਆਂ ਹਨ ਉਨ੍ਹਾਂ ਵਿਚ ਤਰੁੱਟੀਆਂ ਹੀ ਤਰੁੱਟੀਆਂ ਹਨ, ਸਪੈਲਿੰਗਜ਼ ਗ਼ਲਤ ਹਨ, ਫਿਕਰੇ ਗ਼ਲਤ ਹਨ । ਇਹ ਗੱਲ ਸਮਝ ਨਹੀਂ ਆਈ ਕਿ ਬਜ਼ਾਰ ਵਿਚ ਟੈਕਸਟ ਬੁਕਸ ਜੋ ਸਨ ਉਹ ਮਿਲ ਜਾਂਦੀਆਂ ਸਨ ਪਰ ਜੋ ਇਨ੍ਹਾਂ ਨੇ ਦੇਣੀਆਂ ਸਨ ਉਹ ਨਹੀਂ ਮਿਲਦੀਆਂ ਰਹੀਆਂ। ਇਸੇ ਤਰ੍ਹਾਂ, ਸਪੀਕਰ ਸਾਹਿਬ, ਸਟੇਸ਼ਨਰੀ ਦੀ ਹਾਲਤ ਹੈ । ਸਟੇਸ਼ਨਰੀ ਦਾ ਕੰਮ ਵੀ ਇਨ੍ਹਾਂ ਦੇ ਸਪੁੱਰਦ ਹੈ । ਉਹ ਇਹ ਕੰਮ ਵੀ ਨਹੀਂ ਕਰ ਸਕੇ । ਬਚਿਆਂ ਨੂੰ ਇਨ੍ਹਾਂ ਨੇ ਸੱਸਤੀ ਸਟੇਸ਼ਨਰੀ ਦੇਣੀ ਸੀ ਪਰ ਬੋਰਡ ਉਹ ਵੀ ਨਹੀਂ ਦੇ ਸਕਿਆ । ਬਚੇ ਕਹਿੰਦੇ ਸਨ ਕਿ ਸਾਨੂੰ ਸੱਸਤੀ ਸਟੇਸ਼ਨਰੀ ਮਿਲਣੀ ਹੈ ਪਰ ਇਹ ਬੋਰਡ ਉਨ੍ਹਾਂ ਨੂੰ ਸੱਸਤੀ ਸਟੇਸ਼ਨਰੀ ਵੀ ਨਹੀਂ ਦੇ ਸਕਿਆ । ਇਸ ਗੱਲ ਵੱਲ ਵੀ ਧਿਆਨ ਦੇਣ ਦੀ ਲੋੜ ਹੈ ।

ਇਕ, ਸਪੀਕਰ ਸਾਹਿਬ, ਇਨ੍ਹਾਂ ਦੇ ਜ਼ਿਮੇਂ ਸੀ ਕਿ ਟੈਕਸਟ ਬੁਕਸ ਨੂੰ ਰਿਵਾਈਜ਼ ਕਰਕੇ, ਰਿਸਰਚ ਕਰਕੇ ਕੋਈ ਨਵੇਂ ਨਵੇਂ ਸਬਜੈਕਟਸ, ਧਾਰਮਿਕ ਗੱਲਾਂ ਨੈਸ਼ਨੇਲਿਸਟਿਕ ਗੱਲਾਂ ਕੌਮੀ ਗੱਲਾਂ ਸਾਰੀਆਂ ਉਨ੍ਹਾਂ ਬੁਕਸ ਦੇ ਵਿੱਚ ਲਿਆਂਦੀਆਂ ਜਾਣਗੀਆਂ। ਇਹ ਵੀ ਕਿਹਾ ਗਿਆ ਸੀ ਕਿ ਸਿ ਪੁਰਾਣੇ ਫਰੀਡਮ ਫਾਈਟਰਜ਼ ਦੀਆਂ ਸਟੋਰੀਜ਼ ਲਿਆਂਦੀਆਂ ਜਾਣਗੀਆਂ। ਪਰ ਇਹ ਵੀ ਰਿਸਰਚ ਕਰਕੇ ਬਚਿਆਂ ਨੂੰ ਕੋਈ ਨਵੀਂ ਚੀਜ਼ ਨਹੀਂ ਦੇ ਸਕੇ । ਇਹ ਰੋਜ਼ ਰੋਜ਼ ਦਾ ਜਿਹੜਾ ਖਪਖਾਨਾ ਪੈਂਦਾ ਹੈ, ਜਿਹੜੇ ਨੌਜਵਾਨ ਗ਼ਲਤ ਪਾਸੇ ਲੱਗੇ ਹੋਏ ਹਨ ਉਨ੍ਹਾਂ ਨੂੰ ਸੁਧਾਰਨ ਦਾ ਕੰਮ ਵੀ ਹੋ ਸਕਦਾ ਸੀ ਜੇ ਨਵੀਆਂ ਨਵੀਆਂ ਗੱਲਾਂ, ਕੌਮੀ ਹਿੱਤ ਦੀਆਂ ਗੱਲਾਂ ਪੁਰਾਣੇ ਫਰੀਡਮ ਫਾਈਟਰਜ਼ ਦੀਆਂ ਸਟੋਰੀਜ਼ ਇਨਾਂ ਕਿਤਾਬਾਂ ਵਿਚ ਦੇ ਦਿੰਦੇ ।

ਐਗਜ਼ਾਮੀਨੇਸ਼ਨਜ਼ ਦੇ ਬਾਰੇ, ਸਪੀਕਰ ਸਾਹਿਬ, ਤੁਸੀਂ ਜਾਣਦੇ ਹੋ ਕਿ ਕੋਈ ਐਸਾ ਪੇਪਰ ਨਹੀਂ ਜਿਹੜਾ ਲੀਕ ਨਾ ਹੋਇਆ ਹੋਵੇ । ਇਹ ਛੱਪਣ ਤੋਂ ਬਾਅਦ ਬਜ਼ਾਰਾਂ ਵਿੱਚ ਵਿਕਣ ਲੱਗ ਪਏ ਔਰ ਕਿੰਨਾ ਹੀ ਪੈਸਾ ਬਲੈਕ ਵਿੱਚ ਉਹ ਲੋਕ ਇਕੱਠਾ ਕਰਦੇ ਹਨ । ਕੋਈ ਵੀ ਕੰਮ ਅਜੇ ਤਕ ਐਸਾ ਨਹੀਂ ਉਹ ਕਰ ਸਕੇ । ਜਿਸ ਦੇ ਨਾਲ ਐਗਜ਼ਾਮੀਨੇਸ਼ਨ ਪ੍ਰਾਪਰਲੀ ਹੋ ਸ਼ਕਣ । ਜਿਹੜੇ ਬੱਚੇ ਨਕਲ ਮਾਰ ਕੇ, ਬਜ਼ਾਰੋਂ ਪੇਪਰ ਖਰੀਦ ਕੇ, ਨਕਲ ਕਰਕੇ ਪਾਸ ਹੋਣਗੇ ਉਸ ਨੂੰ ਕੀ ਪੜ੍ਹਾਈ ਆਵੇਗੀ, ਇਹੋ ਜਿਹੀ ਪੜ੍ਹਾਈ ਦਾ, ਇਹੋ ਜਿਹੇ ਇਮਤਿਹਾਨਾਂ ਦਾ ਕੀ ਫਾਇਦਾ ਹੈ । ਇਸ ਪੜ੍ਹਾਈ ਨਾਲ ਤਾਂ ਬੱਚਿਆਂ ਨੂੰ ਪੱਤਰ ਲਿਖਣਾ ਵੀ ਨਹੀਂ ਆਵੇਗਾ ਹੋਰ ਤਾਂ ਉਸ ਨੇ ਕੀ ਕਰਨਾ ਹੈ ।

ਸਪੀਕਰ ਸਾਹਿਬ, ਜਿਹੜੇ ਬੱਚਿਆਂ ਨੂੰ ਸਕਾਲਰਸ਼ਿਪ ਲਗਦੇ ਹਨ ਉਸ ਦੇ ਬਾਰੇ ਮੈਂ ਇਤਨੀ ਗੱਲ ਕਰਨਾ ਚਾਹੁੰਦਾ ਹਾਂ ਕਿ ਬੱਚਾ ਆਪਣੀ ਬੜੀ ਮਿਹਨਤ ਕਰਕੇ ਸਕਾਲਰਸ਼ਿਪ ਹਾਸਲ ਕਰਦਾ ਹੈ ਔਰ ਉਸ ਤੇ ਇਕ ਪਾਬੰਦੀ ਲਾ ਦਿੱਤੀ ਹੈ ਕਿ ਜਿਹੜੇ ਬਚੇ ਦੇ ਮਾਂ-ਬਾਪ ਇਨਕਮ ਟੈਕਸ ਦਿੰਦੇ ਹਨ, ਇਸ ਦੇ ਵਿੱਚ ਬਚੇ ਦਾ ਕੀ ਕਸੂਰ ਹੈ, ਬਚੇ ਨੇ ਤਾਂ ਆਪਣੀ ਮਿਹਨਤ ਕੀਤੀ ਹੈ ਔਰ ਇਹ ਇਹ ਸਕਾਲਰਸ਼ਿਪ ਉਸ ਦੀ ਐਨਕਰੇਜਮੈਂਟ ਵਾਸਤੇ ਦਿੱਤਾ ਜਾਂਦਾ ਹੈ, ਉਹ ਸਕਾਲਰਸ਼ਿਪ ਵੀ ਉਸ ਦਾ ਬੰਦ ਕਰ ਦਿੱਤਾ ਇਹ ਕਹਿ ਕੇ ਜਿਸ ਬੱਚੇ ਦੇ ਮਾਂ-ਬਾਪ ਇਨਕਮ ਟੈਕਸ ਦਿੰਦੇ ਹਨ ਉਨ੍ਹਾਂ ਨੂੰ ਵਜ਼ੀਫਾ ਨਹੀਂ ਦਿੱਤਾ ਜਾਵੇਗਾ । ਉਸ ਦੇ ਵਿੱਚ ਬਚੇ ਦਾ ਕੀ ਕਸੂਰ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਹੈ, ਉਸ ਨੇ ਤਾਂ ਆਪਣੀ ਮਿਹਨਤ ਕੀਤੀ ਹੈ। ਇਸ ਦੇ ਨਾਲ ਬਚੇ ਵਿਚ ਕਾਮਲੈਕਸ ਆ ਜਾਂਦਾ ਹੈ। ਇਹ ਕੋਈ ਅਵਾਰਡ ਨਹੀਂ ਹੈ ਇਹ ਤਾਂ ਐਨਕਰੇਜਮੈਂਟ ਹੈ, ਇਹ ਤਾਂ ਉਸ ਨੂੰ ਸ਼ਾਬਾਸ਼ ਹੈ ਉਸ ਦੀ ਹੌਸਲਾ ਅਫ਼ਜ਼ਾਈ ਹੈ ਜਿਹੜੀ ਕਿ ਉਸ ਤੋਂ ਖੋਹ ਲਈ ਹੈ। ਇਹ ਨਹੀਂ ਹੋਣਾ ਚਾਹੀਦਾ ਅਤੇ ਬਚਿਆਂ ਨੂੰ ਸਕਾਲਰਸ਼ਿਪ ਮਿਲਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਗੁਪਤਾ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਤੁਸੀਂ ਤਾਂ ਜਨਰਲ ਐਜੂਕੇਸ਼ਨ ਤੇ ਬੋਲ ਰਹੇ ਹੋ ਇਹ ਤਾਂ ਸਪੈਸੀਫਿਕ ਅਮੈਂਡਿੰਗ ਬਿਲ ਲਿਆਂਦਾ ਹੈ ਸਕੂਲ ਐਜੂਕੇਸ਼ਨ ਬੋਰਡ ਦੇ ਬਾਰੇ, ਤੁਸੀਂ ਕਿਰਪਾ ਕਰਕੇ ਉਸ ਤੇ ਹੀ ਬੋਲੋ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਹ ਜਿਹੜੀਆਂ ਅਮੈਂਡਮੈਂਟਸ ਕੀਤੀਆਂ ਗਈਆਂ ਹਨ, ਜਿੰਨਾ ਚਿਰ ਓਵਰਆਲ ਫੰਕਸ਼ਨ ਕੰਟਰੋਲ ਨਹੀਂ ਹੁੰਦਾ ਇਨ੍ਹਾਂ ਅਮੈਂਡਮੈਂਟਸ ਦਾ ਕੋਈ ਫ਼ਾਇਦਾ ਨਹੀਂ ਹੈ, ਇਹ ਹੋਰ ਜ਼ਿਆਦਾ ਕੁਰੱਪਸ਼ਨ ਵਿੱਚ ਵਾਧਾ ਕਰਨਗੀਆਂ।

ਸਪੀਕਰ ਸਾਹਿਬ, ਸਪੋਰਟਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਪੋਰਟਸ ਹੁਣ ਕਿਧਰੇ ਵੀ ਕਾਮਯਾਬ ਨਹੀਂ ਹੈ ਕਿਸੇ ਵੇਲੇ ਸਾਡਾ ਪੰਜਾਬ ਵਰਲਡ ਵਿੱਚ ਗੂੰਜਦਾ ਸੀ। ਪੰਜਾਬ ਦਾ ਨਾਂ ਕਿਤੇ ਨਜ਼ਰ ਨਹੀਂ ਆਉਂਦਾ। ਇਨ੍ਹਾਂ ਨੇ ਇਸ ਪਾਸੇ ਧਿਆਨ ਨਹੀਂ ਕੀਤਾ। ਇਨ੍ਹਾਂ ਦਾ ਕੰਮ ਸੀ ਕੁਆਲਿਟੀ ਆਫ਼ ਐਜੂਕੇਸ਼ਨ ਅਤੇ ਉਸ ਦਾ ਸਟੈਂਡਰਡ ਉਚਾ ਕਰਨਾ। ਇਹ ਟੌਪ ਦਾ ਸਟੂਡੈਂਟ ਸਰਕਾਰੀ ਸਕੂਲਾਂ ਵਿਚ ਲੈਂਦੇ ਹਨ ਪਰ ਉਹ ਸਾਰੇ ਫੇਲ੍ਹ ਹੋ ਕੇ ਨਿਕਲਦੇ ਹਨ। ਪ੍ਰਾਈਮਰੀ ਸਕੂਲਾਂ ਵਿਚ ਟੀਚਰ ਨਹੀਂ, ਮਿਡਲ ਵਾਲੇ ਸਾਰੇ ਨਕਲ ਮਾਰ ਕੇ ਪਾਸ ਹੁੰਦੇ ਹਨ ਹੋਰ ਕੋਈ ਤਰੀਕਾ ਨਹੀਂ ਰਹਿ ਗਿਆ। ਮੈਂ ਅਰਜ਼ ਕਰਾਂਗਾ ਕਿ ਇਸ ਬੋਰਡ ਨੂੰ ਕੰਟਰੋਲ ਕਰਨ ਵਾਲੇ ਜੋ ਲਾਉਣੇ ਹਨ ਉਹ ਮਹਿਜ਼ ਸਫ਼ਾਰਸ਼ੀ ਨਾ ਲਾਏ ਜਾਣ ਜਾਂ ਜਿਸ ਦੀ ਸੋਚ ਹੋਰ ਤਰ੍ਹਾਂ ਦੀ ਹੋਵੇ ਉਹ ਨਾ ਲਾਏ ਜਾਣ ਇਸ ਵਿਚ ਐਜੂਕੇਸ਼ਨਿਸਟਸ ਵੀ ਜ਼ਰੂਰ ਹੋਣੇ ਚਾਹੀਦੇ ਹਨ। ਧੰਨਵਾਦ।

ਸ਼੍ਰੀ ਜਗਜੀਤ ਸਿੰਘ : ** ** **

ਸ਼੍ਰੀ ਸਪੀਕਰ : ਇਹ ਪੁਆਇੰਟ ਆਫ਼ ਆਰਡਰ ਤਾਂ ਨਹੀਂ ਬਣਦਾ। ਮੈਂ ਸਮਝਦਾ ਹਾਂ ਕਿ ਇਸ ਸਬੰਧ ਵਿਚ ਬਿਲ ਆ ਰਿਹਾ ਹੈ। ਬੜਾ ਇੰਪਾਰਟਟੈਂਟ ਬਿਲ ਹੈ ਉਸ ਦੇ ਉਤੇ ਜ਼ੋਰ ਦੇ ਸਕਦੇ ਹੋ।

ਸ਼੍ਰੀ ਸ਼ਿਵ ਚੰਦ ਮਲੋਟ : ਸਪੀਕਰ ਸਾਹਿਬ ਅੱਜ ਸ਼ਡਿਊਲਡ ਕਾਸਟ ਅਤੇ ਬੈਕਵਰਡ ਕਲਾਸਿਜ਼ ਦੀ ਰੈਜ਼ਰਵੇਸ਼ਨ ਦਾ ਬਿਲ ਇਸ ਸਦਨ ਵਿਚ ਆ ਰਿਹਾ ਹੈ। ਹੁਣ 12.00 ਵਜਣ ਵਾਲੇ ਹਨ ਟਾਈਮ ਕਈ ਹੋਰ ਗੱਲਾਂ ਤੇ ਦਿੱਤਾ ਗਿਆ ਹੈ। ਅਸੀਂ ਪੱਛੜੀਆਂ ਸ਼ਰੇਣੀਆਂ ਨਾਲ ਸਬੰਧ ਰਖਦੇ ਹਾਂ ਇਸ ਬਿਲ ਨੂੰ ਵੀ ਪਿਛੇ ਰਖਿਆ ਗਿਆ ਹੈ। ਮੈਂ ਕਹਿੰਦਾ ਹਾਂ ਕਿ ਇਸ ਨੂੰ ਪਹਿਲਾਂ ਲੈ ਲਿਆ ਜਾਵੇ।

(ਇਸ ਸਮੇਂ ਸਰਦਾਰ ਕਰਨੈਲ ਸਿੰਘ ਡੋਡ ਬੋਲਣ ਲਈ ਖੜੇ ਸਨ)

ਸ਼੍ਰੀ ਸਪੀਕਰ : ਡੋਡ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਸਮਾਂ ਬਹੁਤ ਥੋੜ੍ਹਾ ਹੈ, ਇਸ ਲਈ ਥੋੜ੍ਹਾ ਥੋੜ੍ਹਾ ਸਮਾਂ ਲੈ ਕੇ ਡਿਸਕਸ਼ਨ ਕਰ ਲਈ ਜਾਵੇ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਕਰਨੈਲ ਸਿੰਘ ਡੋਡ (ਫਰੀਦਕੋਟ) : ਜਨਾਬ ਸਨਮਾਨਯੋਗ ਸਪੀਕਰ ਸਾਹਿਬ, ਇਸ ਆਗਸਟ ਹਾਊਸ ਦਾ ਸਭ ਤੋਂ ਇੰਪਾਰਟਮੈਂਟ ਤੇ ਮੇਨ ਫੰਕਸ਼ਨ ਲੈਜਿਸਲੇਸ਼ਨ ਹੀ ਹੈ ਔਰ ਇਹ ਅਫ਼ਸੋਸ ਦੀ ਬਾਤ ਹੈ ਜਦ ਵੀ ਲੈਜਿਸਲੇਟਿਵ ਬਿਜ਼ਨਸ ਆਉਂਦਾ ਹੈ ਇਸ ਹਾਊਸ ਵਿਚ ਉਸ ਨੂੰ ਹੱਸ਼ ਅੱਪ ਕੀਤਾ ਜਾਂਦਾ ਹੈ। ਇਕ ਦਿਨ ਕਿੰਨੇ ਸਾਰੇ ਬਿਲ ਲਿਆਂਦੇ ਜਾਂਦੇ ਹਨ ਤੇ ਫਿਰ ਉਹ ਬਿਲ ਵਿਦਾਊਟ ਡਿਸਕਸ਼ਨ ਐਂਡ ਕੰਨਸਿਡਰੇਸ਼ਨ ਪਾਸ ਕੀਤੇ ਜਾਂਦੇ ਹਨ। ਮੈਂ ਸਮਝਦਾ ਹਾਂ ਕਿ ਇਸ ਤਰੀਕੇ ਨਾਲ ਇਹ ਹਾਊਸ ਆਪਣੀ ਜ਼ਿਮੇਵਾਰੀ ਠੀਕ ਤਰ੍ਹਾਂ ਨਹੀਂ ਨਿਭਾ ਰਿਹਾ ਹੈ ਔਰ ਜਿਹੜਾ ਲੈਜਿਸਲੇਟਿਵ ਬਿਜ਼ਨੈਸ ਹੈ ਉਸਨੂੰ ਲੰਬਾ ਟਾਈਮ ਕੰਨਸੀਡਰੇਸ਼ਨ ਲਈ ਦੇਣਾ ਚਾਹੀਦਾ ਹੈ। ਇਸ ਤਰ੍ਹਾਂ ਹੱਸ਼-ਅੱਪ ਨਹੀਂ ਕਰਨਾ ਚਾਹੀਦਾ। ਜਿਵੇਂ ਕਿ ਸ੍ਰੀ ਸ਼ਿਵ ਚੰਦ ਨੇ ਕਿਹਾ ਹੈ ਕਿ ਹੁਣ ਉਨ੍ਹਾਂ ਦਾ ਬਿਲ ਵੀ ਆਉਣਾ ਹੈ, ਟਾਈਮ ਓਵਰ ਹੋਣ ਵਾਲਾ ਹੈ, ਬਿਲ ਚਾਰ ਪੰਜ ਹੈਗੇ। ਇਹ ਕੋਈ ਮੁਨਾਸਿਬ ਅਪਰੋਚ ਨਹੀਂ। ਸਾਡਾ ਮੇਨ ਫੰਕਸ਼ਨ ਲੈਜਿਸਲੇਟਿਵ ਬਿਜ਼ਨੈਸ ਹੈ ਔਰ ਫਿਰ ਉਹ ਅਦਾਲਤ ਵਿਚ ਜਾਣਾ ਹੈ, ਹਾਈ ਕੋਰਟਾਂ ਵਿਚ ਜਾਣਾ ਹੈ ਲੈਜਿਸਲੇਸ਼ਨ ਚੈਲਿੰਜ ਹੋਣੀ ਹੈ, ਐਗਜ਼ਾਮਿਨ ਹੋਣੀ ਹੈ, ਸੁਪਰੀਮ ਕੋਰਟ ਵਿਚ ਐਗਜ਼ਾਮਿਨ ਹੋਣੀ ਹੈ ਔਰ ਇਥੇ ਸਾਨੂੰ ਕੋਈ ਟਾਈਮ ਨਹੀਂ ਦਿੱਤਾ ਜਾਂਦਾ, ਇਹ ਪ੍ਰਾਪਰ ਗਲ ਨਹੀਂ। ਅਗੇ ਜਨਾਬ ਇਥੇ ਗਲ ਕਹੀ ਹੈ ਸ੍ਰੀ ਓਮ ਪ੍ਰਕਾਸ਼ ਗੁਪਤਾ ਨੇ ਭਾਵੇਂ ਉਹ ਗਲ ਬਹੁਤੀ ਇਸ ਵੇਲੇ ਰੈਲੇਵੈਂਟ ਨਹੀਂ ਮੈਂ ਇਸ ਵਕਤ ਉਸ ਦੀ ਤਾਈਦ ਕਰਦਾ ਹਾਂ। ਜਿਹੜੀ ਗਰਾਂਟ-ਇਨ-ਏਡ ਦੀ ਸਕੀਮ ਹੈ ਔਰ ਜਿਸ ਦੇ ਵਿਚ 1967 ਦੀਆਂ ਪੋਸਟਾਂ ਜਦੋਂ ਉਹ ਲਾਗੂ ਹੋਈ ਜਿਹੜੀਆਂ ਉਸ ਵੇਲੇ ਪ੍ਰਾਈਵੇਟ ਸਕੂਲਾਂ ਵਿਚ ਸਨ ਉਹ ਸੀਜ਼ ਕਰ ਦਿਤੀਆਂ। ਉਹ ਰਾਸ਼ਨਲ ਤੇ ਰਿਆਲਿਸਟਿਕ ਅਪਰੋਚ ਨਹੀਂ। ਸਰਕਾਰ ਨੂੰ ਉਸ ਨੂੰ ਰੀਕੰਨਸੀਡਰ ਕਰਨਾ ਚਾਹੀਦਾ ਹੈ, ਇਹ ਵਿਦਿਆ ਦੇ ਹਿੱਤ ਵਿਚ, ਵਿਦਿਆਰਥੀਆਂ ਦੇ ਹਿੱਤ ਵਿਚ ਤੇ ਸਟੇਟ ਦੇ ਹਿੱਤ ਵਿਚ ਹੈ। ਜਿਵੇਂ ਸਮੇਂ ਸਮੇਂ ਸਿਰ ਗੌਰਮਿੰਟ ਸਕੂਲਾਂ ਵਿਚ ਸਟਰੈਂਥਸ ਰਿਵਾਈਜ਼ ਹੁੰਦੀ ਹੈ, ਪ੍ਰਾਈਵੇਟ ਸਕੂਲਾਂ ਵਿਚ ਵੀ ਰਿਵਾਈਜ਼ ਹੋਣੀ ਚਾਹੀਦੀ ਹੈ। ਹੋਰ ਤਾਂ ਕੀ ਸਪੀਕਰ ਸਾਹਿਬ, ਜੇ ਕਿਸੇ ਸਕੂਲ ਵਿਚ ਉਸ ਵੇਲੇ ਪਰ ਚਾਂਸ ਕੋਈ ਵੇਕੈਂਸੀ ਖਾਲੀ ਸੀ ਵੈਸੇ ਲੋੜ ਸੀ ਉਦੋਂ ਪਹਿਲਾਂ ਵੀ ਟੀਚਰਜ਼ ਉਸ ਪੋਸਟ ਤੇ ਹੁੰਦੇ ਸੀ ਉਹ ਵੀ ਉਨ੍ਹਾਂ ਨੇ ਸੀਜ਼ ਕਰ ਦਿੱਤੀਆਂ। ਉਹ ਵੀ ਐਫ.ਡੀ. ਜਿਹੜਾ ਹੈ, ਐਡਾ ਲਿਬਰਲ ਹੈ ਫਿਨਾਂਸ ਮਨਿਸਟਰ ਬਲਵੰਤ ਸਿੰਘ ਹੋਰੀਂ ਪਰ ਇਸ ਮਾਮਲੇ ਵਿਚ ਐਨੀ ਕੰਜੂਸੀ ਇਨ੍ਹਾਂ ਦਾ ਮਹਿਕਮਾ ਕਰ ਰਿਹਾ ਹੈ ਔਰ ਐਨੀ ਅਨਰਿ-ਆਲਿਸਟਿਕ ਐਪਰੋਚ ਹੈ ਉਸ ਵਿਚ ਕਿ ਬਿਲਕੁਲ ਘਿਰਣਾਯੋਗ ਐਪਰੋਚ ਹੈ ਮੈਂ ਸਮਝਦਾ ਹੈ ਕਿ ਫਿਨਾਂਸ ਡਿਪਾਰਟਮੈਂਟ ਦੀ ਇਸ ਈਸ਼ੂ ਤੇ। ਮੈਂ ਇਸ ਗਲ ਤੇ ਗੁਪਤਾ ਜੀ ਦੀ ਗਲ ਦੀ ਤਾਈਦ ਕਰਦਾ ਹਾਂ। ਅੱਗੇ ਗਲ, ਸਪੀਕਰ ਸਾਹਿਬ, ਇਹ ਹੈ ਕਿ ਇਹਦੇ ਜਿਹੜੇ ਓਬਜੈਕਟਸ ਐਂਡ ਰੀਜ਼ਨਜ਼ ਹਨ ਇਸ ਦੇ ਵਿਚ ਜਿਥੇ 10 ਪਲਸ 2 ਦੀ ਗਲ ਕਹੀ ਹੈ ਉਥੇ ਨਾਲ ਇਹ ਲਿਖਿਆ ਹੈ,

"....In order to raise the importance and status of the school education, the Punjab School Education Board deserves that it may be given more autonomy in its day to day functioning......."

ਬੜੀ ਸ਼ਾਨਦਾਰ ਗਲ ਕਹੀ ਹੈ ਓਬਜੈਕਟਸ ਐਂਡ ਰੀਜ਼ਨਜ਼ ਵਿਚ। ਸਪੀਕਰ ਸਾਹਿਬ, ਅਟਾਨੋਮੀ ਜਿਹੜੀ ਹੈ ਬੋਰਡ ਨੂੰ ਦੇਣੀ ਚਾਹੀਦੀ ਹੈ ਪਰ ਇਹ ਗਲ ਇਥੇ ਤਕ ਹੀ ਮਹਿਦੂਦ ਰਹੀ ਹੈ। ਜਿਹੜੇ ਓਬਜੈਕਟਸ ਐਂਡ ਰੀਜ਼ਨਜ਼ ਹਨ ਇਸ ਗਲ ਨੂੰ ਜਿਹੜੀਆਂ ਇਹ ਕਲਾਜ਼ਿਜ਼ ਹਨ, ਪਰੋਵੀਜ਼ਨਜ਼ ਹਨ ਇਸ ਬਿਲ ਦੀਆਂ ਉਨ੍ਹਾਂ ਵਿਚ ਕਿਤੇ ਦਰਸਾਇਆ ਨਹੀਂ ਗਿਆ, ਉਨ੍ਹਾਂ ਵਿਚ ਕਿਤੇ ਇਸ ਨੂੰ ਨਿਭਾਇਆ ਨਹੀਂ ਗਿਆ। ਮੈਨੂੰ ਇਕ ਵੀ ਕਲਾਜ਼ ਇਸ ਪਰਪੋਜ਼ਡ ਬਿਲ ਵਿਚ ਨਹੀਂ ਲਭੀ ਜਿੱਥੇਂ ਇਹ ਫਲੇਵਰ ਆ ਸਕੇ ਜਿਥੋਂ ਇਹ ਖੁਸ਼ਬੂ ਮਿਲ ਸਕੇ ਕਿ ਇਹ ਕਲਾਜ਼ ਕੋਈ ਬੋਰਡ ਦੀ ਅਟਾ-ਨੋਮੀ ਬਹਾਲ ਕਰਦੀ ਹੈ ਜਾਂ ਰਿਸਟੋਰ ਕਰਦੀ ਹੈ ਜਾਂ ਬੋਰਡ ਨੂੰ ਅਟਾਨੋਮੀ ਦਿੰਦੀ ਹੈ। ਮੈਂ ਮੰਤਰੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਰਨੈਲ ਸਿੰਘ ਡੋਡ]

ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਪਵਿਤਰ ਓਬਜੈਕਟਸ ਐਂਡ ਰੀਜ਼ਨਜ਼ ਜਿਹੜੇ ਦਿੱਤੇ ਹਨ ਇਹ ਆਪਣੇ ਜਵਾਬ ਵਿਚ ਦਸੱਣ ਦੀ ਖੇਚਲ ਕਰਨ ਭਾਈ ਕਿਹੜੀ ਕਲਾਜ਼ ਇਸ ਦੀ ਪੂਰਤੀ ਲਈ ਇਸ ਬਿਲ ਵਿਚ ਪਰੋਵਾਈਡ ਕੀਤੀ ਹੈ ਇਹ ਕਿਤੇ ਨਹੀਂ ਦਿਸਦੀ ।

ਅੱਗੇ, ਸਪੀਕਰ ਸਾਹਿਬ, ਇਸ ਦੀ ਕਾਂਸਟੀਚਿਊਸ਼ਨ ਹੈ । ਸੈਕਟਰੀ ਐਜੂਕੇਸ਼ਨ ਜਿਹੜਾ ਹੈਗਾ ਬੋਰਡ ਦਾ ਮੈਂਬਰ ਹੈਗਾ। ਇਕੱਲਾ ਬੋਰਡ ਦਾ ਹੀ ਨਹੀਂ ਇਸ ਦੀ ਜਿਹੜੀ ਫਿਨਾਂਸ ਕਮੇਟੀ ਹੈ ਉਸ ਦੇ ਵੀ ਮੈਂਬਰ ਹਨ । ਅੱਗੇ, ਤਾਂ, ਸਪੀਕਰ ਸਾਹਿਬ, ਇਹਦੇ ਵਿਚ ਇਸ ਹਾਊਸ ਦੇ ਜਿਹੜੇ ਰਿਪ੍ਰੈਜ਼ੈਂਟੇਟਿਵ ਹਨ ਉਨ੍ਹਾਂ ਨੂੰ ਹਰ ਯੂਨੀਵਰਸਿਟੀ ਵਿਚ ਇਸ ਨੂੰ ਰਿਪਰੈਜ਼ੈਂਟੇਸ਼ਨ ਹਾਸਲ ਹੈ ਹਾਊਸ ਦੇ ਮੈਂਬਰਜ਼ ਨੂੰ । ਪਰ ਇਸ ਵਿਚ ਇਸ ਹਾਊਸ ਦੇ ਰਿਪਰੈਜ਼ੈਂਟੇਟਿਵ ਨੂੰ ਕੋਈ ਰਿਪਰੇਜ਼ੈਂਟੇਸ਼ਨ ਹਾਸਲ ਨਹੀਂ ਜਦਕਿ ਇਹ ਸਕੂਲ ਐਜੂਕੇਸ਼ਨ ਬੋਰਡ ਯੂਨੀਵਰਸਿਟੀ ਵਰਗੀ ਚੀਜ਼ ਹੈ । ਯੂਨੀਵਰਸਿਟੀਆਂ ਦਾ ਬਹੁਤ ਕੰਮ ਟਰਾਂਸਫਰ ਹੋ ਗਿਆ ਹੈ ਸਕੂਲ ਐਜੂਕੇਸ਼ਨ ਬੋਰਡ ਨੂੰ ਔਰ ਇਸ ਹਾਊਸ ਦੇ ਜਿਹੜੇ ਰਿਸਪੈਕਟਿਡ ਮੈਂਬਰਜ਼ ਹਨ ਇਸ ਹਾਊਸ ਵਿਚ ਇਹ ਆਗਸਟ ਹਾਊਸ ਹੈ, ਇਸ ਨੂੰ ਕੋਈ ਰਿਪਰੇਜ਼ੈਂਟੇਸ਼ਨ ਇਸ ਵਿਚ ਨਹੀਂ ਦਿਤੀ ਗਈ । ਇਹ ਵੀ ਇਸ ਬੜੀ ਇਤਰਾਜ਼ਯੋਗ ਗਲ ਹੈ। ਮੈਂ ਮੰਤਰੀ ਸਾਹਿਬ ਸਰਕਾਰ ਦੇ ਗਿਆਤ ਵਿਚ ਲਿਆਵਾਂਗਾ ਕਿ ਇਸ ਦੀ ਸੋਧ ਕਰੋ। ਜਿਵੇਂ ਯੂਨੀਵਰਸਿਟੀਆਂ ਵਿਚ ਐਮ.ਐਲ.ਏਜ਼. ਨੂੰ ਰਿਪਰੇਜ਼ੈਂਟੇਸ਼ਨ ਹੁੰਦੀ ਹੈ, ਨਾਮੀਨੇਸ਼ਨ ਹੁੰਦੀ ਹੈ ਉਥੇ ਇਸ ਹਾਊਸ ਦੇ ਇਲੈਕਟਿਡ ਰਿਪਰੈਜ਼ੈਂਟੇਟਿਵਜ਼ ਜਾਂਦੇ ਹਨ ਉਸੇ ਤਰ੍ਹਾਂ ਇਸ ਬੋਰਡ ਵਿਚ ਵੀ ਇਸ ਹਾਊਸ ਦੇ ਇਲੈਕਟਿਡ ਰਿਪਰੇਜ਼ੈਂਟੇਟਿਵਜ਼ ਜਾਣੇ ਚਾਹੀਦੇ ਹਨ ਔਰ ਇਹ ਗਲ ਜਿਹੜੀ ਹੈ ਅਟਾਨੋਮੀ ਵੀ ਰਿਸਟੋਰ ਕਰੇਗੀ ਜੇ ਐਮ.ਐਲ.ਏ. ਉਥੇ ਜਾਣਗੇ ਤਾਂ। ਅਗਲੀ ਗਲ ਇਹ ਜਿਹੜੀ ਕਾਂਸਟੀਚਿਊਸ਼ਨਲ ਹੈ ਉਸ ਬਾਰੇ ਵੀ ਮੈਂ ਇਕ ਅਰਜ਼ ਕੀਤੀ ਸੀ ਕਿ ਸੈਕਟਰੀ ਐਜੂਕੇਸ਼ਨ ਮੈਂਬਰ ਬਣੇਗਾ ਔਰ ਇਕੱਲਾ ਬੋਰਡ ਦਾ ਹੀ ਨਹੀਂ ਫੀਨਾਂਸ ਕਮੇਟੀ ਦਾ ਵੀ ਮੈਂਬਰ ਬਣੇਗਾ। ਜਿੰਨੇ ਮੈਂਬਰਜ਼ ਨੇ ਸਾਰੇ ਬਿਓਰੋਕਰੇਟ ਨੇ ਉਹ ਮੁਲਾਜ਼ਮ ਨੇ ਜਾਂ ਸਕੂਲਾਂ ਦੇ ਪ੍ਰਿੰਸੀਪਲ ਜਾਂ ਪਰੋਫੈਸਰ ਨੇ । ਮੈਂ ਪੁੱਛਦਾ ਹਾਂ ਕਿ ਜਿਹੜੇ ਇਹ ਬਿਗ ਬਾਸ ਸੈਕਟਰੀ ਐਜੂਕੇਸ਼ਨ ਉਥੇ ਬੈਠੇ ਹੋਣਗੇ, ਕੀ ਕਿਸੇ ਦੀ ਜੁਅਰਤ ਹੈ ਉਂਗਲੀ ਉਠਾਉਣ ਦੀ ਉਸ ਬੋਰਡ ਵਿਚ ਜਾਂ ਉਸ ਕਮੇਟੀ ਵਿਚ ਕਿਸੇ ਵਿਚ ? ਕੀ ਇਹ ਆਟਾਨੋਮੀ ਬਹਾਲ ਹੋ ਰਹੀ ਹੈ ? ਇਹ ਤਾਂ ਵਨਮੈਨ ਸ਼ੋਅ, ਸਪੀਕਰ ਸਾਹਿਬ, ਬਣ ਰਿਹਾ ਹੈ । ਜਦੋਂ ਸੈਕਟਰੀ ਐਜੂਕੇਸ਼ਨ ਮੈਂਬਰ ਹੋਵੇਗਾ, ਬਾਕੀ ਸਾਰੇ ਉਸ ਦੇ ਮੁਤਾਹਿਤ ਮੈਂਬਰਜ਼ ਹੋਣਗੇ ਉਥੇ ਕੋਈ ਅਟਾਨੋਮੀ ਦਾ ਸਵਾਲ ਨਹੀਂ। ਸੈਕਟਰੀ ਐਜੂਕੇਸ਼ਨ ਨੂੰ ਇਸ ਬੋਰਡ ਦਾ ਜਾਂ ਕਿਸੇ ਕਮੇਟੀ ਦਾ ਮੈਂਬਰ ਬਣਾਉਣਾ ਅਟਾਨੋਮੀ ਦੇ ਖਿਲਾਫ਼ ਹੈ । ਇਕ ਮੈਂ ਇਹ ਅਰਜ਼ ਕਰਾਂਗਾ। ਉਸ ਤੋਂ ਅੱਗੇ, ਸਪੀਕਰ ਸਾਹਿਬ, ਇਹ ਚੇਅਰਮੈਨ ਜਿਹੜਾ ਹੈ ਉਸ ਦੀ ਕਲਾਜ਼ 4 ਹੈ ਇਸ ਦੇ ਵਿਚ ਕਿ ਉਸਦੀ ਏਜ ਜਿਹੜੀ ਹੈ 65 ਸਾਲ ਤਕ ਮਖਸੂਸ ਕੀਤੀ ਹੈ। ਇਸ ਬਾਰੇ ਲਿਖਿਆ ਹੈ :

"Provided that no person appointed as Chairman or Vice-Chairman shall continue as such beyond the age of sixty-five years."

ਸਪੀਕਰ ਸਾਹਿਬ, ਯੂਨੀਵਰਸ਼ਿਟੀਆਂ ਦੇ ਵਾਈਸ-ਚਾਂਸਲਰਜ਼ ਤਾਂ 80—80 ਸਾਲ ਦੀ ਉਮਰ ਦੇ ਰਹਿੰਦੇ ਹਨ ਕਿਉਂਕਿ ਆਜ਼ਮੂਦਾ ਐਕਸਪੀਰੀਐਂਸਡ ਜਿਹੜੇ ਸਕਾਲਰਜ਼ ਹੈਗੇ, ਐਡਮਨਿਸਟਰੇਟਰਜ਼ ਹੈਗੇ ਉਹ ਯੂਨੀਵਰਸਿਟੀਆਂ ਦੇ ਵਾਈਸ-ਚਾਂਸਲਰਜ਼ ਲਗਦੇ ਹਨ । ਕੀ ਸਕੂਲ ਐਜੂਕੇਸ਼ਨ ਬੋਰਡ ਦਾ ਸਟੇਟਸ ਔਰ ਉਸ ਦਾ ਕੰਮ ਜਿਹੜਾ ਹੈ ਯੂਨੀਵਰਸਿਟੀ ਦੇ ਕੰਮ ਨਾਲੋਂ ਕੋਈ ਵਖਰਾ ਹੈ ? ਜੇ ਕਿਸੇ ਯੂਨੀਵਰਸਿਟੀ

Original with;
Punjab Vidhan Sabha
Digitized by;
Panjab Digital Library

ਦਾ ਵਾਈਸ-ਚਾਂਸਲਰ 80 ਸਾਲ ਤਕ ਦੀ ਉਮਰ ਦਾ ਰਹਿ ਸਕਦਾ ਹੈ ਤਾਂ ਸਕੂਲ ਬੋਰਡ ਦਾ 70 ਸਾਲ ਦੀ ਉਮਰ ਤਕ ਦਾ ਚੇਅਰਮੈਨ ਕਿਉਂ ਨਹੀਂ ਰਹਿ ਸਕਦਾ ? ਮੈਂ ਕਿਸੇ ਖਾਸ ਵਿਅਕਤੀ ਲਈ ਨਹੀਂ ਇਹ ਅਰਜ਼ ਕਰ ਰਿਹਾ। ਇਹ ਇਕ ਅਕੈਡਮਿਕ ਗਲ ਹੈ, ਅਸੂਲ ਦੀ ਗਲ ਹੈ। ਮੈਂ ਸਰਕਾਰ ਨੂੰ ਐਨੀ ਬੇਨਤੀ ਕਰਾਂਗਾ ਕਿ ਸਰਕਾਰ ਦੇ ਹੱਥ ਜਿਹੜੇ ਹੈਗੇ ਇਹ ਮਹਿਦੂਦ ਨਹੀਂ ਕਰਨੇ ਚਾਹੀਦੇ, ਲਿਮਿਟਡ ਨਹੀਂ ਕਰਨੇ ਚਹੀਦੇ, ਬਾਉਂਡ ਡਾਊਨ ਨਹੀਂ ਸਰਕਾਰ ਨੂੰ ਕਰਨਾ ਚਾਹੀਦਾ ਕਿ ਉਹ 65 ਸਾਲ ਦੇ ਉਮਰ ਦੇ ਵਿਅਕਤੀ ਚੇਅਰਮੈਨ ਨਾ ਲਾ ਸਕੇ। ਜੇ ਉਸ ਦੀ ਯੋਗਤਾ ਹੋਵੇ ਜੇ ਉਸ ਦੀ ਲੋੜ ਸਟੇਟ ਨੂੰ ਜਾਂ ਬੋਰਡ ਨੂੰ ਸਮਝੀ ਜਾਵੇ ਤਾਂ ਸਰਕਾਰ ਨੂੰ ਐਨਾ ਕੁ ਅਖਤਿਆਰ ਰਹਿਣਾ ਚਾਹੀਦਾ ਹੈ। ਇਸ ਕਰਕੇ ਮੈਂ ਤਜਵੀਜ਼ ਕਰਾਂਗਾ ਕਿ ਇਹ ਜਿਹੜਾ ਲਫਜ਼ ਹੈ beyond the age of 65 years ਇਹ ਡਿਲੀਟ ਕਰਨਾ ਚਾਹੀਦਾ ਹੈ ।

ਸਪੀਕਰ ਸਾਹਿਬ, ਇਸ ਤੋਂ ਅਗੇ ਇਕ ਇਹ ਜਿਹੜੀ ਕਲਾਜ਼ 6 ਦੀ ਸਬ-ਕਲਾਜ਼ 2 ਹੈ ਉਸ ਦੇ ਵਿਚ ਲਿਖਿਆ ਹੈ :—

"Any institution affiliated to the Punjab University, Chandigarh, The Punjabi University, Patiala or the Guru Nanak Dev University Amritsar.......

ਇਹ ਸਾਰੇ ਟਰਾਂਸਫਰ ਹੋ ਗਏ ਸੀ ਇਸ ਬੋਰਡ ਨੂੰ । ਮੈਂ ਇਹ ਧਿਆਨ ਵਿਚ ਲਿਆਂਦਾ ਹਾਂ ਕਿ ਇਹਦਾ ਦਾਇਰਾ ਇਖਤਿਆਰ, ਪੰਜਾਬ ਤਕ ਹੈ ਜਾਂ ਬਾਹਰਲੀਆਂ ਸਟੇਟਾਂ ਨਾਲ ਇੰਸਟੀਚਿਊਸ਼ਨ ਐਫੀਲੀਏਟਿਡ ਹਨ ਉਹ ਵੀ ਹੋਣਗੇ ? ਇਸ ਪ੍ਰੋਵੀਜ਼ਨ ਨਾਲ ਉਹ ਸਕੂਲ ਬੋਰਡ ਵਿਚ ਆ ਜਾਣਗੇ । ਮੈਂ ਚੇਤਾ ਹੀ ਕਰਾਇਆ ਹੈ, ਮੈਨੂੰ ਕੋਈ ਬਹੁਤਾ ਇਤਰਾਜ਼ ਨਹੀਂ, ਇਹ ਇਸ ਬਾਰੇ ਵੇਖ ਲੈਣ । ਇਕ ਮੈਂ ਹੋਰ ਤਰਮੀਮ ਦੇਣ ਦੀ ਲੋੜ ਨਹੀਂ ਸਮਝੀ ਜੇਕਰ ਮੁਨਾਸਿਬ ਸਮਝਣ ਤਾਂ ਅਡਾਪਟ ਕਰ ਲੈਣ ਜਿਹੜਾ ਹੈ ਪੇਜ 7 ਤੇ ਕਲਾਜ਼—II ਸਬ ਕਲਾਜ਼ 'ਬੀ' ਪੈਰਾ ਜੀ ਹੈ ਇਹ Committees and Councils ਇਹ ਰੂਲਜ਼ ਬਣਾਉਣ ਬਾਰੇ ਹੈ। ਮੇਰਾ ਖਿਆਲ ਹੈ । ਸਪੀਕਰ ਸਾਹਿਬ, ਮੈਂ ਇਹ ਮਹਿਸੂਸ ਕੀਤਾ ਕਿ ਇਹ ਅਮੈਂਡਿੰਗ ਬਿਲ ਲਿਆਂਦਾ ਹੈ, ਪ੍ਰਿੰਸੀਪਲ ਐਕਟ ਜਿਹੜਾ ਹੈ ਉਹ ਸਾਡੇ ਨਾਲ ਹੈ ਕੋਈ ਨਹੀਂ । ਜੇ ਪ੍ਰਿੰਸੀਪਲ ਐਕਟ ਸਾਹਮਣੇ ਨਾ ਹੋਵੇ ਤਾਂ ਅਮੈਂਡਿੰਗ ਬਿਲ ਦੀਆਂ ਪ੍ਰੋਵੀਜ਼ਨ ਠੀਕ ਤਰਾਂ ਐਗਜ਼ਾਮਿਨ ਨਹੀਂ ਹੋ ਸਕਦੀਆਂ ਔਰ ਉਨ੍ਹਾਂ ਬਾਰੇ ਕੋਈ ਰਾਏ ਨਹੀਂ ਦਿਤੀ ਜਾ ਸਕਦੀ ਪਰ ਇਹ ਤਾਂ ਇਸ ਤਰ੍ਹਾਂ ਹੀ ਹੈ ਅਮੈਂਡਿੰਗ ਬਿਲ ਫੜ੍ਹਾ ਦਿਤਾ ਜਿਸ ਤਰ੍ਹਾਂ ਕਿ ਸਾਡੇ ਅੰਗੂਠੇ ਹੀ ਲੁਆਉਣੇ ਹੁੰਦੇ ਹਨ ਪਰ ਮੈਂਬਰਾਂ ਨੂੰ ਪ੍ਰਿੰਸੀਪਲ ਐਕਟ ਨੂੰ ਵਾਚਣ ਦੀ ਅਮੈਂਡਮੈਂਟ ਲਈ ਕੋਈ ਲੋੜ ਨਹੀਂ । ਪਰ ਫੇਰ ਵੀ ਜੋ ਮੇਕ ਆਊਟ ਹੋ ਸਕਿਆ ਹੈ, ਮੈਂ ਅਰਜ਼ ਕਰਦਾ ਹਾਂ :—

"the committee or councils which may be set up by the Board under sub-section (5) of section 18 and the maximum number of members."

ਇਥੇ ਇਕ ਲਫਜ਼ 'ਦੇਅਰ ਆਫ' ਮਿਸਿੰਗ ਹੈ । ਮੇਰਾ ਖਿਆਲ ਹੈ, ਮੈਂ ਵਜ਼ੀਰ ਸਾਹਿਬ ਦਾ ਧਿਆਨ ਦਿਵਾਉਂਦਾ ਹਾਂ। ਇਹ ਮੈਕਸੀਮੱਮ ਨੰਬਰ ਕਾਹਦੇ, ਇਹ ਕਲੀਅਰ ਨਹੀਂ ਹੋਇਆ। ਇਥੇ ਇਹ ਚਾਹੀਦਾ ਹੈ **'the maximum number of members thereof'** ਜੇ ਹੈ ਪੁੱਛ ਲੈਣ ਆਪਣੇ ਸਲਾਹਕਾਰਾਂ ਨੂੰ ਜਾਂ ਮਹਿਕਮੇ ਵਾਲਿਆਂ ਨੂੰ ਜੇ ਲੋੜ ਹੈ । ਪਿਛੋਂ ਇਹ ਐਗਜ਼ਾਮਿਨ ਹੁੰਦਾ ਰਹੇਗਾ । ਦੇਅਰ-ਆਫ ਲਫਜ਼ ਲੈ ਆਉਣ । ਇਨ੍ਹਾਂ ਲਫਜ਼ਾਂ ਦੇ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਔਰ ਮੈਂ ਆਸ ਕਰਦਾ ਹਾਂ ਜਿਹੜੀਆਂ ਅਰਜ਼ਾਂ ਮੈਂ ਕੀਤੀਆਂ ਹਨ, ਜ਼ਰੂਰੀ ਔਰ ਰੈਲੇਵੈਂਟ ਹਨ ਸਰਕਾਰ ਉਨ੍ਹਾਂ ਤੇ ਹਮਦਰਦੀ ਨਾਲ ਗੌਰ ਕਰੇਗੀ ।

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਮਾਸਟਰ ਮੋਹਨ ਲਾਲ ਜੀ ਬੋਲਣ ਲਈ ਖੜੇ ਹੋਏ)

ਸ਼੍ਰੀ ਸਪੀਕਰ : ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਪੰਜ ਮਿੰਟਾਂ ਵਿਚ ਕੰਪਲੀਟ ਕਰ ਲਓ ਕਿਉਂਕਿ ਬਿਲ ਬਹੁਤ ਸਾਰੇ ਹਨ। ਜੇਕਰ ਹਾਊਸ ਨੂੰ ਐਕਸਟੈਂਡ ਕਰ ਲਿਆ ਜਾਵੇ ਤਾਂ ਵੀ ਦਿੱਕਤ ਆਵੇਗੀ। ਇਸ ਲਈ ਤੁਸੀਂ ਜਲਦੀ ਖਤਮ ਕਰਨਾ।

ਮਾਸਟਰ ਮੋਹਨ ਲਾਲ (ਪਠਾਨਕੋਟ): ਸਪੀਕਰ ਸਾਹਿਬ, ਕਲਾਜ਼ ਤਿੰਨ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਬਾਰੇ ਹੈ। ਇਹ ਬੋਰਡ ਦੀ ਬਣਤਰ ਬਾਰੇ ਹੈ। ਮੇਰੀ ਇਕ ਅਹਿਮ ਸਬਮਿਸ਼ਨ ਹੈ। ਸਪੀਕਰ ਸਾਹਿਬ, ਜਿਹੜੇ ਨੌਜਵਾਨ ਬੱਚੇ ਸਕੂਲਾਂ ਵਿਚ ਪੜ੍ਹਦੇ ਹਨ, ਕਾਲਜ ਵਿਚ ਮੁੰਡੇ ਪੜ੍ਹਦੇ ਹਨ, ਮੇਰੀ ਇਸ ਬਾਰੇ ਪੰਜਾਬ ਸਰਕਾਰ ਨੂੰ ਅਹਿਮ ਸਬਮਿਸ਼ਨ ਹੈ ਕਿ ਪੜ੍ਹਾਈ ਲਿਖਾਈ ਵਾਸਤੇ ਕੁਝ ਕਰੋ। ਲੋਕਾਂ ਦੀ ਭਲਾਈ ਵਾਸਤੇ ਕੁਝ ਕਰੋ। ਪਟਿਆਲਾ ਯੂਨੀਵਰਸਿਟੀ, ਅੰਮ੍ਰਿਤਸਰ ਯੂਨੀਵਰਸਿਟੀ ਔਰ ਇਹ ਤਿੰਨੇ ਯੂਨੀਵਰਸਿਟੀਆਂ ਦੇ ਸਟੂਡੈਂਟਸ ਹਨ। ਉਨ੍ਹਾਂ ਨੂੰ ਇਸ ਵਿਚ ਨੁਮਾਇੰਦਗੀ ਦਿਤੀ ਜਾਵੇ। ਦੂਸਰੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਕਾਲਜ ਐਫੀਲੇਟਿਡ ਹਨ ਉਨ੍ਹਾਂ ਵਿਚ ਵੀ ਇਕ, ਇਕ ਨੁਮਾਇੰਦਾ ਇਨ੍ਹਾਂ ਵਿਚ ਹੋਣਾ ਚਾਹੀਦਾ ਹੈ। ਤੀਸਰੀ ਸੁਜੈਸ਼ਨ ਇਹ ਹੈ ਕਿ ਇਸ ਵਿਚ ਫੋਰਥ ਕਲਾਸ ਇੰਪਲਾਈਜ਼ ਵਾਸਤੇ ਕੋਈ ਰਿਪ੍ਰੇਜ਼ੈਂਟੇਸ਼ਨ ਨਹੀਂ ਹੈ। ਇਸ ਵਿਚ ਕੋਈ ਸਕੂਲਾਂ ਜਾਂ ਕਾਲਜਾਂ ਵਿਚ ਕੋਈ ਰਿਪ੍ਰੇਜ਼ੈਂਟੇਸ਼ਨ ਨਹੀਂ ਦਿੱਤੀ ਗਈ। ਸਪੀਕਰ ਸਾਹਿਬ, ਕਲਾਸ ਫੋਰਥ ਵਾਲੇ ਵੀ ਸਕੂਲਾਂ ਅਤੇ ਕਾਲਜਾਂ ਵਿਚ ਸੇਵਾ ਕਰਦੇ ਹਨ। ਇਸ ਵਾਸਤੇ ਮੇਰੀ ਬੇਨਤੀ ਹੈ ਕਿ ਉਨ੍ਹਾਂ ਕਲਾਸ ਫੋਰਥ ਨੂੰ ਵੀ, ਸਪੀਕਰ ਸਾਹਿਬ, ਇਸ ਨੁਮਾਇੰਦਗੀ ਵਿਚ ਲਿਆਂਦਾ ਜਾਵੇ।

ਦੂਸਰੀ ਬੇਨਤੀ ਹੈ ਕਿ ਕਾਲਜ ਅਤੇ ਟੀਚਰਾਂ ਵਿਚੋਂ ਇਕ ਇਕ ਨੁਮਾਇੰਦਾ ਲਿਆ ਗਿਆ ਹੈ। ਇਸ ਲਈ 2 ਕਾਲਜਾਂ ਵਿਚੋਂ ਅਤੇ 2 ਸਕੂਲਾਂ ਵਿਚੋਂ ਨੁਮਾਇੰਦੇ ਲਏ ਜਾਣ ਤਾਂਕਿ ਉਨ੍ਹਾਂ ਦੀ ਸਹੀ ਨੁਮਾਇੰਦਗੀ ਹੋ ਸਕੇ। ਕਾਲਜ ਅਤੇ ਸਕੂਲਾਂ ਦੇ ਹੈਡਮਾਸਟਰਾਂ ਨੂੰ ਰਿਪਰੇਜ਼ੈਂਟੇਸ਼ਨ ਕਾਫੀ ਦਿੱਤੀ ਗਈ ਹੈ ਜਦ ਕਿ ਸਕੂਲਾਂ ਦੇ ਅਧਿਆਪਕਾਂ ਨੂੰ ਨੁਮਾਇੰਦਗੀ ਬਹੁਤ ਘੱਟ ਦਿੱਤੀ ਗਈ ਹੈ। ਮੈਂ ਕਹਾਂਗਾ ਕਿ 2 ਟੀਚਰਜ਼ ਸਕੂਲਾਂ ਵਿਚੋਂ ਅਤੇ 2 ਲੈਕਚਰਾਰਜ਼ ਕਾਲਜਾਂ ਵਿਚੋਂ ਬੋਰਡ ਵਿੱਚ ਲਏ ਜਾਣ ਤਾਂਕਿ ਉਨ੍ਹਾਂ ਦੀ ਸਹੀ ਨੁਮਾਇੰਦਗੀ ਹੋ ਸਕੇ। ਇਸ ਦੇ ਨਾਲ ਨਾਲ, ਇਕ ਅਮੈਂਡਮੈਂਟ ਹੈ ਜਿਸ ਦੇ ਬਾਰੇ ਵਿੱਚ ਵਿਚਾਰ ਹੈ, ਮੈਂ ਕਹਾਂਗਾ ਕਿ ਐਟ–ਏ–ਟਾਈਮ 3 ਸਾਲ ਦੀ ਐਕਸਟੈਨਸ਼ਨ ਚੇਅਰਮੈਨ ਅਤੇ ਵਾਈਸ–ਚੇਅਰਮੈਨ ਨੂੰ ਦਿੱਤੀ ਜਾ ਰਹੀ ਹੈ, ਉਹ ਇਕ ਸਾਲ ਦੀ ਕੀਤੀ ਜਾਵੇ, ਐਕਸਟੈਨਸ਼ਨ ਸਾਲ ਦੀ ਸਾਲ ਕੀਤੀ ਜਾਵੇ। ਐਸੀ ਮੇਰੀ ਹੰਬਲ ਸੁਜੈਸ਼ਨ ਹੈ। ਮੈਂ ਇਕ ਕਲੈਰੀਫਿਕੇਸ਼ਨ ਚਾਹੁੰਦਾ ਹਾਂ ਕਿ ਅੱਜ ਵੀ ਸ਼੍ਰੀ ਪ੍ਰੇਮ ਗੁਪਤਾ, ਮੰਤਰੀ ਜੀ ਨੇ ਇਮਪਲਾਈਜ਼ ਦੀ ਸੈਲਰੀਜ਼ ਨੂੰ ਰੇਜ਼ ਕਰਨ ਬਾਰੇ ਕਿਹਾ ਹੈ। ਜਿਹੜੇ ਸੜਕਾਂ ਤੇ ਮੁਲਾਜ਼ਮ ਡੇਲੀ ਵੇਜਿਜ਼ ਤੇ ਕੰਮ ਕਰ ਰਹੇ ਹਨ, ਕੀ ਉਨ੍ਹਾਂ ਦੀਆਂ ਤਨਖਾਹਾਂ ਨੂੰ ਵੀ ਰੇਜ਼ ਕਰਨ ਦੀ ਕੋਈ ਪ੍ਰੋਵੀਜ਼ਨ ਇਨ੍ਹਾਂ ਨੇ ਰੱਖੀ ਹੈ, ਇਹ ਕਲੈਰੀਫਿਕੇਸ਼ਨ ਦੇ ਦੇਣ।

ਸ਼੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਪੰਜਾਬ ਸਕੂਲ ਸਿੱਖਿਆ ਬੋਰਡ (ਸੋਧਨਾ) ਬਿਲ ਤੇ ਤੁਰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਸ਼੍ਰੀ ਸਪੀਕਰ: ਹੁਣ ਸਦਨ ਬਿਲ ਦੀਆਂ ਕਲਾਜ਼ਾਂ ਤੇ ਇਕ ਇਕ ਕਰਕੇ ਵਿਚਾਰ ਕਰੇਗਾ।

Original with;
Punjab Vidhan Sabha
Digitized by;
Panjab Digital Library

ਕਲਾਜ਼ 2

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 2 ਬਿਲ ਦਾ ਇਕ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਸ੍ਰੀ ਸਪੀਕਰ : ਤੀਸਰੀ ਕਲਾਜ਼ ਤੇ ਅਮੈਂਡਮੈਂਟ ਹੈ, ਪੰਡਿਤ ਮੋਹਨ ਲਾਲ ਜੀ ਦੀ।

ਪੰਡਿਤ ਮੋਹਨ ਲਾਲ (ਹੁਸ਼ਿਆਰਪੁਰ): ਜਿਸ ਤਰ੍ਹਾਂ ਇਕ ਮੈਂਬਰ ਸਾਹਿਬ ਨੇ ਹੁਣ ਕਿਹਾ ਹੈ ਕਿ ਇਹ ਬਹੁਤ ਹੀ ਅਜੀਬ ਗੱਲ ਹੈ ਕਿ ਇਸ ਵਿੱਚ ਅਸੈਂਬਲੀ ਨੂੰ ਕੋਈ ਨੁਮਾਇੰਦਗੀ ਨਹੀਂ ਦਿੱਤੀ ਗਈ। ਪੰਜਾਬ ਯੂਨੀਵਰਸਿਟੀ ਵਿੱਚ ਵੀ ਹਾਲਾਂਕਿ ਇਹ ਸੈਂਟਰ ਦੀ ਯੂਨੀਵਰਸਿਟੀ ਹੈ, ਉਸ ਵਿੱਚ ਵੀ ਅਸੈਂਬਲੀ ਨੂੰ ਨੁਮਾਇੰਦਗੀ ਦਿੱਤੀ ਗਈ ਹੈ। ਬਾਕਾਇਦਾ ਦੂਸਰੀਆਂ ਯੂਨੀਵਰਸਿਟੀਆਂ ਵਿੱਚ ਵੀ ਗੌਰਮਿੰਟ ਅਸੈਂਬਲੀ ਤੋਂ ਨੌਮੀਨੇਸ਼ਨ ਕਰਦੀ ਹੈ। ਪਰ ਇਸ ਵਿੱਚ ਕੋਈ ਨੁਮਾਇੰਦਗੀ ਨਾ ਰੱਖਣੀ ਬੜੀ ਨਾਇਨਸਾਫ਼ੀ ਵਾਲੀ ਗੱਲ ਹੈ। ਇਸ ਵਿਚ ਜਿੰਨੇ ਵੀ ਐਕਸ-ਆਫੀਸ਼ਿਓ ਮੈਂਬਰਜ਼ ਨੂੰ ਨੁਮਾਇੰਦਗੀ ਮਿਲੀ ਹੈ, ਕੈਟੇਗਰੀਜ਼ ਹਨ ਜਿਨ੍ਹਾਂ ਨੂੰ ਇਨ੍ਹਾਂ ਨੇ ਨੌਮੀਨੇਸ਼ਨ ਪ੍ਰੋਵਾਈਡ ਕੀਤੀ ਹੈ, ਪਰ ਲੈਜਿਸਲੇਟਿਵ ਅਸੈਂਬਲੀ ਵਿਚੋਂ ਕੋਈ ਨੁਮਾਇੰਦਗੀ ਪ੍ਰੋਵਾਈਡ ਨਹੀਂ ਕੀਤੀ।

ਮੁੱਖ ਮੰਤਰੀ: ਜੋ ਇਹ ਕਹਿ ਰਹੇ ਹਨ ਕਿ 3 ਮੈਂਬਰਾਂ ਨੂੰ ਲੈ ਲਿਆ ਜਾਵੇ, ਅਸੀਂ ਉਸਨੂੰ ਕੰਸਿਡਰ ਕਰ ਲੈਂਦੇ ਹਾਂ।

Pandit Mohan Lal : Sir, I beg to move—

That after sub-clause (d) add the following :—

"(e) Three members of the Punjab Legislative Assembly to be nominated by the Speaker of the Assembly".

Mr. Speaker : Motion moved—

That after sub-clause (d) add the following :—

"(e) Three members of the Punjab Legislative Assembly to be nominated by the Speaker of the Assembly".

Mr. Speaker : Question is—

That after sub-clause (d) add the following :—

"(e) Three members of the Punjab Legislative Assembly to be nominated by the Speaker of the Assembly".

The motion was carried.

ਕਲਾਜ਼ 3

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 3 ਸੋਧੇ ਰੂਪ ਵਿਚ ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

Original with;
Punjab Vidhan Sabha
Digitized by;
Panjab Digital Library

ਕਲਾਜ਼ 4

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 4 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 5

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 5 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 6

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 6 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 7

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 7 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 8

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 8 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 9

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 9 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

Original with;
Punjab Vidhan Sabha
Digitized by;
Panjab Digital Library

ਕਲਾਜ਼ 10

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 10 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 11

ਸ੍ਰੀ ਸਪੀਕਰ : ਪੰਡਿਤ ਮੋਹਨ ਲਾਲ ਜੀ ਵਲੋਂ ਇਸ ਕਲਾਜ਼ ਤੇ ਇਕ ਅਮੈਂਡਮੈਂਟ ਆਈ ਹੈ।

Pandit Mohan Lal : Sir, I beg to move—

That at the end of the proposed sub-section (1) add the following :—

"and shall be laid as soon as possible before the House of the State Legislature

In Clause II it has been written :—

"(1) Subject to the provisions of this Act, the Board may make regulations for carrying out the provisions of this Act and a copy of the regulations so made shall be submitted to the State Government.".

ਮੈਂ ਨਾਲ ਐਡ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਕਾਪੀ ਹਾਊਸ ਵਿਚ ਪਲੇਸ ਹੋਇਆ ਕਰੇ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਬੋਰਡ ਔਰ ਯੂਨੀਵਰਸਿਟੀਆਂ ਜੋ ਰੈਜ਼ੋਲਿਊਸ਼ਨ ਬਣਾਉਂਦੀਆਂ ਹਨ ਉਹ ਟੇਬਲ ਤੇ ਲੇਅ ਨਹੀਂ ਹੁੰਦੇ, ਇਸ ਕਰਕੇ ਇਹ ਮੰਨਿਆਂ ਨਹੀਂ ਜਾ ਸਕਦਾ।

ਸ੍ਰੀ ਸਪੀਕਰ : ਮੈਂ ਬਜਾਏ ਪੁਟ ਕਰਾਂ, ਪੰਡਿਤ ਜੀ ਕੀ ਤੁਸੀਂ ਇਸ ਨੂੰ ਵਿਦਡਰਾਅ ਕਰਦੇ ਹੋ ?

ਪੰਡਿਤ ਮੋਹਨ ਲਾਲ : ਜੇਕਰ ਤੁਸੀਂ ਕਹਿੰਦੇ ਹੋ ਤਾਂ ਵਿਦਡਰਾਅ ਕਰ ਲੈਂਦਾ ਹਾਂ। ਪਰ ਕਈਆਂ ਵਿਚ ਇਸ ਬਾਰੇ ਪ੍ਰੋਵੀਜ਼ਨ ਹੈ।

ਸ੍ਰੀ ਸਪੀਕਰ : ਪੰਡਿਤ ਜੀ ਵਿਦਡਰਾਅ ਕਰਦੇ ਹਨ। ਕੀ ਇਸ ਲਈ ਹਾਊਸ ਦੀ ਪ੍ਰਵਾਨਗੀ ਹੈ ਵਾਪਸ ਲੈਣ ਵਿਚ ?

ਆਵਾਜ਼ਾਂ : ਹਾਂ ਜੀ।

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 11 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 1 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

Original with;
Punjab Vidhan Sabha
Digitized by;
Panjab Digital Library

ਟਾਈਟਲ

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਟਾਈਟਲ ਬਿਲ ਦਾ ਟਾਈਟਲ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

Information and Public Relatsions Minist.r (Sardar Natha Singh Dalam): Sir, I beg to move,

That the Punjab School Education Board (Amendment) Bill, as amended, be passed.

ਸ੍ਰੀ ਸਪੀਕਰ : ਪ੍ਰਸਤਾਵ ਪੇਸ਼ ਕੀਤਾ ਗਿਆ—

ਕਿ ਪੰਜਾਬ ਸਕੂਲ ਸਿਖਿਆ ਬੋਰਡ (ਸੋਧਨਾ) ਬਿਲ, ਸੋਧੇ ਰੂਪ ਵਿਚ, ਪਾਸ ਕੀਤਾ ਜਾਵੇ।

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਪੰਜਾਬ ਸਕੂਲ ਸਿਖਿਆ ਬੋਰਡ (ਸੋਧਨਾ) ਬਿਲ, ਸੋਧੇ ਰੂਪ ਵਿਚ, ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ ਜੋ ਤੁਸੀਂ ਸਦਨ ਦੀ ਕਾਰਵਾਈ ਪੰਜਾਬੀ ਵਿਚ ਕੰਡਕਟ ਕਰਨੀ ਆਰੰਭ ਕਰ ਦਿੱਤੀ ਹੈ। ਇਸ ਲਈ ਮੈਂ ਤੁਹਾਨੂੰ ਮੁਬਾਰਕਬਾਦ ਦਿੰਦਾ ਹਾਂ (ਥੇਪਿੰਗ)।

ਪੰਜਾਬ ਆਮ ਵਿਕਰੀ ਕਰ (ਸੋਧਨਾ ਅਤੇ ਵੈਧਤਾ) ਬਿਲ, 1987

ਸ੍ਰੀ ਸਪੀਕਰ : ਪੰਜਾਬ ਆਮ ਵਿਕਰੀ ਕਰ (ਸੋਧਨਾ ਅਤੇ ਵੈਧਤਾ) ਬਿਲ, 1987 ਇੰਟ੍ਰੋਡਿਊਸ ਕਰੋ।

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਸਰ, ਮੈਂ ਪੰਜਾਬ ਆਮ ਵਿਕਰੀ ਕਰ (ਸੋਧਨਾ ਅਤੇ ਵੈਧਤਾ) ਬਿਲ ਪੇਸ਼ ਕਰਦਾ ਹਾਂ।

ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਆਮ ਵਿਕਰੀ ਕਰ (ਸੋਧਨਾ ਅਤੇ ਵੈਧਤਾ) ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਸ੍ਰੀ ਸਪੀਕਰ : ਪ੍ਰਸਤਾਵ ਪੇਸ਼ ਕੀਤਾ ਗਿਆ ਕਿ ਪੰਜਾਬ ਆਮ ਵਿਕਰੀ ਕਰ (ਸੋਧਨਾ ਅਤੇ ਅਤੇ ਵੈਧਤਾ) ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਇਸ ਤੇ ਥੋੜ੍ਹਾ ਜਿਹਾ ਦੱਸਣਾ ਚਾਹੁੰਦਾ ਹਾਂ। ਇਹ ਇਨੋਸੈਂਟ ਜਿਹਾ ਬਿਲ ਹੈ। ਗੌਰਮਿੰਟ ਆਫ ਇੰਡੀਆ ਨੇ ਲਾਅ ਕਮਿਸ਼ਨ ਬਣਾਇਆ ਸੀ ਅਤੇ ਉਸ ਦੇ ਮੁਤਾਬਿਕ ਉਸ ਦੀ 61ਵੀਂ ਰਿਪੋਰਟ ਤੇ ਕੰਸਟੀਚਿਊਸ਼ਨ ਵਿਚ 66ਵੀਂ ਸੋਧ ਕੀਤੀ ਪਾਰਲੀਮੈਂਟ ਨੇ 2 ਫਰਵਰੀ, 1983 ਨੂੰ ਅਤੇ ਇਹ ਸਾਰੇ ਦੇਸ਼ ਵਿਚ ਲਾਗੂ ਹੋ ਗਈ। ਉਸ ਦੇ ਅਧੀਨ ਇਹ ਬਿਲ ਲਿਆਂਦਾ ਹੈ। ਕੁੱਝ ਸੁਪਰੀਮ ਕੋਰਟ ਦੇ ਐਸੇ ਫੈਸਲੇ ਹੋਏ ਸਨ ਜਿਨ੍ਹਾਂ ਨੂੰ ਸਹੀ ਕਰਨ ਵਾਸਤੇ

Original with;
Punjab Vidhan Sabha
Digitized by;
Panjab Digital Library

ਪਾਰਲੀਮੈਂਟ ਨੇ ਕੰਸਟੀਚਿਊਸ਼ਨ ਵਿਚ ਅਮੈਂਡਮੈਂਟ ਲਿਆਂਦੀ। ਬਹੁਤ ਸਾਰੇ ਰਾਜਾਂ ਨੇ ਇਸ ਨੂੰ ਲਾਗੂ ਕਰ ਲਿਆ ਪਰ ਪੰਜਾਬ ਵਿਚ ਲਾਗੂ ਨਹੀਂ ਸੀ ਹੋਈ। ਅਸੀਂ ਇਸ ਅਮੈਂਡਮੈਂਟ ਦੇ ਰਾਹੀਂ ਇਹ ਜਿਹੜੀ ਕੰਸਟੀਚਿਊਸ਼ਨ ਦੇ ਵਿਚ ਅਮੈਂਡਮੈਂਟ ਪਾਰਲੀਮੈਂਟ ਵਿਚ ਹੋਈ ਸੀ, ਉਸ ਨੂੰ ਆਪਣੇ ਰਾਜ ਵਿਚ ਲਾਗੂ ਕਰਨਾ ਚਾਹੁੰਦੇ ਹਾਂ। ਇਸ ਦੇ ਲਾਗੂ ਹੋਣ ਨਾਲ ਥੋੜ੍ਹਾ ਜਿਹਾ ਫਾਇਦਾ ਹੋਵੇਗਾ ਜਿਸ ਤਰ੍ਹਾਂ ਮਿਸਾਲ ਦੇ ਤੌਰ ਤੇ ਫੂਡ ਕਾਰਪੋਰੇਸ਼ਨ ਆਫ ਇੰਡੀਆ ਪੰਜਾਬ ਵਿਚੋਂ ਲੈਵੀ ਰਾਈਸ ਲੈਂਦੀ ਹੈ। 80% ਰਾਈਸ ਲੈਵੀ ਦਾ ਹੈ। ਇਹ ਸੇਲ ਨਹੀਂ ਸੀ ਸਮਝੀ ਜਾਂਦੀ। ਹੁਣ ਇਸ ਨੂੰ ਸੇਲ ਸਮਝਿਆ ਜਾਵੇ। ਇਸ ਨਾਲ ਸਾਨੂੰ ਪੈਸੇ ਆਉਣਗੇ ਅਤੇ ਸਾਡੇ ਸੂਬੇ ਤੇ ਕੋਈ ਬੋਝ ਨਹੀਂ ਪਵੇਗਾ ਇਸ ਲਈ ਸਾਨੂੰ ਪੈਸਾ ਆਵੇਗਾ। ਇਸ ਅਮੈਂਡਮੈਂਟ ਦੇ ਲਾਗੂ ਹੋਣ ਨਾਲ ਸਾਡੇ ਸੂਬੇ ਨੂੰ ਫਾਇਦਾ ਹੋਵੇਗਾ ਅਤੇ ਇਹ ਜਿਹੜੀ ਚੀਜ਼ ਗੌਰਮਿੰਟ ਆਫ ਇੰਡੀਆ ਦੀ ਸਾਰੇ ਦੇਸ਼ ਵਿਚ ਲਾਗੂ ਹੈ ਉਸ ਨੂੰ ਲਾਗੂ ਕਰਨ ਨਾਲ ਅਸੀਂ ਵੀ ਉਸ ਦੇ ਨਾਲ ਲਾਈਨ ਅੱਪ ਹੋ ਜਾਵਾਂਗੇ। ਮੈਂ ਬੇਨਤੀ ਕਰਾਂਗਾ ਕਿ ਇਸ ਨੂੰ ਪਾਸ ਕਰ ਦਿੱਤਾ ਜਾਵੇ। ਇਸ ਉਤੇ ਬਹੁਤੀ ਬਹਿਸ ਦੀ ਲੋੜ ਨਹੀਂ ਹੈ।

ਸ੍ਰੀ ਸਪੀਕਰ : ਗੁਪਤਾ ਜੀ, ਤੁਸੀਂ ਥੋੜ੍ਹਾ ਸਮਾਂ ਲਾਉਣਾ। ਤੁਸੀਂ 2 ਮਿੰਟਾਂ ਵਿੱਚ ਹੀ ਖਤਮ ਕਰ ਦੇਣਾ।

ਸ੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਬੀ): ਸਪੀਕਰ ਸਾਹਿਬ, ਗੱਲ ਇਹ ਹੈ ਕਿ ਇਹ ਜਿਹੜੀ ਅਮੈਂਡਮੈਂਟ ਆਈ ਹੈ ਮੈਂ ਇਸ ਦੇ ਪੈਰਾ 2, ਕਲਾਜ਼ 2 ਦੇ ਪਾਰਟ 3, 4, 5 ਤੇ ਦੋ ਚਾਰ ਮਿੰਟ ਬੋਲਣਾ ਚਾਹੁੰਦਾ ਹਾਂ। ਮੈਂ ਜਿਹੜੀ ਬੇਨਤੀ ਕਰਨ ਲੱਗਾ ਹਾਂ ਉਹ ਇਹ ਹੈ ਕਿ ਜਦੋਂ ਸੇਲਜ਼ ਟੈਕਸ ਲੱਗਾ ਸੀ 4 ਆਨੇ ਤਾਂ ਸੈਂਕੜੇ ਲੋਕਾਂ ਨੇ ਐਜੀਟੇਸ਼ਨ ਕੀਤੀ ਸੀ। 1942 ਵਿਚ ਪੰਜਾਬ ਵਿਚ ਕਾਫੀ ਦੇਰ ਐਜੀਟੇਸ਼ਨ ਹੁੰਦੀ ਰਹੀ। ਮੈਂ ਇਸ ਸੇਲਜ਼ ਟੈਕਸ ਨੂੰ ਹਟਾਉਣ ਵਾਸਤੇ ਨਹੀਂ ਕਹਿੰਦਾ ਪਰ ਐਨਾ ਜ਼ਰੂਰ ਕਹਿੰਦਾ ਹਾਂ ਕਿ ਕੋਈ ਵੀ ਟੈਕਸ ਜੋ ਲਗਦਾ ਹੈ ਉਸਦਾ ਭਾਰ ਗਰੀਬਾਂ ਤੇ ਪੈਂਦਾ ਹੈ। ਮੈਂ ਇਸ ਦੀ ਕਲਾਜ਼ 2 ਦਾ ਪਾਰਟ 3 ਪੜ੍ਹਦਾ ਹਾਂ, ਜੋ ਕਿ ਇਸ ਤਰ੍ਹਾਂ ਹੈ :—

"(iii) delivery of goods in hire-purchase or any system of payment by instalments ;

(iv) transfer of the right to use any goods for any purpose (whether or not for a specified period) for cash, deferred payment or other valuable consideration ; and

(v) Supply, by way of or as part of any service or in any other manner what soever , of goods, being food or any other article......"

ਮੈਂ ਕਲਾਜ਼ 5 ਤੇ ਥੋੜ੍ਹੀ ਜਿਹੀ ਅਰਜ਼ ਕਰਨੀ ਚਾਹੁੰਦਾ ਹਾਂ। ਇਨ੍ਹਾਂ ਨੇ ਢਾਬਿਆਂ ਤੇ ਟੈਕਸ ਲਗਾਇਆ ਜਿਥੇ ਕਿ ਗਰੀਬ ਆਦਮੀ ਰੋਟੀ ਖਾਣ ਜਾਂਦੇ ਹਨ।

ਵਿੱਤ ਮੰਤਰੀ (ਬੈਠੇ ਬੈਠੇ): ਢਾਬਿਆਂ ਤੇ ਨਹੀਂ ਲਾਉਂਦੇ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਹ ਢਾਬਿਆਂ ਤੇ ਲਾ ਦਿੱਤਾ। ਇਹ ਕਹਿੰਦੇ ਹਨ ਕਿ ਹੋਟਲਾਂ ਤੇ ਲਾ ਦਿਤਾ। ਸਪੀਕਰ ਸਾਹਿਬ, ਪੰਜਾਬ ਵਿਚ ਛੋਟੇ ਛੋਟੇ ਹੋਟਲ ਹਨ। ਇਥੇ ਫਾਈਵ ਸਟਾਰ ਜਾਂ ਥਿਰੀ ਸਟਾਰ ਹੋਟਲ ਨਹੀਂ ਹਨ। ਸਾਡਾ ਸੂਬਾ ਕਾਫੀ ਡਿਵੈਲਪਮੈਂਟ ਵੱਲ ਵਧ ਰਿਹਾ ਸੀ ਪਰ ਹਾਲਾਤ ਕੁਝ ਅਜਿਹੇ ਹੋ ਗਏ ਕਿ ਹੁਣ ਇਸ ਨੂੰ ਪਿੱਛੇ ਸੁਟ ਦਿਤਾ ਹੈ। ਪੰਜ ਚਾਰ ਸਾਲ ਤੋਂ ਇਹ ਪਿੱਛੇ ਹੁੰਦਾ ਰਿਹਾ ਹੈ ਬਜਾਏ ਉਨ੍ਹਾਂ ਨੂੰ ਕੋਈ ਇਨਕਰੇਜਮੈਂਟ ਦੇਣ ਦੇ ਕਿ ਉਹ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਟਿਕੇ ਰਹਿਣ ਅਤੇ ਕੰਮ ਕਰਨ, ਉਨ੍ਹਾਂ ਦੇ ਛੋਟੇ ਛੋਟੇ ਹੋਟਲਾਂ ਤੇ ਵੀ ਟੈਕਸ ਲਾ ਦਿੱਤਾ। (ਵਿਘਨ) ਗੱਲ ਤਾਂ ਸੁਣ ਲਓ ਹੁਣ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਗਰੀਬਾਂ ਤੇ ਹੋਰ ਬੜਾ ਬੋਝ ਪੈਣਾ ਹੈ। ਇਕ, ਸਪੀਕਰ ਸਾਹਿਬ, ਹੋਰ ਕਲਾਜ਼ ਆਈ ਹੈ, ਇਹ ਕਲਾਜ਼ ਦੋ ਹੈ, ਇਸ ਦੇ ਨਾਲ ਹੀ ਪਾਰਟ ਚਲਦਾ ਹੈ ਔਰ ਇਹ ਪਾਰਟ 'ਡੀ' ਹੈ ਜੋ ਪੇਜ ਤਿੰਨ ਤੇ ਹੈ, ਉਸ ਦੇ ਵਿਚ ਛੇਵਾਂ ਪੈਰ੍ਹਾ ਹੈ ......

Clause 2 (D (vi) says :

> "Supply by way of or as part of any service or in any other manner, what soever, of goods, being food or any other article for human consumption or any drink............"

ਇਹ ਉਸ ਤੇ ਵੀ ਟੈਕਸ ਲਾ ਦਿੱਤਾ ਹੈ ਜੋ ਤੁਸੀਂ ਸੋਡਾ ਹੋਟਲ ਵਿੱਚ ਪੀਣ ਜਾਣਾ ਹੈ। ਇਨ੍ਹਾਂ ਨੇ, ਸਪੀਕਰ ਸਾਹਿਬ, ਕੋਈ ਪਾਸਾ ਨਹੀਂ ਛੱਡਿਆ ਜਿਸ ਤੇ ਟੈਕਸ ਨਾ ਲਾਇਆ ਹੋਵੇ। ਇਨ੍ਹਾਂ ਨੇ ਕੋਈ ਰਸਤਾ ਨਹੀਂ ਛੱਡਿਆ ਜਿਸ ਤੋਂ ਕਿ ਗਰੀਬ ਬਚ ਕੇ ਰਹਿ ਜਾਵੇ। ਸਾਡਾ 40–50 ਕਰੋੜ ਰੁਪਿਆ ਇਸ ਅਮੈਂਡਿੰਗ ਬਿਲ ਤੋਂ ਇਨਕਮ ਦਾ ਹੋਣਾ ਹੈ ਅਤੇ 40–50 ਕਰੋੜ ਰੁਪਿਆ ਮਹਿਕਮੇਂ ਦੇ ਆਦਮੀ ਖਾ ਜਾਂਦੇ ਹਨ। ਇਹ ਸਾਰਾ ਬੋਝ ਕਿਸ ਤੇ ਪੈਣਾ ਹੈ ? ਇਹ ਸਾਰਾ ਬੋਝ ਗਰੀਬ ਆਦਮੀ ਤੇ ਹੀ ਪੈਣਾ ਹੈ। ਟੈਕਸੇਸ਼ਨ ਦੇ ਬੜੇ ਰਸਤੇ ਹਨ। ਇਨ੍ਹਾਂ ਨੂੰ ਦਿਖਦਾ ਹੈ ਤਾਂ ਸ਼ਹਿਰ ਹੀ ਦਿਖਦੇ ਹਨ, ਅਰਬਨ ਏਰੀਆ ਹੀ ਇਨ੍ਹਾਂ ਨੂੰ ਦਿਖਦਾ ਹੈ। ਤੁਸੀਂ ਸਪੀਕਰ ਸਾਹਿਬ, ਦੇਖਿਆ ਹੈ ਕਿ 1400 ਕਰੋੜ ਰੁਪਏ ਦਾ ਰੈਵੇਨਿਊ ਹੈ ਜੋ ਸ਼ਹਿਰਾਂ ਦੀ ਆਮਦਨ ਤੋਂ ਆਇਆ ਹੈ ਪਰ ਇਹ ਸਾਡੇ ਤੇ 200 ਕਰੋੜ ਰੁਪਏ ਵੀ ਡਿਵੈਲਪਮੈਂਟ ਤੇ ਨਹੀਂ ਖਰਚਦੇ। ਅਸੀਂ ਨਹੀਂ ਕਹਿੰਦੇ ਕਿ ਟੈਕਸ ਨਾ ਲਾਓ ਪਰ ਸਾਡਾ ਹਿੱਸਾ ਜੋ ਬਣਦਾ ਹੈ, ਡਿਵੈਲਪਮੈਂਟ ਵਾਸਤੇ, ਉਹ ਤਾਂ ਸਾਡੀ ਸ਼ਹਿਰਾਂ ਦੀ ਡਿਵੈਲਪਮੈਂਟ ਤੇ ਲਾਓ। (ਵਿਘਨ) ਅਤਿਵਾਦ ਬੰਦ ਕਰਵਾ ਦਿਓ, ਸਾਰਾ ਖਾ ਜਾਓ। ਜਿੰਨਾ ਖਾ ਸਕਦੇ ਹੋ ਖਾ ਲਓ।

Mr. Speaker: Gupta ji, please address the Chair. ਹੁਣ ਸਮਾਪਤ ਕਰੋ, ਗੁਪਤਾ ਸਾਹਿਬ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਹ ਟੋਕਣ ਤੋਂ ਨਹੀਂ ਹਟਦੇ। ਮੈਂ ਬੇਨਤੀ ਕਰਦਾ ਹਾਂ ਕਿ ਸਰਕਾਰ ਦੇ ਨਾਲ ਸਾਡੀ ਥੋੜ੍ਹੀ ਜਿਹੀ ਸਾਂਝ ਹੈ, ਅਸੀਂ ਕਹਿ ਦਿੰਦੇ ਹਾਂ ਕਿ ਠੀਕ ਹੈ ਪਰ ਇਹ ਟੈਕਸੇਸ਼ਨ ਦਾ ਤਰੀਕਾ ਠੀਕ ਨਹੀਂ ਹੈ। (ਵਿਘਨ) ਇਨ੍ਹਾਂ ਦਾ 1200 ਕਰੋੜ ਰੁਪਿਆ ਬੈਂਕਾਂ ਵਿਚ ਪਿਆ ਹੈ। ਸਰਵੇ ਕਰਵਾ ਕੇ ਦੇਖ ਲਓ। ਜ਼ਿਮੀਦਾਰਾਂ ਦਾ 1200 ਕਰੋੜ ਰੁਪਿਆ ਪਿਆ ਹੈ। ਸਾਡੇ ਤੇ ਇਹ ਟੈਕਸ ਲਾਈ ਜਾਂਦੇ ਹਨ, ਆਪਣੇ ਤੇ ਕੋਈ ਟੈਕਸ ਨਹੀਂ ਲਾਉਂਦੇ। (ਘੰਟੀ) ਸਾਡੇ ਤੇ ਹੀ ਜ਼ੁਲਮ ਕਰਦੇ ਹਨ, ਸਾਡੇ ਹੀ ਬੈਂਕ ਲੁਟੀ ਜਾ ਰਹੇ ਹਨ। (ਹਾਸਾ) (ਵਿਘਨ) ਸਾਰਾ ਭਾਰ ਸ਼ਹਿਰੀਆਂ ਤੇ ਹੀ ਨਾ ਪਾਈ ਜਾਣ। ਇਤਨਾ ਕਹਿ ਕੇ ਸਪੀਕਰ ਸਾਹਿਬ, ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ।

ਸਰਦਾਰ ਕਿਰਪਾਲ ਸਿੰਘ ਢਿੱਲੋਂ : ਸਪੀਕਰ ਸਾਹਿਬ, ਮੈਂ ਆਪਣੇ ਮੈਂਬਰ ਸਾਹਿਬ ਦੇ ਟਾਈਮ ਵਿਚੋਂ ਪੁਆਇੰਟ ਆਫ ਡਿਸਆਰਡਰ ਉਠਾਉਣਾ ਚਾਹੁੰਦਾ ਹਾਂ।

ਸ਼੍ਰੀ ਸਪੀਕਰ : ਉਹ ਤਾਂ ਆਪਣਾ ਟਾਈਮ ਪੂਰਾ ਲੈ ਚੁਕੇ ਹਨ।

Original with;
Punjab Vidhan Sabha
Digitized by;
Panjab Digital Library

ਸਰਦਾਰ ਕਿਰਪਾਲ ਸਿੰਘ ਢਿੱਲੋਂ : ਸਪੀਕਰ ਸਾਹਿਬ, ਅੱਜ ਡੇਅ ਹੈ ਫਨ ਐਂਡ ਫਰਾਲਿਕ ਦਾ। ਇਹ ਮੇਰੇ ਹੱਥ ਵਿਚ ਇਕ ਕਾਰਡ ਹੈ ਜੋ ਮਨਿਸਟਰ ਫਾਰ ਪਾਰਲੀਮੈਂਟਰੀ ਅਫੇਅਰਜ਼ ਵਲੋਂ ਆਇਆ ਹੈ। ਇਨ੍ਹਾਂ ਨੇ ਸੱਚ ਮੁੱਚ ਹੀ ਖਾਣਾ ਦੇਣਾ ਹੈ ਜਾਂ ਖਾਲੀ ਭਾਂਡੇ ਹੀ ਰਖੇ ਹੋਏ ਹਨ। (ਹਾਸਾ) (ਵਿਘਨ) ਜਿੰਨੇ ਤੁਸੀਂ ਬਿਲ ਪਾਸ ਕਰਵਾ ਰਹੇ ਹੋ ਫਸਟ ਅਪਰੈਲ ਕਰਕੇ ਇਹ ਤਾਂ ਨਹੀਂ ਕਹਿ ਦੇਵੋਂਗੇ ਕਿ ਕੋਈ ਪਾਸ ਨਹੀਂ ਹੋਏ। ਜੇ ਤਾਂ ਖਾਣਾ ਕੀਤਾ ਹੈ 100 ਦਾ ਜਾਂ 200 ਦਾ ਜਾਂ 400 ਦਾ ਇਨ੍ਹਾਂ ਤੋਂ ਹੀ ਸ਼ੁਰੂ ਕਰੀਏ ਕਿੰਨਾ ਟੈਕਸ ਉਨ੍ਹਾਂ ਕੋਲੋਂ ਲੈਣਾ ਹੈ। ਜਿਹੜਾ ਵੱਡੀ ਪਾਰਟੀ ਕਰੇ ਉਹ ਜ਼ਰੂਰ ਟੈਕਸ ਦੇਵੇ।

ਰਾਜ ਮੰਤਰੀ, ਖੁਰਾਕ ਤੇ ਸਪਲਾਈ : ਖਾਣਾ ਬਿਲਕੁਲ ਸਾਰਿਆਂ ਨੂੰ ਦਿਤਾ ਜਾਏਗਾ, ਐਸੀ ਕੋਈ ਗੱਲ ਨਹੀਂ ਹੈ। ਜਿਥੋਂ ਤਕ ਖਾਣੇ ਦੇ ਟੈਕਸ ਦੀ ਗੱਲ ਹੈ ਟੈਕਸ ਕਿਸੇ ਤੋਂ ਨਹੀਂ ਲੈਣਾ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ (ਲੁਧਿਆਣਾ ਪੂਰਬੀ): ਸਪੀਕਰ ਸਾਹਿਬ, ਮੈਂ ਬਿਲ ਨੰਬਰ 3 ਪੀ. ਐਲ. ਏ. ਆਫ 1987 ਦੀ ਪੰਜਾਬ ਜਨਰਲ ਸੇਲਜ਼ ਟੈਕਸ (ਅਮੈਂਡਮੈਂਟ ਐਂਡ ਵੈਲੀਡੇਸ਼ਨ) ਬਿਲ, 1987 ਤੇ ਆਪਣੇ ਵਿਚਾਰ ਰਖਣੇ ਹਨ। ਮਾਨ ਯੋਗ ਐਕਸਾਈਜ਼ ਐਂਡ ਟੈਕਸੇਸ਼ਨ ਮਨਿਸਟਰ ਐਂਡ ਫਾਈ-ਨੈਂਸ ਮਨਿਸਟਰ ਸਰਦਾਰ ਬਲਵੰਤ ਸਿੰਘ ਜੀ ਨੇ ਬਜਟ ਸਪੀਚ ਵਿਚ ਦਸਿਆ ਸੀ ਕਿ ਸੇਲਜ਼ ਟੈਕਸ ਐਕਟ ਨੂੰ ਨਵੇਂ ਸਿਰੇ ਤੋਂ ਰੀਸਟਰਕਚਰ ਕੀਤਾ ਜਾਏਗਾ ਔਰ ਇਕ ਹਾਈ ਪਾਵਰਡ ਕਮੇਟੀ ਬਣਾਈ ਜਾਵੇਗੀ ਜਿਸ ਦੇ ਬਣਨ ਨਾਲ ਇੰਡਸਟਰੀ ਔਰ ਟਰੇਡ ਦੀ Progress ਹੋਵੇਗੀ ਔਰ ਟਰੇਡਰਜ਼ ਔਰ ਅਵਾਮ ਦੀਆਂ ਤਕਲੀਫਾਂ ਦੂਰ ਹੋਣਗੀਆਂ, ਉਨ੍ਹਾਂ ਦੀ ਹਾਰਡਸ਼ਿਪ ਮਿਟੀਗੇਟ ਹੋਵੇਗੀ ਲੇਕਿਨ ਮਾਨ ਯੋਗ ਮਨਿਸਟਰ ਸਾਹਿਬ ਨੇ ਬਜਾਏ ਇਸ ਦੇ ਕਿ ਪਹਿਲਾਂ ਉਹ ਕਮੇਟੀ ਬਣਾ ਕੇ ਐਕਟ, ਨੂੰ ਪੂਰੇ ਤੌਰ ਤੇ ਸੋਧ ਕੇ ਇਸ ਦੇ ਬਾਅਦ ਕੋਈ ਨਵਾਂ ਕਦਮ ਉਠਾਉਂਦੇ, ਪਰ ਐਕਟ ਵਿਚ ਇਹ ਤਰਮੀਮ ਲਿਆ ਕੇ ਬਜਾਏ ਹਾਰਡਸ਼ਿਪ ਘਟਾਉਣ ਦੇ ਵਧਾ ਦਿਤੀ ਹੈ। ਡੀਲਰਜ਼ ਲਈ, ਇੰਡਸਟਰੀ ਲਈ ਔਰ ਆਮ ਲੋਕਾਂ ਲਈ। ਇਸ ਪੰਜਾਬ ਜਨਰਲ ਸੇਲਜ਼ ਟੈਕਸ ਦੇ ਐਕਟ ਦੇ 31 ਸੈਕਸ਼ਨ ਹਨ। ਸਪੀਕਰ ਸਾਹਿਬ ਇਨ੍ਹਾਂ 31 ਸੈਕਸ਼ਨਾਂ ਵਿਚੋਂ 21 ਐਸੇ ਹਨ ਜਿਨ੍ਹਾਂ ਦੀ ਅਮੈਂਡਮੈਂਟ ਕਰਨੀ ਬਹੁਤ ਜਲਦੀ ਜ਼ਰੂਰੀ ਹੈ। ਜਿਸ ਦੇ ਕਰਨ ਨਾਲ ਹੀ ਇਸ ਟਰੇਡ ਵਿੱਚ Progress ਵੀ ਹੋ ਸਕਦੀ ਹੈ ਨਾਲ ਹੀ ਅਵੇਜ਼ਨ ਆਫ ਟੈਕਸ ਵੀ ਹਟ ਸਕਦੀ ਹੈ ਔਰ ਅਵਾਮ ਦੀ ਹਾਰਡਸ਼ਿਪ ਵੀ ਘਟ ਸਕਦੀ ਹੈ। ਅੱਜ ਜਿਹੜੇ ਬਿਲ ਦੀ ਅਮੈਂਡਮੈਂਟ ਮਾਨਯੋਗ ਵਜ਼ੀਰ ਸਾਹਿਬ ਨੇ ਪੇਸ਼ ਕੀਤੀ ਹੈ ਇਸ ਤੇ ਉਨ੍ਹਾਂ ਦਾ ਮੇਨ ਮੰਤਵ ਹੈ ਟੈਕਸ ਲਾਉਣਾ

"delivery of goods in hire purchase and transfer of property in goods.......

ਫਿਰ ਅਗੇ Transfer, otherwise than in pursuance of contract, or property in any goods on lease of goods and on serving of meals in restaurant ਜਿਹੜੀਆਂ ਸਾਰੀਆਂ ਅਨਜਸਟੀਫਾਈਡ ਹਨ। ਮੌਜੂਦਾ ਮਾਹੌਲ ਵਿਚ ਜਦ ਕਿ ਪਹਿਲਾਂ ਹੀ ਬੜੇ ਭਾਰੀ ਟੈਕਸ ਲੋਕਾਂ ਤੇ ਹਨ। ਸੇਲਜ਼ ਟੈਕਸ ਇਕ ਐਸਾ ਆਈਟਮ ਹੈ ਜਿਸ ਦੇ ਜ਼ਰੀਏ ਮੈਕਸੀਮਮ ਰੈਵੇਨਿਊ ਕੁਲੈਕਟ ਹੋ ਰਿਹਾ ਹੈ। ਇਸ ਨਾਲ ਤਾਂ ਲੋਕਾਂ ਤੇ ਹੋਰ ਭਾਰ ਪਾਉਣਾ ਹੈ ਅਤੇ ਮਰੋੜ ਤਰੋੜ ਕੇ। ਸੇਲਜ਼ ਦੀ ਡੈਫੀਨੇਸ਼ਨ ਬਦਲਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਵਿਚ ਮੇਨ ਚੀਜ਼

Original with;
Punjab Vidhan Sabha
Digitized by;
Panjab Digital Library

[ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ]

ਜਿਹੜੀ ਹੈ ਇਨ੍ਹਾਂ ਨੇ ਸੇਲਜ਼ ਦੀ ਡੈਫੀਨੇਸ਼ਨ ਬਦਲਣ ਦੀ ਕੋਸ਼ਿਸ਼ ਕੀਤੀ ਹੈ ਸੇਲਜ਼, ਡੀਲਰ, ਟਰਨ ਓਵਰ ਔਰ ਨਾਲ ਹੀ ਪਰਚੇਜ਼ ਦੇ ਅਰਾਉਂਡ ਸਾਰਾ ਸੇਲ ਟੈਕਸ ਸਟਰਕਚਰ ਘੁੰਮਦਾ ਹੈ। ਜਿਨ੍ਹਾਂ ਦੇ ਬਦਲਣ ਨਾਲ ਡੈਫੀਨੇਸ਼ਨ ਸਾਰੀ ਸੇਲ ਦਾ ਮਤਲਬ ਬਦਲ ਜਾਂਦੀ ਹੈ"

"Whether as goods or in some other form "and" delivery of goods in hire-Purchase"

" ਟਰਾਂਸਫਰ ਆਫ ਗੁਡਜ਼ ਦੇ ਨਾਲ ਹੀ ਡੈਫੀਨੇਸ਼ਨ ਵਿਚ ਇਹ ਚੇਂਜ ਲਿਆਂਦੀ ਹੈ। ਜਿਹੜੀਆਂ ਇਹ 5 ਕਲਾਜ਼ਾਂ ਲਿਆਂਦੀਆਂ ਹਨ ਉਨ੍ਹਾਂ ਵਿਚ ਇਕ ਲਿਆਂਦੀ ਹੈ"

"or any system of payment by instalment,

Transfer of the rights to use any goods.

ਰਾਈਟਸ to use ਗੁੱਡਜ਼ ਨੂੰ ਵੀ ਸੇਲ ਬਣਾ ਸਕਦੇ ਹਨ ਫਾਰ ਐਨੀ ਪਰਪਜ਼। ਇਸ ਤੋਂ ਅੱਗੇ ਕਿਹਾ ਹੈ—

"Supply, by way of, or as part of any service or in any other manner whatsoever, of goods, being food or any other article for human consumption or any drink (whether or not intoxicating), where such supply or service is for cash......

In the definition of sale tax..

ਇਹ ਤੁਹਾਡੇ ਮੰਤਰੀ ਸਾਹਿਬ ਨੇ ਅੰਗਰੇਜ਼ੀ ਲਿਖੀ ਹੈ ਉਹ ਮੈਂ ਪੜ੍ਹ ਰਿਹਾ ਹਾਂ। ਬਾਕੀ ਮੈਂ ਆਪਣੀ ਜ਼ਬਾਨ ਵਿਚ ਬੋਲਾਂਗਾ। ਫਿਰ ਡਿਪਟੀ ਸਪੀਕਰ ਸਾਹਿਬ, ਲੀਜ਼ ਆਫ ਗੁਡਜ਼ ਜਿਸ ਦੇ ਮਾਇਨੇ ਤੋਂ ਪਤਾ ਲਗਦਾ ਹੈ ਕਿ ਸੇਲ ਨਹੀਂ ਹੋ ਸਕਦੀ।......

The goods which or given on lease, he has tried to make them as sale by changing the definition.

ਕੋਈ ਚੀਜ਼ ਜਿਹੜੇ ਕੰਟਰੈਕਟ ਤੇ ਦਿੱਤੀ ਜਾਵੇ ਜਾਂ ਇਨਸਟਾਲਮੈਂਟ ਤੇ ਸੇਲ ਕੀਤੀ ਜਾਵੇ ਉਹ ਤਾਂ ਸੇਲ ਬਣ ਸਕਦੀ ਹੈ ਪਰ ਉਸ ਵਿਚ ਇਹ ਕਲੀਅਰ ਕਰਨ ਦੀ ਲੋੜ ਹੈ ਕਿ ਕਿਸ ਸਟੇਜ ਤੇ ਇਹ ਸੇਲ ਹੋਵੇਗੀ।

whether on giving only delivery or when the transaction is completed.

ਸਪੀਕਰ ਸਾਹਿਬ, ਕਲਾਜ਼ ਵਿਚ ਲਿਖਿਆ ਹੈ ਕਿ ਜਿਹੜੀ ਚੀਜ਼ ਲੀਜ਼ ਤੇ ਵੀ ਦਿੱਤੀ ਜਾਵੇਗੀ ਜਾਂ ਇਨਸਟਾਲਮੈਂਟ ਤੇ ਦਿੱਤੀ ਜਾਵੇਗੀ ਉਸ ਦਾ ਟੈਕਸ ਪਹਿਲੇ ਸਾਲ ਪਹਿਲੀ instalment ਤੇ ਹੀ ਕੁਲੈਕਟ ਕਰ ਲਿਆ ਜਾਵੇਗਾ। ਫਰਜ਼ ਕਰੋ ਜੇ ਕੋਈ ਚੀਜ਼ 10 ਹਜ਼ਾਰ ਦੀ ਵਿਕੀ ਹੈ ਔਰ 100 ਰੁਪਏ ਸਾਲ ਦੀ ਇਨਸਟਾਲਮੈਂਟ ਹੈ ਤਾਂ ਉਸ ਲੈਣ ਵਾਲੇ ਨੂੰ ਟੈਕਸ 10 ਹਜ਼ਾਰ ਤੇ ਪਹਿਲੇ ਸਾਲ ਹੀ ਦੇਣਾ ਪਵੇਗਾ। ਇਹ ਕਲਾਜ਼ ਬੜੀ ਹਾਰਸ਼ ਕਲਾਜ਼ ਹੈ। ਹਾਇਰ ਪਰਚੇਜ਼ ਤੇ ਜ਼ਿਹੜੀ ਚੀਜ਼ ਸੇਲ ਹੁੰਦੀ ਹੈ ਉਸ ਦਾ ਵੀ ਲੰਪਸਮ ਟੈਕਸ ਪਹਿਲੇ ਦੇਣਾ ਪਵੇਗਾ। ਸਪੀਕਰ ਸਾਹਿਬ, ਆਮ ਤੌਰ ਤੇ ਜਿਹੜਾ ਇਨਸਟਾਲਮੈਂਟ ਤੇ ਚੀਜ਼ ਲੈਂਦਾ ਹੈ ਉਹ ਗਰੀਬ ਹੁੰਦਾ ਹੈ ਔਰ ਕਈ ਵਾਰੀ ਤਾਂ ਉਹ ਇਨਸਟਾਲਮੈਂਟ ਨਹੀਂ ਦੇ ਸਕਦਾ ਤਾਂ ਉਸ ਨੂੰ ਮਾਲ ਡੀਲਰਜ਼ ਨੂੰ ਵਾਪਸ ਵੀ ਕਰਨਾ ਪੈਂਦਾ ਹੈ ਪਰ ਇਸ ਨਾਲ ਉਸ ਨੂੰ ਬਹੁਤ ਨੁਕਸਾਨ ਹੋ ਜਾਵੇਗਾ। ਇਸ ਤਰ੍ਹਾਂ ਇਹ ਜਿਹੜੀਆਂ ਸਾਰੀਆਂ ਆਈਟਮਜ਼ ਹਨ ਇਹ ਵੇਖਣ ਵਾਲੀਆਂ ਹਨ। ਜਿਵੇਂ ਡੋਡ ਸਾਹਿਬ ਨੇ ਕਿਹਾ ਹੈ ਕਿ ਐਕਚੂਅਲ ਕੰਮ ਤਾਂ ਹਾਊਸ ਦਾ ਲੈਜਿਸਲੇਸ਼ਨ ਦਾ ਹੈ ਪਰ ਇਹ ਦੋਨੋ ਅਕਾਲੀ ਟੋਲੇ ਆਪਣੀ ਜੱਥੇਬੰਦੀ ਦੀ ਲੜਾਈ ਵਿਚ ਪੈ ਗਏ। ਸਿੱਖੀ ਦੀ ਡੈਫੀਨੀਸ਼ਨ ਕਢਣ ਲਗ ਪਏ। (ਵਿਘਨ) [** ** **] ਤੇ ਹੀ ਸਾਰਾ ਟਾਈਮ ਜ਼ਾਇਆ ਕਰ ਦਿਤਾ। (ਵਿਘਨ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਇਹ ਜਿਹੜੇ ਲਫਜ਼ ਕਹੇ ਹਨ, ਇਹ ਐਕਸਪੰਜ ਕਰ ਦਿਤੇ ਜਾਣ । (ਵਿਘਨ) ਮੈਂ ਉਹ ਲਫਜ਼ ਐਕਸਪੰਜ ਕਰਵਾ ਦਿੱਤੇ ਹਨ । Please be relevant. let us not talk which is not relevant,

ਰਾਜਾ ਨਰਿੰਦਰ ਸਿੰਘ (ਨਾਭਾ) : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । ਜੌਹਰ ਸਾਹਿਬ, ਤੁਸੀਂ ਬਿਲ ਤੇ ਨਹੀਂ ਬੋਲ ਰਹੇ ।

Shri Harnam Dass Johar, Advocate : I am coming to sale tax side, Sir. ਇਹ ਇਸ ਕਰਕੇ ਪਾਇਆ ਹੈ ਕਿ ਕਿਸੇ ਵੇਲੇ ਵੀ ਕੋਈ ਪੈ ਸਕਦਾ ਹੈ । ਇਸ ਕਰਕੇ ਆਪਣੇ ਬਚਾਓ ਵਾਸਤੇ ਕੱਟ ਪਾਇਆ ਹੈ । (ਵਿਘਨ) ਸੋ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਸੇਲਜ਼ ਟੈਕਸ ਵਿਚ ਕੋਈ ਰਾਹਤ ਦੇਣੀ ਹੈ ਤਾਂ ਮਹਿਕਮੇਂ ਨੂੰ ਚਾਹੀਦਾ ਹੈ ਕਿ ...

Incidence of taxation, liability, registration of dealers, assessment, payment of tax and refund of tax ......

(ਵਿਘਨ) ਚੁਪ ਕਰੋ ਤੁਹਾਨੂੰ ਸਮਝ ਨਹੀਂ ਆਉਂਦੀ । ਸਪੀਕਰ ਸਾਹਿਬ, ਇਹੋ ਜਿਹੀ ਚੀਜ਼ ਨਾ ਕਰੋ ਜੋ ਕਿ ਰੁਕਾਵਟਾਂ ਪੈਦਾ ਕਰੇ । ਮੇਰੀ ਅਰਜ਼ ਹੈ ਕਿ ਚੰਦ ਐਸੀਆਂ ਚੀਜ਼ਾਂ ਹਨ ਜਿਵੇਂ ਕਿ ਇੰਟਰੈਸਟ ਦੀ ਗੱਲ ਹੈ । ਜੇਕਰ ਇੰਟਰੈਸਟ 50 ਪੈਸੇ ਹੋਵੇ ਤਾਂ ਉਹ ਮਿਨੀਮਮ 100 ਰੁਪਏ ਤੇ ਲਗਦਾ ਹੈ । ਮੈਂ ਇਕ ਮਿਸਾਲ ਦੇਣੀ ਚਾਹੁੰਦਾ ਹਾਂ ਪਰ ਕਿਉਂਕਿ ਟਾਈਮ ਥੋੜ੍ਹਾ ਹੈ । ਇਸ ਤਰ੍ਹਾਂ ਦੀਆਂ ਜਿਹੜੀਆਂ ਹਾਰਡਸ਼ਿਪਸ ਹਨ ਉਹ ਜ਼ਰੂਰ ਦੂਰ ਕਰਨੀਆਂ ਚਾਹੀਦੀਆਂ ਹਨ । ਸਪੀਕਰ ਸਾਹਿਬ ਇਸ ਤਰ੍ਹਾਂ ਦੀਆਂ ਹਾਰਡਸ਼ਿਪਸ ਨੂੰ ਖਤਮ ਕਰਨ ਦੀ ਲੋੜ ਹੈ । ਸੇਲਜ਼ ਟੈਕਸ ਹਰ ਮਰਹਲੇ ਤੇ ਲਗਾਇਆ ਜਾਵੇ ਪਰ ਸ਼ਰਾਹ ਬਹੁਤ ਘੱਟ ਹੋਏ ਇਸ ਐਕਟ ਨੂੰ ਚੇਂਜ ਕਰਨ ਦੀ ਲੋੜ ਹੈ ।

ਸ੍ਰੀ ਸਪੀਕਰ : ਹੁਣ ਤੁਸੀਂ ਬੈਠ ਜਾਓ ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਮੈਂ ਸਪੀਕਰ ਸਾਹਿਬ, ਅਰਜ਼ ਕੀਤੀ ਹੈ ਕਿ ਟਾਈਮ ਫਾਲਤੂ ਹੋਣਾ ਚਾਹੀਦਾ ਹੈ । ਮੇਰੀ ਇਸ ਨਾਲ ਸੈਟਿਸਫੈਕਸ਼ਨ ਨਹੀਂ ਹੋਈ । ਤੁਹਾਡੀ ਬਹੁਤ ਮਿਹਰ-ਬਾਨੀ ਸਪੀਕਰ ਸਾਹਿਬ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ But I am not satisfied ਕਿਉਂਕਿ ਟਾਈਸ ਥੋੜ੍ਹਾ ਦਿਤਾ ਹੈ ।

ਡਾਕਟਰ ਕੇਵਲ ਕ੍ਰਿਸ਼ਨ (ਮੁਕੇਰੀਆਂ) : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਬਿਲ ਦੇ ਰਾਹੀਂ ਫਾਈਨੈਂਸ ਮਨਿਸਟਰ ਸਾਹਿਬ ਨੇ ਜੋ ਵਾਦੇ ਕੀਤੇ ਸਨ, ਉਨ੍ਹਾਂ ਪੂਰਾ ਨਹੀਂ ਨਿਭਾਇਆ ਗਿਆ । ਇਹ ਬਹੁਤ ਜਲਦੀ ਦੇ ਨਾਲ ਟੈਕਸ ਹੋਰ ਲਗਾ ਦਿਤੇ ਗਏ ਹਨ । ਸਪੀਕਰ ਸਾਹਿਬ, ਬਿਲ ਦੇ ਸਟੇਟਮੈਂਟ ਆਫ ਆਬਜੈਕਟਸ ਐਂਡ ਰੀਜ਼ਨਜ਼ ਵਿਚ ਲਿਖਿਆ ਹੈ :

> "........the meaning of the expression 'tax on the sale or purchase of goods' used in entry 54 of List II in the Seventh Schedule to the Constitution has been extended........".

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਡਾਕਟਰ ਕੇਵਲ ਕ੍ਰਿਸ਼ਨ]

ਸਪੀਕਰ ਸਾਹਿਬ, ਇਹ ਚੀਜ਼ ਲੋਕਾਂ ਵਿਚ ਪ੍ਰੇਸ਼ਾਨੀ ਪੈਦਾ ਕਰੇਗੀ। ਇਸ ਚੀਜ਼ ਨੂੰ ਪੰਜਾਬ ਸਰਕਾਰ ਨੂੰ ਦੁਬਾਰਾ ਐਗਜ਼ਾਮਿਨ ਕਰਨਾ ਚਾਹੀਦਾ ਹੈ। ਇਸ ਬਾਰੇ ਇਕ ਕਮੇਟੀ ਬਣਾ ਦੇਣੀ ਚਾਹੀਦੀ ਹੈ ਔਰ ਜੋ ਉਹ ਕਮੇਟੀ ਰਿਕੁਮੈਂਡੇਸ਼ਨ ਕਰੇਗੀ ਉਸ ਮੁਤਾਬਿਕ ਲਗਾ ਦੇਣ। ਸਪੀਕਰ ਸਾਹਿਬ, ਇਸ ਬਾਰੇ ਸਰਕਾਰ ਨੂੰ ਦੋਬਾਰਾ ਸੋਚਣਾ ਚਾਹੀਦਾ ਹੈ। He should withdraw the bill.

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ): ਸਪੀਕਰ ਸਾਹਿਬ, ਡਾਕਟਰ ਸਾਹਿਬ ਨੂੰ ਗਲਤ ਫਹਿਮੀ ਹੋ ਗਈ ਹੈ। ਮੈਂ ਉਹ ਦੂਰ ਕਰਨਾ ਚਾਹੁੰਦਾ ਹਾਂ। ਡਾਕਟਰ ਸਾਹਿਬ ਨੇ ਕਿਹਾ ਹੈ ਕਿ ਵਾਇਦਾ ਮੈਂ ਨਹੀਂ ਨਿਭਾਇਆ ਹੈ। ਜੇਕਰ ਇਹ ਬਜਟ ਦਾ ਪਾਰਟ 'ਬੀ' ਪੜ੍ਹ ਲੈਂਦੇ ਜਿਸ ਵਿਚ ਟੈਕਸੇਸ਼ਨ ਵਾਲੀ 46ਵੀਂ ਅਮੈਂਡਮੈਂਟ ਕੰਸਟੀਚਿਊਸ਼ਨ ਦੀ ਹੈ। ਉਸੇ ਨੂੰ ਹੀ ਲਾਗੂ ਕਰਨਾ ਹੈ। ਇਹ, ਸਪੀਕਰ ਸਾਹਿਬ, ਉਸ ਲਾਈਨ ਦੇ ਮੁਤਾਬਿਕ ਹੈ। ਮੈਂ ਹਾਊਸ ਨੂੰ ਸਪੀਕਰ ਸਾਹਿਬ, ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਟੈਕਸ ਕਿਸੇ ਗਰੀਬ ਆਦਮੀ ਤੇ ਨਹੀਂ ਲੱਗੇਗਾ ਔਰ ਢਾਬੇ ਵਾਲਿਆਂ ਤੇ ਟੈਕਸ ਨਹੀਂ ਲਗੇਗਾ। (ਥੰਪਿੰਗ) ਮੈਂ ਸਾਰੇ ਹਾਊਸ ਨੂੰ ਅਸ਼ੋਰੈਂਸ ਦਿੰਦਾ ਹਾਂ ਕਿ ਕਿਸੇ ਢਾਬੇ ਵਾਲੇ ਤੇ ਕੋਈ ਟੈਕਸ ਨਹੀਂ ਲੱਗੇਗਾ। (ਥਪਿੰਗ)ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸ੍ਰੀ ਹਰਨਾਮ ਦਾਸ ਜੌਹਰ ਬੜੇ ਸਿਆਣੇ ਮੈਂਬਰ ਹਨ। ਇਹ ਟੈਕਸੇਸ਼ਨ ਦੇ ਮਾਮਲੇ ਵਿਚ ਸਿਆਣੇ ਹਨ। ਇਹ ਟੈਕ-ਸੇਸ਼ਨ ਦੀ ਵਕਾਲਤ ਵੀ ਕਰਦੇ ਹਨ। ਮੈਂ ਇਨ੍ਹਾਂ ਦਾ ਖਾਸ ਤੌਰ ਤੇ ਫਾਇਦਾ ਉਠਾਉਣਾ ਚਾਹੁੰਦਾ ਹਾਂ ਔਰ ਜੋ ਕਮੇਟੀ ਪੰਜਾਬ ਸਰਕਾਰ ਬਣਾਏਗੀ, ਇਨ੍ਹਾਂ ਨੂੰ ਉਸ ਦਾ ਮੈਂਬਰ ਬਣਾਇਆ ਜਾਵੇਗਾ (ਥੰਪਿੰਗ) ਤਾਂਕਿ ਚੰਗੀਆਂ ਚੀਜ਼ਾਂ ਦੱਸ ਸਕਣ। (ਵਿਘਨ) ਮੇਰੀ ਸਪੀਕਰ ਸਾਹਿਬ, ਬੇਨਤੀ ਹੈ ਕਿ ਇਹ ਬਿਲ ਜੋ ਕਿ ਗੌਰਮਿੰਟ ਆਫ ਇੰਡੀਆ ਨੇ ਰਿਕੁਮੈਂਡ ਕੀਤਾ ਹੈ ਔਰ ਸ੍ਰੀਮਤੀ ਇੰਦਰਾ ਗਾਂਧੀ ਜੀ ਦੀ ਲੀਡਰ-ਸ਼ਿਪ ਵਿਚ ਕੰਸਟੀਚਿਊਸ਼ਨ ਦੀ ਅਮੈਂਡਮੈਂਟ ਕੀਤੀ ਹੈ। ਇਸ ਬਾਰੇ ਕਾਂਗਰਸ ਪਾਰਟੀ ਨੇ ਵੋਟਾਂ ਪਾਈਆਂ ਹਨ। ਸੈਂਟਰਲ ਗੌਰਮਿੰਟ ਨੇ ਕਿਹਾ ਹੈ ਕਿ ਸਾਰੇ ਸੂਬਿਆਂ ਵਿਚ ਇਸ ਨੂੰ ਲਾਗੂ ਕੀਤਾ ਜਾਵੇ। ਇਹ ਆਪਣੇ ਸੂਬੇ ਵਿਚ ਵੀ ਲਾਗੂ ਹੋਣਾ ਚਾਹੀਦਾ ਹੈ। ਮੇਰੀ ਸਪੀਕਰ ਸਾਹਿਬ, ਅਰਜ਼ ਹੈ ਕਿ ਇਹ ਐਫ. ਸੀ. ਆਈ. ਤੇ ਹੀ ਹੈ। ਅਸੀਂ ਇਸ ਚੀਜ਼ ਨੂੰ ਇਥੇ ਕਰ ਦੇਈਏ ਔਰ ਇਹ 5 ਕਰੋੜ ਰੁਪਿਆ ਇਕੱਠਾ ਕਰਨ ਦਾ ਸਵਾਲ ਹੈ ਔਰ ਇਹ ਸਿਰਫ ਐਫ. ਸੀ. ਆਈ. ਵਾਲਿਆਂ ਤੋਂ ਆ ਜਾਂਦਾ ਹੈ। ਅਸੀਂ ਹਰ ਪਾਸਿਉਂ ਕੋਸ਼ਿਸ਼ ਕਰਾਂਗੇ ਕਿ ਟੈਕਸ ਨਾ ਲਗਾਇਆ ਜਾਵੇ।

ਜਿਹੜੀ ਸਾਡੀ ਕਮੇਟੀ ਬਾਅਦ ਵਿੱਚ ਰਿਕੁਮੈਂਡੇਸ਼ਨਜ਼ ਕਰੇਗੀ, ਉਸ ਦੀਆਂ ਰਿਕੁਮੈਂਡੇਸ਼ਨਜ਼ ਦੇ ਉਤੇ ਬਾਕੀ ਕਰਾਂਗੇ। ਮੈਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਹ ਬਿਲ ਪਾਰਲੀਮੈਂਟ ਦੀ ਕਾਂਸਟੀ-ਚਿਊਸ਼ਨਲ ਅਮੈਂਡਮੈਂਟ ਔਰ ਲਾਅ ਕਮਿਸ਼ਨ ਦੀ ਰਿਪੋਰਟ ਤੇ ਲਿਆਂਦਾ ਗਿਆ ਹੈ ਅਤੇ ਸਾਰੇ ਕੰਟਰੀ ਦੀ ਇਹ ਖਾਹਿਸ਼ ਜ਼ਾਹਿਰ ਹੁੰਦੀ ਹੈ ਕਿ ਇਸ ਨੂੰ ਪਾਸ ਕਰ ਦਿਤਾ ਜਾਵੇ।

ਸ੍ਰੀ ਸਪੀਕਰ: ਪ੍ਰਸ਼ਨ ਹੈ—

ਕਿ ਪੰਜਾਬ ਆਮ ਵਿਕਰੀ ਕਰ (ਸੋਧਨਾ ਅਤੇ ਵੈਧਤਾ) ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਸ੍ਰੀ ਸਪੀਕਰ: ਹੁਣ ਸਦਨ ਬਿਲ ਦੀਆਂ ਕਲਾਜ਼ਾਂ ਤੇ ਇਕ ਇਕ ਕਰਕੇ ਵਿਚਾਰ ਕਰੇਗਾ।

Original with;
Punjab Vidhan Sabha
Digitized by;
Panjab Digital Library

ਕਲਾਜ਼ 2

ਸ਼੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 2 ਬਿਲ ਦਾ ਭਾਗ ਹੈ ।

ਪ੍ਰਸਤਾਵ ਪ੍ਰਵਾਨ ਹੋਇਆ ।

ਕਲਾਜ਼ 3

ਸ਼੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 3 ਬਿਲ ਦਾ ਭਾਗ ਹੈ ।

ਪ੍ਰਸਤਾਵ ਪ੍ਰਵਾਨ ਹੋਇਆ ।

ਕਲਾਜ਼ 4

ਸ਼੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 4 ਬਿਲ ਦਾ ਭਾਗ ਹੈ ।

ਪ੍ਰਸਤਾਵ ਪ੍ਰਵਾਨ ਹੋਇਆ ।

ਕਲਾਜ਼ 1

ਸ਼੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 1 ਬਿਲ ਦਾ ਭਾਗ ਹੈ ।

ਪ੍ਰਸਤਾਵ ਪ੍ਰਵਾਨ ਹੋਇਆ ।

ਟਾਈਟਲ

ਸ਼੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਟਾਈਟਲ ਬਿਲ ਦਾ ਟਾਈਟਲ ਬਣੇ ।

ਪ੍ਰਸਤਾਵ ਪ੍ਰਵਾਨ ਹੋਇਆ ।

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਸਰ, ਮੈਂ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਆਮ ਵਿਕਰੀ ਕਰ (ਸੋਧਨਾ ਅਤੇ ਵੈਧਤਾ) ਬਿਲ ਪਾਸ ਕੀਤਾ ਜਾਵੇ ।

ਸ਼੍ਰੀ ਸਪੀਕਰ : ਪ੍ਰਸਤਾਵ ਪੇਸ਼ ਕੀਤਾ ਗਿਆ—

ਕਿ ਪੰਜਾਬ ਆਮ ਵਿਕਰੀ ਕਰ (ਸੋਧਨਾ ਅਤੇ ਵੈਧਤਾ) ਬਿਲ ਪਾਸ ਕੀਤਾ ਜਾਵੇ ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਪੰਜਾਬ ਆਮ ਵਿਕਰੀ ਕਰ (ਸੋਧਨਾ ਅਤੇ ਵੈਧਤਾ) ਬਿਲ ਪਾਸ ਕੀਤਾ ਜਾਵੇ ।

ਪ੍ਰਸਤਾਵ ਪ੍ਰਵਾਨ ਹੋਇਆ ।

THE PUNJAB RURAL DEVELOPMENT BILL, 1987

Minister of State for Forests, Soil Conservation and Wild life (Sardar Surinder Pal Singh) : Sir, I beg to introduce the Punjab Rural Development Bill, (Interruption)

ਸਪੀਕਰ ਸਾਹਿਬ, ਕੱਲ੍ਹ ਮੇਰੀ ਵਾਰੀ ਸੀ, ਕੱਲ੍ਹ ਵੀ ਤੁਸੀਂ ਮੇਰੇ ਨਾਲ ਲਿਹਾਜ਼ ਨਹੀਂ ਕੀਤਾ । ਜਲੰਧਰ ਵਾਲੇ ਹੋ ਕੇ ਵੀ ਕੱਲ੍ਹ ਬੀਬੀ ਜੀ ਕਿੰਨਾ ਅੰਗਰੇਜ਼ੀ ਵਿਚ ਬੋਲੇ ਸੀ, ਉਦੋਂ ਤੁਸੀਂ ਰੋਕਿਆ ਨਹੀਂ । ਜੇ ਘਰ ਦਿਆਂ ਨੇ ਲਿਖਾ-ਪੜ੍ਹਾ ਦਿਤਾ ਤਾਂ ਤੁਸੀਂ ਕਹਿੰਦੇ ਹੋ ਕਿ ਪੰਜਾਬੀ ਵਿਚ ਬੋਲੋ ਅਗਲਾ ਮੈਂ ਪੰਜਾਬੀ ਵਿਚ ਕਰ ਦੇਂਦਾ ਹਾਂ, ਜੇ ਤੁਸੀਂ ਸਹਿੰਦੇ ਹੋ ।

Sir, I also beg to move—

That the Punjab Rural Development Bill be taken into consideration at once.

ਸ੍ਰੀ ਸਪੀਕਰ : ਪ੍ਰਸਤਾਵ ਹੈ ਕਿ ਪੰਜਾਬ ਦਿਹਾਤੀ ਵਿਕਾਸ ਬਿਲ ਤੇ ਤੁਰਤ ਵਿਚਾਰ ਕੀਤਾ ਜਾਵੇ ।

ਪੰਡਿਤ ਮੋਹਨ ਲਾਲ (ਹੁਸ਼ਿਆਰਪੁਰ) : ਕੁਝ ਏਥੇ ਜਿਸ ਤਰ੍ਹਾਂ ਅੱਗੇ ਰਾਏ ਹੈ, ਉਸ ਤੇ ਮੈਂ ਵੀ ਮੁਤਫਿਕ ਹਾਂ ਅਤੇ ਉਸਦਾ ਇਜ਼ਹਾਰ ਕਰਨਾ ਚਾਹੁੰਦਾ ਹਾਂ ਕਿ ਬਹੁਤ ਵੱਡੀ ਜ਼ਿੰਮੇਵਾਰੀ ਜਿਹੜੀ ਹੈ ਲੈਜਿਸਲੇਚਰ ਦੀ ਉਹ ਕਾਨੂੰਨ ਪਾਸ ਕਰਨ ਦੀ ਹੈ । ਬਜਟ ਪੇਸ਼ ਕਰਨਾ ਵੀ ਡਿਊਟੀ ਦਾ ਇਕ ਜ਼ਰੂਰੀ ਅੰਗ ਹੈ, ਲੇਕਿਨ ਜਿਹੜੇ ਬਿਲ ਹਨ, ਉਹ ਉਸ ਤੋਂ ਵੀ ਜ਼ਰੂਰੀ ਡਿਊਟੀ ਹੈ । ਇਹ ਜਿਹੜੇ ਬਿਲ ਅੱਜ ਆਏ ਹਨ, ਇਸ ਤੇ ਅਸੀਂ ਇਨਸਾਫ ਨਹੀਂ ਕਰ ਸਕਦੇ, ਤੁਸੀਂ ਵੀ ਨਹੀਂ, ਮੈਂ ਵੀ ਨਹੀਂ । ਕੁਝ ਤਾਂ ਰਾਤ ਨੂੰ ਮਿਲੇ, ਕੁਝ ਹੁਣ ਟੇਬਲ ਤੇ 2–3 ਰਖੇ ਗਏ ਹਨ । ਕੀ ਤੁਸੀਂ ਸਾਡੇ ਕੋਲੋਂ ਤਵੱਕੋ ਕਰਦੇ ਹੋ ਕਿ ਇਥੇ ਹੀ ਪੜ੍ਹ ਕੇ ਵਿਚਾਰ ਕਰਕੇ ਜੇ ਅਸੀਂ ਅਮੈਂਡਮੈਂਟ ਕਿਸੇ ਤੇ ਦੇਣਾ ਚਾਹਵਾਂਗੇ ਤਾਂ ਦੇ ਦੇਵਾਂਗੇ । ਹੁਣ ਤਾਂ ਠੀਕ ਹੈ ਲੇਕਿਨ ਆਇੰਦਾ ਤੋਂ ਗੌਰਮਿੰਟ ਬੈਂਚਿਜ ਨੂੰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਵੇਲੇ ਜੋ ਹੋ ਗਿਆ, ਸੋ ਹੋ ਗਿਆ, ਅਗੇ ਤੋਂ ਹੋਇਆ ਤਾਂ ਅਸੀਂ ਬਰਦਾਸ਼ਤ ਨਹੀਂ ਕਰਾਂਗੇ । ਦੂਸਰਾ ਇਸ ਬਿਲ ਦੇ ਮੁਤੱਲਕ ਮੈਂ ਇਕੋ ਗੱਲ ਕਹਿਣੀ ਚਾਹੁੰਦਾ ਹਾਂ ਮਨਿਸਟਰ ਸਾਹਿਬ ਨੂੰ ਕਿ ਤੁਸੀਂ ਇਕ ਹੋਰ ਪੰਜਾਬ ਰੂਰਲ ਡਿਵੈਲਪਮੈਂਟ ਬੋਰਡ ਬਨਾਉਣ ਦੀ ਤਜਵੀਜ਼ ਰਖੀ ਹੈ । ਅਗੇ ਵੀ ਬਹੁਤ ਜ਼ਿਆਦਾ ਬੋਰਡ ਹਨ ਅਤੇ ਬੋਰਡਾਂ ਤੋਂ ਲੋਕ ਕਾਫੀ ਔਖੇ ਹਨ । ਜਿਸ ਤਰ੍ਹਾਂ ਕਿ ਮੈਂ ਅਰਜ਼ ਕੀਤੀ ਸੀ ਬੋਰਡ ਤੇ ਬੇਤਹਾਸ਼ਾ ਫਜ਼ੂਲ ਖਰਚ ਹੁੰਦਾ ਹੈ ਜਿਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ । ਨਤੀਜੇ ਵਜੋਂ ਇਹ ਪਬਲਿਕ ਐਕਸਚੈਕਰ ਤੇ ਕਿੰਨਾ ਬੋਝ ਹੈ । ਤੁਸੀਂ ਇਕ ਹੋਰ ਬੋਰਡ ਬਨਾਉਣ ਲਗੇ ਹੋ । ਕੀ ਐਸਾ ਨਹੀਂ ਹੋ ਸਕਦਾ ਕਿ ਜਿਹੜੇ ਬਣੇ ਹੋਏ ਬੋਰਡ ਹਨ ਉਨ੍ਹਾਂ ਦੇ ਸਪੁਰਦ ਇਹ ਕੰਮ ਕਰ ਦਿਤਾ ਜਾਏ ? ਤੁਹਾਡਾ ਮਾਰਕਿਟਿੰਗ ਬੋਰਡ ਹੈ, ਮਾਰਕਫੈਡ ਹੈ ਜਿਨ੍ਹਾਂ ਦਾ ਕੰਮ ਮੰਡੀਆਂ ਵਿਚ ਲੈਣ ਦੇਣ ਦਾ ਹੈ, ਫੰਡਜ਼ ਜੁਟਾਉਣ ਦਾ

Original with;
Punjab Vidhan Sabha
Digitized by;
Panjab Digital Library

ਕੰਮ ਹੈ, ਇਹ ਕੰਮ ਉਨ੍ਹਾਂ ਦੇ ਸੁਪੁਰਦ ਕਿਉਂ ਨਹੀਂ ਕੀਤਾ ਗਿਆ (ਵਿਘਨ) ਮੈਂ ਅਰਜ਼ ਕਰਾਂਗਾ ਕਿ ਇਸ ਬੋਰਡ ਨੂੰ ਬਨਾਉਣ ਦੀ ਬਿਲਕੁਲ ਲੋੜ ਨਹੀਂ। ਇਸਦੇ ਸਾਰੇ ਫੰਕਸ਼ਨ ਉਨ੍ਹਾਂ ਕਿਸੇ ਇੱਕ ਬੋਰਡ ਮਾਰਕਿਟਿੰਗ ਬੋਰਡ ਜਾਂ ਮਾਰਕਫੈਡ ਇਨ੍ਹਾਂ ਵਿਚੋਂ ਕਿਸੇ ਇੱਕ ਦੇ ਸਪੁਰਦ ਕੀਤੇ ਜਾਂ ਸਕਦੇ ਹਨ। ਹੁਣ ਹੋਰ ਅਮਲਾ ਬਨਾਉਣਗੇ, ਖਰਚ ਵਧਾਉਣਗੇ, ਦਫਤਰ ਬਨਾਉਣਗੇ, ਫਰਨੀਚਰ ਖਰੀਦਣਗੇ ਜਿਸ ਨਾਲ ਨਾਜਾਇਜ਼ ਬੋਝ ਪੰਜਾਬ ਦੀ ਜਨਤਾ ਤੇ ਪਏਗਾ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਇਸ ਨੂੰ ਦੁਬਾਰਾ ਕਨਸਿਡਰ ਕਰ ਲਿਆ ਜਾਏ। ਇਹ ਬਿਲ ਨਾ ਲਿਆਉਣ ਔਰ ਇਸ ਦਾ ਕੰਮ ਜਿਹੜੇ ਬੋਰਡ ਆਲਰੈਡੀ ਬਣੇ ਹੋਏ ਹਨ ਮਾਰਕਿਟਿੰਗ ਬੋਰਡ ਅਤੇ ਮਾਰਕਫੈਡ ਇਸ ਵਿਚੋਂ ਕਿਸੇ ਇੱਕ ਬੋਰਡ ਦੇ ਸੁਪਰਦ ਕਰ ਦਿਓ ।

ਇਸ ਬੋਰਡ ਦੀ ਕੰਸਟੀਚਿਊਸ਼ਨ ਐਸੀ ਬਣਾਈ ਹੈ ਕਿ ਫਿਨਾਂਸ ਮਨਿਸਟਰ ਸਾਹਿਬ ਇਸ ਦੇ ਚੇਅਰਮੈਨ ਹੋਣਗੇ, ਐਗਰੀਕਲਚਰਲ ਮਨਿਸਟਰ, ਰੈਵੇਨਿਊ ਮਨਿਸਟਰ, ਰੂਰਲ ਡਿਵੈਲਪਮੈਂਟ ਮਨਿਸਟਰ, ਫਿਨਾਂਸ਼ਲ ਕਮਿਸ਼ਨਰ ਫਾਰ ਡਿਵੈਲਪਮੈਂਟ ਐਂਡ ਫਿਨਾਂਸ਼ਲ ਕਮਿਸ਼ਨਰ ਫਾਰ ਰੇਵੇਨਿਊ ਔਰ ਸੈਕਟਰੀ ਫਿਨਾਂਸ ਡਿਪਾਰਟਮੈਂਟ ਇਹ ਸਾਰੀ ਸਰਕਾਰ ਇਸ ਵਿਚ ਹੈ। 7 ਮਨਿਸਟਰ ਇਸ ਵਿਚ ਹਨ। ਇਹ ਬੜੀ ਮਜ਼ਾਕਾਖੇਜ਼ ਪ੍ਰੋਵੀਜ਼ਨ ਇਸ ਵਿਚ ਲਗਾਈ ਗਈ ਹੈ ਕਿ ਬਜਟ ਬਨਾਉਣਗੇ ਤਾਂ ਉਸ ਲਈ ਮਨਜ਼ੂਰੀ ਸਰਕਾਰ ਤੋਂ ਲੈਣਗੇ। ਜੇਕਰ ਪੋਸਟਾਂ ਕਰੀਏਟ ਕਰਨਗੇ ਤਾਂ ਉਸ ਲਈ ਮਨਜ਼ੂਰੀ ਸਰਕਾਰ ਤੋਂ ਲੈਣਗੇ। ਮੈਂ ਪੁਛਦਾ ਹਾਂ ਕਿ ਹੋਰ ਕਿਹੜੀ ਸਰਕਾਰ ਹੈ ਜਿਸ ਤੋਂ ਇਹ ਮਨਜ਼ੂਰੀ ਲੈਣਗੇ ਜਦ ਕਿ ਤਕਰੀਬਨ ਸਾਰੀ ਸਰਕਾਰ ਤਾਂ ਇਸ ਬੋਰਡ ਦੀ ਮਨੇਜਮੈਂਟ ਵਿਚ ਅੱਗੇ ਹੀ ਹੈ। ਇਸ ਤੋਂ ਹੋਰ ਮਜ਼ਾਕਾਖੇਜ਼ ਪ੍ਰੋਵੀਜ਼ਨ ਇਸ ਵਿਚ ਕੀ ਹੋ ਸਕਦੀ ਹੈ। ਬੋਰਡ ਦੇ ਚੇਅਰਮੈਨ ਐਫ. ਐਮ. ਸਾਹਿਬ ਹਨ ਔਰ ਹੋਰ ਜ਼ਿੰਮੇਵਾਰ ਆਦਮੀ ਇਸ ਵਿਚ ਹਨ। ਜਿਹੜੀ ਕਨਸਰਨਡ ਗੌਰਮਿੰਟ ਹੈ ਉਹ ਅੱਗੇ ਹੀ ਇਸ ਵਿਚ ਆ ਗਈ ਹੈ ਫਿਰ ਕਿਹੜੀ ਗੌਰਮਿੰਟ ਇਸ ਦੀਆਂ ਤਜਵੀਜ਼ਾਂ ਨੂੰ ਨਾਂਹ ਕਰੇਗੀ। ਇਹ ਅਨਨਸੈਸਰੀ ਪ੍ਰੋਵੀਜ਼ਨ ਕੀਤੀ ਹੈ ਜੋ ਕਿ ਮਾਮਲਿਆਂ ਵਿਚ ਡੀਲੇਅ ਕ੍ਰੀਏਟ ਕਰੇਗੀ। ਕੋਈ ਤੱਤ ਨਹੀਂ ਇਸ ਵਿਚ। ਇਹੋ ਜਿਹੀ ਪ੍ਰੋਵੀਜ਼ਨ ਇਸ ਵਿਚ ਨਹੀਂ ਰਖਣੀ ਚਾਹੀਦੀ। ਇਹ ਸੋਚੋ ਔਰ ਚੰਦ ਇੱਕ ਪ੍ਰੋਵੀਜ਼ਨਜ਼ ਨੂੰ ਇਸ ਵਿਚੋਂ ਕੱਟੋ। ਡੀਲੀਟ ਕਰੋ। ਮੈਂ ਇਨ੍ਹਾਂ ਬਾਰੇ ਆਪਣੀ ਅਮੈਂਡਮੈਂਟ ਵਿਚ ਲਿਖਿਆ ਹੋਇਆ ਹੈ। ਜੇਕਰ ਇਹ ਬੋਰਡ ਰਖਣੇ ਹਨ ਤਾਂ ਤੁਹਾਡੀ ਮਰਜ਼ੀ। ਅਗਰ ਇਹ ਬੋਰਡ ਜ਼ਰੂਰੀ ਬਨਾਉਣਾ ਹੈ ਤਾਂ ਬਣਾਓ। ਇਸ ਤੇ ਦੁਬਾਰਾ ਗੌਰ ਕਰਨਾ ਚਾਹੀਦਾ ਹੈ ।

ਰਾਜਾ ਨਰਿੰਦਰ ਸਿੰਘ (ਨਾਭਾ): ਸਪੀਕਰ ਸਾਹਿਬ, ਵੈਸੇ ਤਾਂ ਇਹ ਇਨੋਸੈਂਟ ਜਿਹਾ ਬਿਲ ਹੈ ਹਰ ਲਿਹਾਜ਼ ਨਾਲ। ਇਸ ਦੇ ਸਟੇਟਮੈਂਟ ਆਫ ਆਬਜੈਕਟਸ ਐਂਡ ਰੀਜ਼ਨਜ਼ ਵਿਚ ਲਿਖਿਆ ਹੈ—

"With a view to accelerate rural development, augment agricultural production, providing facilities to the dealers and producers of agricultural-product and to provide relief for loss/damage due to natural calamities, Punjab Rural Development Bill of 1987 is introduced in current Vidhan Sabha Session."

ਮੇਰੀ ਬੇਨਤੀ ਹੈ ਕਿ ਰੂਰਲ ਡਿਵੈਲਪਮੈਂਟ ਮਨਿਸਟਰ ਤੋਂ ਅਖਤਿਆਰ ਲੈ ਕੇ ਫਿਨਾਂਸ਼ ਮਨਿਸਟਰ ਨੇ ਆਪਣੇ ਕੋਲ ਲਏ ਹਨ। ਇਹ ਠੀਕ ਨਹੀਂ ਕੀਤਾ ਗਿਆ ਹੈ । ਕਾਰਨ ਇਹ ਹੈ ਕਿ ਇਨ੍ਹਾਂ ਨੇ ਸਿਰਫ ਬੋਰਡ ਦਾ ਜਿਹੜਾ ਪੈਸਾ ਹੈ, ਜ਼ਿਮੀਦਾਰਾਂ ਦਾ ਜਿਹੜਾ ਪੈਸਾ ਹੈ ਉਸ ਨੂੰ ਇਨ੍ਹਾਂ ਨੇ ਖਜ਼ਾਨੇ

Original with;
Punjab Vidhan Sabha
Digitized by;
Panjab Digital Library

[ਰਾਜਾ ਨਰਿੰਦਰ ਸਿੰਘ]

ਵਿਚ ਜਮ੍ਹਾਂ ਕਰਨਾ ਹੈ। ਉਸ ਦੇ ਵਰਤਣ ਵਾਸਤੇ ਸਾਰਾ ਕੰਮ ਕੀਤਾ ਹੈ। ਇਸ ਵਿਚ ਜ਼ਿਮੀਦਾਰਾਂ ਵਾਸਤੇ ਕੁਝ ਨਹੀਂ ਕਿਹਾ ਗਿਆ। ਕਰਾਪ ਡੈਮਜ ਹੋ ਜਾਵੇ, ਨੈਚੂਰਲ ਕਲੈਮਿਟੀ ਹੋ ਜਾਵੇ ਤਾਂ ਉਸ ਵਾਸਤੇ ਸਰਕਾਰ ਕੰਟਰੀਬਿਊਟ ਕਰਦੀ ਹੈ, ਸਰਕਾਰ ਉਨ੍ਹਾਂ ਦੀ ਮੱਦਦ ਕਰਦੀ ਹੈ, ਸਰਕਾਰ ਸ਼ੇਅਰ ਕਰਦੀ ਹੈ। ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਰੂਰਲ ਡਿਵੈਲਪਮੈਂਟ ਦਾ ਜਿਹੜਾ ਪੈਸਾ ਇਨ੍ਹਾਂ ਕੋਲ ਹੈ ਉਸ ਦਾ ਇਹ ਨਜਾਇਜ਼ ਫਾਇਦਾ ਉਠਾਉਣਗੇ। ਜ਼ਿਮੀਦਾਰਾਂ ਵਾਸਤੇ ਕੁਝ ਰੱਖ ਲੈਂਦੇ ਪਰ ਉਨ੍ਹਾਂ ਵਾਸਤੇ ਖਾਸ ਗੱਲ ਨਹੀਂ ਰਖੀ। ਪੈਸਟੀਸਾਈਡਜ਼ ਵਾਸਤੇ ਕੁਝ ਨਹੀਂ ਰੱਖਿਆ ਹੈ। ਵਾਟਰ ਕੋਰਸਿਜ਼ ਵਾਸਤੇ ਕੁਝ ਰੱਖ ਲੈਂਦੇ। ਪਾਣੀ ਦੀ ਸ਼ਾਰਟੇਜ ਹੈ। ਕੈਨਾਲਜ਼ ਬਣ ਰਹੀਆਂ ਹਨ (ਵਿਘਨ) ਸਪੀਕਰ ਸਾਹਿਬ' ਅਸੀਂ ਇਸ ਬਿਲ ਦੀ ਆਪੋਜੀਸ਼ਨ ਕਰਾਂਗੇ ਲੇਕਿਨ ਇਨ੍ਹਾਂ ਨੇ ਕਾਂਗਰਸ ਨਾਲ ਰਲਕੇ ਇਸ ਨੂੰ ਪਾਸ ਤਾਂ ਕਰਵਾ ਲੈਣਾ ਹੈ। ਜੇ ਇਹ ਕੋਈ ਜ਼ਿਮੀਦਾਰਾਂ ਨੂੰ ਰਲੀਫ ਦੇ ਸਕਦੇ ਸੀ ਤਾਂ ਉਹ ਇਸ ਵਿਚ ਲਿਆਉਂਦੇ। ਇਸ ਵਿਚ ਜ਼ਿਮੀਦਾਰਾਂ ਨੂੰ ਕੁਝ ਨਹੀਂ ਦਿਤਾ। ਜ਼ਿਮੀਦਾਰਾਂ ਨੂੰ ਸਬਸਿਡੀ ਦੇਣ। ਜ਼ਿਮੀਦਾਰਾਂ ਨੂੰ ਕੋਈ ਤਾਂ ਬੈਨੀਫਿਟ ਦੇਣ ਪਰ ਕੋਈ ਬੈਨੀਫਿਟ ਨਹੀਂ ਦਿਤਾ ਗਿਆ। ਮੈਂ ਪੰਡਿਤ ਮੋਹਨ ਲਾਲ ਜੀ ਨਾਲ ਸ਼ੇਅਰ ਕਰਦਾ ਹਾਂ ਉਹ ਪੁਰਾਣੇ ਲੈਜਿਸਲੇਟਰ ਹਨ। ਸਪੀਕਰ ਸਾਹਿਬ, ਤੁਹਾਡਾ ਵੀ ਬਹੁਤ ਤਜਰਬਾ ਹੈ। ਐਫ ਐਮ. ਸਾਹਿਬ ਬਾਰੇ ਕਿਹਾ ਗਿਆ ਸੀ ਕਿ ਉਨ੍ਹਾਂ ਦਾ ਬੱਜਟ ਜਗਲਰੀ ਹੈ। ਉਹੀ ਜਗਲਰੀ ਇਸ ਬਿਲ ਵਿਚ ਦਿਖਾਈ ਗਈ ਹੈ। ਅਫਸਰ 5 ਵਜੇ ਉਠ ਜਾਂਦੇ ਹਨ। ਉਹ ਕਹਿੰਦੇ ਹਨ ਕਿ ਟਾਈਮ ਹੋ ਗਿਆ ਹੈ। ਫਿਰ ਫਟਾ ਫਟ ਕਰਮਚਾਰੀ ਦਸਤਖਤ ਕਰਾਉਂਦੇ ਹਨ। ਇਸ ਤਰ੍ਹਾਂ ਇਹ ਸਾਰਾ ਕੰਮ ਨਜਾਇਜ਼ ਹੁੰਦਾ ਹੈ। ਛੇਤੀ ਛੇਤੀ ਵਿਚ ਸਾਰਾ ਕੰਮ ਹੋ ਜਾਂਦਾ ਹੈ। ਕਰਮਚਾਰੀ ਦੇਖਦੇ ਹਨ ਕਿ 5 ਵੱਜ ਗਏ ਹਨ। ਕਿਸੇ ਨੇ ਚਾਹ ਪੀਣ ਜਾਣਾ ਹੈ, ਕਿਸੇ ਨੇ ਕੋਈ ਹੋਰ ਕੰਮ ਜਾਣਾ ਹੈ। ਸੋ ਛੇਤੀ ਛੇਤੀ ਵਿਚ ਸਾਰਾ ਕੁਝ ਹੋ ਕੇ, ਦਸਖਤ ਹੋ ਕੇ ਇਥੇ ਲੈ ਆਉਂਦੇ ਹਨ। ਮੈਂ ਸਮਝਦਾ ਹਾਂ ਕਿ ਸ਼ਡਿਊਲਡ ਕਾਸਟਸ ਵਾਲੇ ਭਰਾ ਚੰਗੇ ਰਹਿ ਗਏ ਹਨ ਜੋ ਉਨ੍ਹਾਂ ਨੇ ਆਪਣਾ ਬਿਲ ਸੀਲੈਕਟ ਕਮੇਟੀ ਨੂੰ ਭਿਜਵਾ ਲਿਆ ਹੈ। (ਵਿਘਨ)

Mr. Speaker : No interrupion please.

ਰਾਜਾ ਨਰਿੰਦਰ ਸਿੰਘ : ਇਸ ਤਰ੍ਹਾਂ ਰਸ਼ ਥਰੂ ਨਹੀਂ ਕਰਨਾ ਚਾਹੀਦਾ। ਅੱਗੇ ਪੰਜਾਬ ਵਿਚ ਦੋ ਹਾਊਸ ਹੁੰਦੇ ਸਨ। ਇਕ ਅਪਰ ਹਾਊਸ ਹੁੰਦਾ ਸੀ। ਉਸ ਦੇ ਵਿਚ ਪੰਕਚੂਏਸ਼ਨ ਵੀ ਚੈਕ ਹੁੰਦੀ ਸੀ। ਹੁਣ ਅਪਰ ਹਾਊਸ ਨਹੀਂ ਹੈ। ਇਸ ਲਈ ਘਮ-ਅਜ਼-ਕਮ ਪ੍ਰਾਪਰ ਟਾਈਮ ਤਾਂ ਜ਼ਰੂਰ ਦੇਣਾ ਚਾਹੀਦਾ ਸੀ। ਇਕ ਦਿਨ ਵਿਚ 4 ਬਿਲ ਆ ਗਏ। ਅੱਗੇ ਪੰਡਿਤ ਜੀ ਨੇ ਕਿਹਾ ਸੀ। There is no justification. ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਅੱਗੇ ਨੂੰ ਧਿਆਨ ਰੱਖਿਆ ਜਾਵੇ। ਹੁਣ ਤਾਂ ਇਨ੍ਹਾਂ ਨੇ ਇਸ ਨੂੰ ਪਾਸ ਕਰਵਾ ਹੀ ਲੈਣਾ ਹੈ। ਕਾਂਗਰਸ ਵਾਲਿਆਂ ਨੇ ਦਲੀਲਾਂ ਦੇ ਕੇ ਵੋਟਾਂ ਪਾ ਦੇਣੀਆਂ ਹਨ ਅਤੇ ਇਸ ਨੇ ਪਾਸ ਹੋ ਜਾਣਾ ਹੈ। ਪਰ ਅਸੀਂ ਕਹਿੰਦੇ ਹਾਂ ਕਿ ਪ੍ਰਾਪਰ ਟਾਈਮ ਡਿਸਕਸ਼ਨ ਵਾਸਤੇ ਮਿਲਣਾ ਚਾਹੀਦਾ ਹੈ। ਕਿਸੇ ਐਕਸਪਰਟ ਦੀ ਰਾਏ ਲੈਂਦੇ, ਕਿਸੇ ਕਿਤਾਬ ਨੂੰ ਦੇਖ ਲੈਂਦੇ, ਪੂਰੀ ਡਿਸਕਸ਼ਨ ਕਰਦੇ। ਕੋਈ ਤਾਂ ਜਸਟੀਫਿਕੇਸ਼ਨ ਹੋਵੇ। ਕੱਲ੍ਹ ਨੂੰ ਇਸੇ ਨੇ ਐਕਟ ਬਣਨਾ ਹੈ ਅਤੇ ਐਕਟ ਬਣਕੇ ਫਿਰ ਇਹ ਸਭ ਤੇ ਤਲਵਾਰ ਲਟਕਣੀ ਹੈ। ਇਸ ਨੂੰ ਇਸ ਤਰ੍ਹਾਂ ਰਸ਼ ਥਰੂ ਕੀਤਾ ਜਾ ਰਿਹਾ ਹੈ ਜਿਸ ਤਰ੍ਹਾਂ ਸਕੂਲ ਦੇ ਮੁੰਡਿਆਂ ਨੂੰ ਛੁੱਟੀ ਹੁੰਦੀ ਹੈ ਤਾਂ ਛੇਤੀ ਛੇਤੀ ਘਰ ਨੂੰ ਭੱਜਦੇ ਹਨ। ਇਸ ਵਿਚ ਜ਼ਿਮੀਦਾਰਾਂ ਦਾ ਖਿਆਲ ਨਹੀਂ ਰਖਿਆ ਗਿਆ।

Original with;
Punjab Vidhan Sabha
Digitized by;
Panjab Digital Library

ਸਰਦਾਰ ਰਣਜੀਤ ਸਿੰਘ ਬਾਲੀਆ (ਸੰਗਰੂਰ): ਸਪੀਕਰ ਸਾਹਿਬ, ਐਗਰੀਕਲਚਰ ਮਨਿਸਟਰ ਵਲੋਂ ਪੰਜਾਬ ਰੂਰਲ ਡਿਵੈਲਪਮੈਂਟ ਬਿਲ ਲਿਆਂਦਾ ਗਿਆ ਹੈ। ਮੈਂ ਤੁਹਾਡਾ ਧੰਨਵਾਦੀ ਹਾਂ ਜੋ ਤੁਸੀਂ ਮੈਨੂੰ ਇਸ ਤੇ ਬੋਲਣ ਦਾ ਟਾਈਮ ਦਿਤਾ ਹੈ। ਪਿਛਲੀ ਸਰਕਾਰ ਨੇ ਇਸ ਤਰ੍ਹਾਂ ਦਾ ਟੈਕਸ ਲਾਇਆ ਸੀ ਪਿੰਡਾਂ ਦੀ ਬਿਹਤਰੀ ਵਾਸਤੇ, ਸੜਕਾਂ ਬਣਾਉਣ ਵਾਸਤੇ ਟੈਕਸ ਲਾਇਆ ਸੀ। ਉਸ ਦਾ ਨਾਮ ਐਗਰੀਕਲਚਰ ਮਾਰਕੀਟਿੰਗ ਸੈੱਸ ਰੱਖਿਆ ਗਿਆ ਸੀ ਪਰ ਉਸ ਟੈਕਸ ਨੂੰ ਇਨ੍ਹਾਂ ਭਾਈਆਂ ਨੇ ਪਿੰਡਾਂ ਦੀ ਬਿਹਤਰੀ ਵਾਸਤੇ ਨਹੀਂ ਵਰਤਿਆ। ਪੰਜਾਬ ਵਿਚ 80% ਵਸੋਂ ਪਿੰਡਾਂ ਵਿਚ ਵਸਦੀ ਹੈ। ਉਨ੍ਹਾਂ ਦੀ ਡੀਵੈਲਪਮੈਂਟ ਵਾਸਤੇ ਜ਼ਰੂਰੀ ਹੈ ਕਿ ਕੋਈ ਨਾ ਕੋਈ ਅਜਿਹਾ ਬੋਰਡ ਬਣਾਇਆ ਜਾਵੇ ਉਨ੍ਹਾਂ ਲੋਕਾਂ ਦੀ ਖਾਤਰ ਕੁਝ ਕੀਤਾ ਜਾਵੇ ਤਾਂਕਿ ਉਹ ਲੋਕ ਪਿੰਡਾਂ ਤੋਂ ਸ਼ਹਿਰਾਂ ਵਿਚ ਆਉਣ ਦੀ ਲੋੜ ਮਹਿਸੂਸ ਨਾ ਕਰਨ। ਇਹ ਜੋ ਬੋਰਡ ਬਣਾਇਆ ਜਾ ਰਿਹਾ ਹੈ ਇਹ ਕਾਂਗਰਸ ਦੀ ਭਾਵਨਾ ਦੇ ਉਲਟ ਹੈ। ਕਾਂਗਰਸ ਪਾਰਟੀ ਵਾਲਿਆਂ ਨੇ ਪੈਸਾ ਰੱਖਿਆ ਸੀ। ਇਹ ਪੈਸਾ ਇਕੱਠਾ ਕਰਨ ਦਾ ਜੋ ਸਾਧਨ ਸੀ ਉਹ ਸੈਲਰ ਤੇ ਲਾਇਆ ਗਿਆ ਸੀ, ਵੇਚਣ ਵਾਲਿਆਂ ਤੇ ਲਾਇਆ ਗਿਆ ਸੀ। ਮੈਂ ਸਮਝਦਾ ਹਾਂ ਕਿ ਸਰਦਾਰ ਬਲਵੰਤ ਸਿੰਘ ਜੀ ਬਹੁਤ ਸਿਆਣੇ ਹਨ ਜੋ ਪੰਜਾਬ ਗੌਰਮਿੰਟ ਦੇ ਫਾਈਨਾਂਸ ਮਨਿਸਟਰ ਸਾਹਿਬ ਹਨ ਉਨ੍ਹਾਂ ਨੇ ਅਜਿਹੇ ਢੰਗ ਨਾਲ ਇਹ ਪੈਸਾ ਇਕੱਠਾ ਕਰਨ ਦਾ ਤਰੀਕਾ ਬਣਾਇਆ ਹੈ ਜਿਸ ਦੇ ਨਾਲ ਨਾ ਤਾਂ ਇਹ ਪੈਸੇ ਦਾ ਬੋਝ ਪੰਜਾਬ ਦੇ ਕਿਸੇ ਜ਼ਿਮੀਦਾਰ ਤੇ ਪੈਣਾ ਹੈ ਅਤੇ ਨਾ ਹੀ ਇਸ ਦਾ ਬੋਝ ਪੰਜਾਬ ਦੇ ਕਿਸੇ ਪ੍ਰੋਡਿਊਸਰ ਤੇ ਪੈਣਾ ਹੈ। ਇਸ ਪੈਸੇ ਦਾ ਸਾਰਾ ਬੋਝ ਮੈਂ ਸਮਝਦਾ ਹਾਂ ਕਿ ਸੈਂਟਰਲ ਗੌਰਮਿੰਟ ਤੇ ਇਨਡਾਇਰੈਕਟ ਵੇਅ ਨਾਲ ਪੈ ਰਿਹਾ ਹੈ ਕਿਉਂਕਿ ਸਭ ਤੋਂ ਵਡਾ ਖਰੀਦਦਾਰ ਪੰਜਾਬ ਵਿੱਚ ਜੋ ਹੈ ਜਿਸ ਨੇ ਪੰਜਾਬ ਦਾ ਫੂਡ ਗਰੇਨ ਲੈਣਾ ਹੈ ਉਹ ਹੈ ਐਫ.ਸੀ.ਆਈ.। ਇਹ ਸਾਰੀ ਦੀ ਸਾਰੀ ਜੋ ਧਨ ਰਾਸ਼ੀ ਇਕੱਤਰ ਕਰਨੀ ਹੈ ਇਹ ਸਾਰੀ ਦੀ ਸਾਰੀ ਪਰਚੇਜ਼ਰ ਤੋਂ ਕਰਨੀ ਹੈ ਅਤੇ ਜਿਹੜੀ ਕੋਈ ਵੀ ਚੀਜ਼ ਉਸ ਨੇ ਪਰਚੇਜ਼ ਕਰਨੀ ਹੈ ਉਹ ਐਗਰੀਕਲਚਰ ਨਾਲ ਸਬੰਧ ਰਖਦੀ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁਦਾ ਹਾਂ ਕਿ ਜੋ ਇਸ ਬਿਲ ਦੇ ਓਬਜੈਕਟਿਵਜ਼ ਹਨ ਉਹ ਬਹੁਤ ਹੀ ਚੰਗੇ ਓਬਜੈਕਟਿਵਜ਼ ਹਨ। ਜਿਨੇ ਵੀ ਪੈਸੇ ਦੀ ਵਰਤੋਂ ਹੋਣੀ ਹੈ ਉਹ ਵਧੇਰੇ ਉਪਜ ਕਰਨ ਲਈ ਹੋਣੀ ਹੈ ਜਿਸ ਦੇ ਨਾਲ ਖੇਤੀਬਾੜੀ ਦੇ ਵਿਚ ਵਾਧਾ ਕਰਨਾ ਹੈ ਅਤੇ ਪੰਜਾਬ ਦੇ ਕਿਸਾਨ ਦੀ ਜੋ ਜ਼ਰੂਰਤ ਹੈ ਉਸ ਨੂੰ ਪੂਰਾ ਕਰਨਾ ਹੈ। ਕਿਸਾਨ ਨੂੰ ਨਵੇਂ ਤੋਂ ਨਵੇਂ ਕੋਈ ਨਾ ਕੋਈ ਬੀਜ ਤਿਆਰ ਕਰਕੇ ਦਿੱਤਾ ਜਾਵੇ ਇਸ ਦੇ ਵਾਸਤੇ ਜੋ ਕਦਮ ਸਰਕਾਰ ਚੁੱਕ ਰਹੀ ਹੈ ਇਹ ਬਹੁਤ ਚੰਗੀ ਗੱਲ ਹੈ। ਇਸ ਦੇ ਨਾਲ ਹੀ ਇਕ ਹੋਰ ਬਹੁਤ ਵੱਡੀ ਗੱਲ, ਸਪੀਕਰ ਸਾਹਿਬ, ਕੀਤੀ ਗਈ ਹੈ ਉਹ ਇਹ ਹੈ ਕਿ ਪੰਜਾਬ ਵਿੱਚ ਬਹੁਤ ਭਾਰੀ ਨੁਕਸਾਨ ਜੋ ਹੈ ਉਹ ਗੜ੍ਹਿਆਂ ਕਰਕੇ ਹੁੰਦਾ ਹੈ, ਕੁਦਰਤੀ ਆਫਤ ਜਦੋਂ ਕੋਈ ਆਉਂਦੀ ਹੈ ਤਾਂ ਉਸਦੇ ਨਾਲ ਪੰਜਾਬ ਦੇ ਵਿੱਚ ਬਹੁਤ ਵੱਡਾ ਨੁਕਸਾਨ ਹੁੰਦਾ ਰਿਹਾ ਹੈ ਉਸ ਦੇ ਵਾਸਤੇ ਭਾਵੇਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਦੀ ਸਰਕਾਰ ਇਕ ਏਕੜ ਪਿੱਛੇ 500 ਰੁਪਏ ਨੁਕਸਾਨ ਦਾ ਮੁਆਵਜ਼ਾ ਦਿੰਦੀ ਹੈ ਪਰ ਮੈਂ ਸਮਝਦਾ ਹਾਂ ਕਿ ਉਹ ਮੁਆਵਜ਼ਾ ਬਹੁਤ ਥੋੜ੍ਹਾ ਹੈ ਅਤੇ ਉਹ ਵਧਾ ਦੇਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਖਾਸ ਤੌਰ ਤੇ ਪਿੰਡਾਂ ਦੇ ਵੀਰਾਂ ਦੀ ਡਿਵੈਲਪਮੈਂਟ ਵਾਸਤੇ ਬਹੁਤ ਚੰਗੀਆਂ ਚੰਗੀਆਂ ਪ੍ਰੋਵਿਜ਼ਨਜ਼ ਰਖੀਆਂ ਗਈਆਂ ਹਨ, ਮੈਂ ਆਸ ਕਰਾਂਗਾ ਕਿ ਹਾਊਸ ਵਲੋਂ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇਗਾ। ਇਤਨਾ ਕਹਿੰਦਾ ਹੋਇਆ ਮੈਂ ਆਪ ਪਾਸੋਂ ਖਿਮਾ ਮੰਗਦਾ ਹਾਂ।

Original with;
Punjab Vidhan Sabha
Digitized by;
Panjab Digital Library

(ਇਸ ਵਕਤ ਮਾਨਯੋਗ ਮੈਂਬਰਜ਼ ਸਰਦਾਰ ਕਰਨੈਲ ਸਿੰਘ ਡੋਡ ਅਤੇ ਸ੍ਰੀ ਰਾਮ ਪ੍ਰਕਾਸ਼ ਬਾਲੀ ਬੋਲਣ ਲਈ ਆਗਿਆ ਮੰਗ ਰਹੇ ਸਨ)

ਸ੍ਰੀ ਸਪੀਕਰ : ਮੇਰੀ ਇਕ ਬੇਨਤੀ ਸੀ ਕਿ ਅਗਲਾ ਬਿਜ਼ਨੈਸ ਜੋ ਲੈਣਾ ਹੈ ਉਸ ਦੇ ਲਈ ਸਾਨੂੰ ਟਾਈਮ ਦੇਖਣਾ ਪਵੇਗਾ। (ਵਿਘਨ)

ਸ੍ਰੀ ਰਾਮ ਪ੍ਰਕਾਸ਼ ਬਾਲੀ : ਮੈਂ ਦੋ ਮਿੰਟ ਲੈਣੇ ਹਨ ਜੀ।

ਸ੍ਰੀ ਸਪੀਕਰ : ਮੇਰੇ ਵੱਲੋਂ ਤਾਂ ਕੋਈ ਇਤਰਾਜ਼ ਨਹੀਂ ਹੈ ਪਰ ਤੁਹਾਡਾ ਬਿਜ਼ਨੈਸ ਮੁਕਣਾ ਨਹੀਂ।

ਸ੍ਰੀ ਰਾਮ ਪ੍ਰਕਾਸ਼ ਬਾਲੀ (ਨੰਗਲ): ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਸ ਬਿਲ ਉਪਰ ਜੋ ਮੈਨੂੰ ਤੁਸੀਂ ਟਾਈਮ ਦਿਤਾ ਹੈ, ਉਸ ਦੇ ਵਿਚ ਆਪਣੀ ਰਾਇ ਰਖਣਾ ਚਾਹੁੰਦਾ ਹਾਂ। ਜਿਸ ਤਰ੍ਹਾਂ ਕਿ ਪੰਡਿਤ ਮੋਹਨ ਲਾਲ ਜੀ ਨੇ ਕਿਹਾ ਹੈ ਕਿ ਜਿੰਨੇ ਇਮਪਾਰਟੈਂਟ ਬਿਲ ਹੋਣ ਉਨ੍ਹਾਂ ਵਾਸਤੇ ਟਾਈਮ ਪੂਰਾ ਦਿੱਤਾ ਜਾਵੇ, ਬਗੈਰ ਤਿਆਰੀ ਦੇ ਅਸੀਂ ਆਪਣੀ ਕੀ ਰਾਇ ਦੇ ਸਕਦੇ ਹਾਂ। ਲੇਕਿਨ ਇਕ ਛੋਟੀ ਜਿਹੀ ਰਾਇ ਮੈਂ ਆਪਣੀ ਜ਼ਰੂਰ ਦੇਣੀ ਚਾਹੁੰਦਾ ਹਾਂ ਕਿ ਅਗੇ ਹੀ ਇਸ ਸੂਬੇ ਤੇ ਕਾਫੀ ਬੋਝ ਪਿਆ ਹੈ। ਸਾਰੇ ਸਰਕਾਰੀ ਮੁਲਾਜ਼ਮ ਅਤੇ ਸਾਰੇ ਜੋ ਬੋਰਡ ਦੇ ਹਾਈ ਅਫਸਰ ਹਨ ਉਨ੍ਹਾਂ ਤੇ ਡਿਪੈਂਡ ਕਰਦਾ ਹੈ। ਕੋਈ ਨਵੀਂ ਤਨਖਾਹ ਨਹੀਂ ਦੇਣੀ ਪੈਂਦੀ। ਲੇਕਿਨ ਫਿਰ ਵੀ ਅਗਲੇਰੀ ਕਾਰਵਾਈ ਕਰਨ ਲਈ ਛੋਟੀਆਂ ਪੋਸਟਾਂ ਕਰੀਏਟ ਕਰਨੀਆਂ ਪੈਣੀਆਂ ਹਨ। ਸੁਆਲ ਇਹ ਹੈ ਕਿ ਜਿਹੜਾ ਰੁਪਿਆ ਵਰਤਣਾ ਹੈ ਉਸ ਦੇ ਲਈ ਡਿਲੇਇੰਗ ਟੈਕਟਿਕਸ ਹੋਣਗੇ ਅਤੇ ਕੋਆਰਡੀਨੇਸ਼ਨ ਔਖੀ ਹੋਵੇਗੀ। ਜਿਹੜਾ ਮੇਨ ਕੰਮ ਹੈ ਸੈਸ ਦੀ ਉਗਰਾਹੀ ਕਰਨਾ ਇਹ ਮੰਡੀਕਰਣ ਬੋਰਡ ਕਰੇ। ਸਾਰੇ ਦਾ ਸਾਰਾ ਟੋਟਲ ਖਰਚਾ ਡਿਵੈਲਪਮੈਂਟ ਮਨਿਸਟਰ ਰਾਹੀਂ ਖਰਚ ਕੀਤਾ ਜਾਵੇ। ਮੈਂ ਉਨ੍ਹਾਂ ਦੀ ਪ੍ਰਸ਼ੰਸਾ ਕਰਾਂਗਾ ਕਿ ਉਨ੍ਹਾਂ ਨੂੰ ਪੰਚਾਇਤੀ ਰਾਜ ਦਾ ਤਜ਼ਰਬਾ ਹੈ, ਉਹ ਪੰਚਾਇਤਾਂ ਤੋਂ ਉਠ ਕੇ ਮਨਿਸਟਰ ਬਣੇ ਹਨ। ਸਾਡੇ ਫਾਈਨਾਂਸ ਕਮਿਸ਼ਨਰ ਡਿਵੈਲਪਮੈਂਟ ਦੇ ਹਨ ਉਨ੍ਹਾਂ ਦੀ ਖੜੀ ਹਾਈ ਪੋਸਟ ਹੈ। ਮਨਿਸਟਰ ਸਾਹਿਬ ਆਪ ਇੰਚਾਰਜ ਬਣ ਜਾਣ ਅਤੇ ਉਸ ਦੇ ਵਿਚ ਡਾਇਰੈਕਟਰ ਡਿਵੈਲਪਮੈਂਟ ਲੈ ਲੈਣ। ਇਹ ਤਿੰਨ ਮੈਂਬਰੀ ਕਮੇਟੀ ਹੋਣੀ ਚਾਹੀਦੀ ਹੈ। ਮਨਿਸਟਰ ਕੰਨਸਰਨਡ ਨੇ ਆਪਣੇ ਮਹਿਕਮੇਂ ਵਿਚ ਇਹ ਖਰਚ ਕਰਨਾ ਹੈ ਉਹ ਜ਼ਿਆਦਾ ਬਿਹਤਰ ਸਮਝ ਸਕਦੇ ਹਨ ਕਿ ਕਿਥੇ ਖਰਚ ਕਰਨਾ ਹੈ। ਗਲੀਆਂ ਨਾਲੀਆਂ ਤੇ ਕਰਨਾ ਹੈ ਜਾਂ ਪਿੰਡਾਂ ਵਿਚ ਜਿੱਥੇ ਪਾਣੀ ਖੜ੍ਹਾ ਹੈ ਉਸ ਨੂੰ ਪਹਿਲਾਂ ਕਢਣ ਲਈ ਖਰਚ ਕਰਨਾ ਹੈ। ਮੈਂ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਇਹ ਵੀ ਕਰਨ ਕਿ ਐਗਰੀਕਲਚਰ ਮਾਰਕੀਟ ਕਮੇਟੀ ਨੂੰ ਹੀ ਇਹ ਵਸੂਲੀ ਦੇਣ ਅਤੇ ਰੂਰਲ ਡਿਵੈਲਪਮੈਂਟ ਮਨਿਸਟਰ ਹੀ ਉਸ ਫੰਡ ਨੂੰ ਯੂਟੀਲਾਈਜ਼ ਕਰਨ। ਇਹ ਨਾ ਹੋਵੇ ਕਿ ਸਾਲਾਂ ਦੇ ਸਾਲ ਇਹ ਫੰਡਜ਼ ਯੂਟੇਲਾਈਜ਼ ਨਾ ਹੋ ਸਕੇ। ਇਹ ਇਕ ਲੰਮਾ ਪ੍ਰੋਸੀਜਰ ਬਣਾ ਦਿਤਾ ਹੈ ਸੋ ਮੈਂ ਇਹ ਕਹੂੰਗਾ ਕਿ ਇਹ ਰੂਰਲ ਡਿਵਲਪਮੈਂਟ ਮਨਿਸਟਰ ਦੇ ਨਾਲ ਇਹ ਜ਼ਿਆਦਤੀ ਹੈ, ਇਹ ਉਸਦੇ ਮਹਿਕਮੇਂ ਦਾ ਹੀ ਕੰਮ ਹੈ ਐਵੇਂ ਡਿਵੀਜ਼ਨ ਬਣਾ ਦਿਤਾ ਹੈ। ਲੋਕਾਂ ਦੇ ਕੰਮ ਵਿਚ ਬੜੀ ਭਾਰੀ ਰੁਕਾਵਟ ਆਵੇਗੀ। ਮੈਂ ਸਮਝਦਾ ਹਾਂ ਕਿ ਜੋ ਬਿਲ ਪੇਸ਼ ਹੋਇਆ ਹੈ ਜ਼ਰੂਰ ਪਾਸ ਕਰਨਾ ਚਾਹੀਦਾ ਹੈ ਪਰ ਇਸ ਦੇ ਵਿਚ ਇਹ ਅਮੈਂਡਮੈਂਟ ਕੀਤੀ ਜਾਵੇ ਇਹ ਜਿਹੜਾ ਬੋਰਡ ਹੈ ਇਸ ਦੀ ਥਾਂ ਤੇ ਤਿੰਨ ਮੈਂਬਰੀ ਕਮੇਟੀ ਬਣਾ ਦਿਤੀ ਜਾਵੇ। ਚੇਅਰਮੈਨ, ਮਨਿਸਟਰ ਇੰਚਾਰਜ, ਫਾਇਨਾਂਸ਼ਲ ਕਮਿਸ਼ਨਰ ਡਿਵੈਲਪਮੈਂਟ ਅਤੇ ਡਾਇ-ਰੈਕਟਰ ਇਹ ਸੁਜੈਸ਼ਨ ਦੇ ਕੇ ਮੈਂ ਇਸਦਾ ਸਮਰਥਨ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

ਸਰਦਾਰ ਕਰਨੈਲ ਸਿੰਘ ਡੋਡ (ਫਰੀਦਕੋਟ) : ਸਪੀਕਰ ਸਾਹਿਬ, ਇਸ ਬਿਲ ਦਾ ਟਾਈਟਲ ਬੜਾ ਪਿਆਰਾ ਹੈ, ਇਸ ਦਾ ਨਾਂ ਬੜਾ ਪਿਆਰਾ ਹੈ ਪਰ ਮੇਰੀ ਅਰਜ਼ ਹੈ ਕਿ ਇਹ ਬੜਾ ਹਰੱਡਲੀ ਡਰਾਫਟਿਡ ਬਿਲ ਹੈ। ਇਹ ਮੈਨੂੰ ਯਕੀਨ ਹੈ ਐਫ. ਐਮ. ਸਾਹਿਬ ਕਿ ਇਹ ਬਿਲ ਕਾਨੂੰਨ ਬਣਨ ਤੋਂ ਬਾਅਦ ਜੁਡੀਸ਼ੀਅਲ ਸਕਰੂਟਿਨੀ ਸਟੈਂਡ ਨਹੀਂ ਕਰ ਸਕੇਗਾ ਔਰ ਇਹ ਅਦਾਲਤ ਵਿਚ ਢਹਿ ਢੇਰੀ ਹੋ ਜਾਵੇਗਾ, ਇਸ ਕਰਕੇ ਕਾਹਲੀ ਕੀਤੀ ਹੈ। ਸਪੀਕਰ ਸਾਹਿਬ, ਇਸ ਦੇ ਸਟੇਟਮੈਂਟ ਆਫ ਆਬਜੈਕਸ ਐਂਡ ਰੀਜ਼ਨਜ਼ ਵਿਚ ਲਿਖਿਆ ਹੈ —

"With a view to accelerate rural development, augment agricultural production providing facilities to the dealers and producers of agricultural product and to provide relief for loss/damage."

ਇਸ ਦੇ ਵਾਸਤੇ ਆਲਰੇਡੀ ਇਕ ਫੀਸ ਇਥੇ ਲੱਗੀ ਹੋਈ ਹੈ। ਪੰਜਾਬ ਸਟੇਟ ਐਗਰੀਕਲਚਰਲ ਪ੍ਰੋਡਿਊਸ ਐਕਟ ਥੱਲੇ ਇਹ ਪ੍ਰੋਵੀਜ਼ਨ ਹੈਗੀ ਕਿ ਡੀਲਰਜ਼ ਨੂੰ ਪ੍ਰੋਡਿਊਸਰਜ਼ ਨੂੰ ਫੈਸਿਲਟੀਜ਼ ਪ੍ਰੋ-ਵਾਈਡ ਕਰਨ ਲਈ 2% ਐਗਰੀਕਲਚਰਲ ਪ੍ਰੋਡਿਊਸ ਦਾ ਸੇਲਜ਼ ਪਰਚੇਜ਼ ਤੇ ਆਲਰੇਡੀ ਫੀਸ ਲਈ ਜਾਂਦੀ ਹੈ। ਇਹ ਜਿਹੜਾ ਇਕ ਰੁਪਿਆ ਲਾਇਆ ਹੈ ਹੁਣ ਇਹ ਡਿਵੈਲਪਮੈਂਟ ਐਕਟ ਬਣਾ ਕੇ ਇਸ ਕਰਕੇ ਉਸ ਐਕਟ ਦੇ ਹੁੰਦਿਆਂ ਔਰ ਆਲਰੇਡੀ ਫੀਸ ਦਾ ਪ੍ਰੋਵੀਜ਼ਨ ਹੁੰਦਿਆਂ, ਇਹ ਜੁਡੀਸ਼ਲ ਸਕਰੂਟਿਨੀ ਸਟੈਂਡ ਨਹੀਂ ਕਰ ਸਕੇਗਾ, ਇਹ ਕੁਐਸ਼ ਹੋ ਜਾਏਗਾ। ਤ੍ਰਤੀਆ ਹੈ ਜੋ ਪਿਛਲਾ ਤਜਰਬਾ ਹੈ, ਸੁਪਰੀਮ ਕੋਰਟ ਦੀ ਅਥਾਰਟੀ ਹੈ ਉਸ ਦੇ ਬੇਸਿਜ਼ ਤੇ ਮੈਂ ਕਹਿੰਦਾ ਹਾਂ ਔਰ ਦੂਜੀ ਅਰਜ਼ ਇਹ ਹੈ ਕਿ ਮੈਂ ਇਸ ਦੇ ਲਾਓਣ ਦੇ ਹੱਕ ਵਿਚ ਹਾਂ ਖਿਲਾਫ ਨਹੀਂ, ਲੇਕਿਨ ਇਹ ਜਿਹੜਾ ਡਰਾਫਟ ਪ੍ਰੋਵੀਜਨ ਹੈ ਇਹ ਪਰਾਪਰ ਨਹੀਂ ਹੈ। ਇਹ ਫੀਸ ਹੈ ਇਥੇ ਇਸ ਨੂੰ ਟੈਕਸ ਬਣਾਉਣ ਫਿਰ ਇਹ ਸਟੈਂਡ ਕਰ ਸਕੇਗਾ, ਫੀਸ ਸਟੈਂਡ ਨਹੀਂ ਕਰ ਸਕੇਗੀ। ਫੀਸ ਨਾਲ ਫਿਰ ਕਿਡ-ਪਰੋ- ਕਿਉ ਦੀ ਗੱਲ ਆ ਜਾਂਦੀ ਹੈ। ਅਗੇ ਸੁਪਰੀਮ ਕੋਰਟ ਨੇ ਰੂਲਿੰਗ ਦਿਤੀ ਹੈ ਐਸੀ ਔਰ ਪਤਾ ਨਹੀਂ ਕੋਈ ਢਾਈ ਰੁਪਏ ਮਾਰਕਿਟ ਫੀਸ ਕੀਤੀ ਸੀ ਉਹ ਕੁਐਸ਼ ਹੋ ਗਈ ਸੀ। ਇਹ ਕਿਡ-ਪਰੋ-ਕਿਉ ਦਾ ਜੋ ਪ੍ਰਿੰਸੀਪਲ ਹੈ ਕਿ ਜਿੰਨੀ ਫੈਸਿਲਟੀਜ਼ ਹੈ ਉਨੀ ਫੀਸ ਲਈ ਜਾ ਸਕਦੀ ਹੈ ਉਹ ਸਟੈਂਡ ਨਹੀਂ ਕਰਦੀ। ਇਸ ਕਰਕੇ ਕੁਐਸ਼ ਹੋ ਗਈ, ਹੁਣ ਇਹ ਵੀ ਕੁਐਸ਼ ਹੋ ਜਾਵੇਗੀ। ਇਸ ਕਰਕੇ ਮੇਰੀ ਬੇਨਤੀ ਹੈ ਕਿ ਇਹ ਜਿਹੜੀ ਕਲਾਜ਼ 5 ਹੈ ਜਿਸ ਦੇ ਵਿਚ ਹੈ **Subject to the rules made under this Act, there shall be levied for the purposes of this Act.** ਫੀਸ ਦੀ ਥਾਂ ਐਫ. ਐਮ. ਸਾਹਿਬ ਇਸ ਨੂੰ ਟਕਸ ਕਰੋ ਸਟੈਂਡ ਕਰ ਜਾਏਗੀ, ਫੀਸ ਸਟੈਂਡ ਨਹੀਂ ਕਰਨੀ। ਫੀਸ ਦਾ ਤੁਅੱਲਕ ਕਿਡ-ਪਰੋ-ਕਿਉ ਨਾਲ ਹੈ ਔਰ ਫੀਸ ਆਲਰੇਡੀ 2% ਲਗੀ ਹੋਈ ਹੈ। ਤੁਸੀਂ ਇਹ 1% ਹੋਰ ਲਾ ਕੇ ਕਿਡ-ਪਰੋ-ਕਿਉ ਸਾਬਤ ਨਹੀਂ ਕਰ ਸਕਣਾ ਔਰ ਤੁਹਾਡੀ ਜਿਹੜੀ ਸਾਰੀ ਸਕੀਮ ਹੈ ਧਰੀ ਦੀ ਧਰੀ ਰਹਿ ਜਾਏਗੀ। ਜਿਹੜਾ ਤੁਸੀਂ 20 ਕਰੋੜ ਰੁਪਏ ਦਾ ਅੰਦਾਜ਼ਾ ਲਾਇਆ ਹੈ ਜਿਹੜੀ ਮੈਂ ਸਮਝਦਾ ਹਾਂ 35 ਕਰੋੜ ਬਣਨਾ ਚਾਹੀਦਾ ਹੈ ਉਹ ਹੁਣ ਨਹੀਂ ਬਣਨਾ ਜੇ ਤੁਹਾਡਾ ਐਕਟ ਕੁਐਸ਼ ਹੋ ਗਿਆ। ਇਸ ਕਰਕੇ ਮੇਰੀ ਤਜਵੀਜ਼ ਇਹ ਹੈ ਕਿ ਟੈਕਸ ਲਾਓ ਫੀਸ ਨਾ ਲਾਓ। ਫੀਸ ਨਾਲ ਕਿਡ-ਪਰੋ-ਕਿਉ ਦੀ ਸ਼ਰਤ ਆਉਂਦੀ ਹੈ, ਟੈਕਸ ਨਾਲ ਕੋਈ ਸ਼ਰਤ ਨਹੀਂ ਆਉਂਦੀ। ਤੁਸੀਂ ਕੰਪੀਟੈਂਟ ਹੋ ਰੂਰਲ ਡਿਵੈਲਪਮੈਂਟ ਵਾਸਤੇ ਟੈਕਸ ਲਾਉਣ ਵਾਸਤੇ ਔਰ ਜੇ ਤੁਸੀਂ ਟੈਕਸ ਲਾ ਲਓਗੇ ਤਾਂ ਇਹ ਸਿਰੇ ਚੜ੍ਹ ਜਾਊ ਤੇ ਫੀਸ ਸਿਰੇ ਨਹੀਂ ਚੜ੍ਹਨੀ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਕਰਨੈਲ ਸਿੰਘ ਡੋਡ]

ਇਹ ਬਿਲ ਪਾਸ ਕਰ ਲਓ ਜਾਂ ਨਾ ਕਰ ਲਓ ਇਹ ਜੁਡੀਸ਼ਿਅਲ ਸਕਰੂਟਨੀ ਸਟੈਂਡ ਨਹੀਂ ਕਰਨਾ। ਬਾਕੀ ਉਸ ਦੀ ਗੱਲ ਵੀ ਮੈਂ ਤਾਈਦ ਕਰਦਾ ਹਾਂ, ਇਹ ਕੋਈ ਬੋਰਡ ਬਾਰਡ ਹੈ ਨਹੀਂ, ਨਾਂ ਬੋਰਡ ਦਾ ਹੈਗਾ। ਇਹ ਤਾਂ ਇਕ ਡਿਪਾਰਟਮੈਂਟ ਹੈ। ਇਹ ਐਫ. ਐਮ. ਸਾਹਿਬ ਦੇ ਡੈਸਕ ਤੇ ਰੈਕ ਵਿਚ ਰੱਖਣ ਵਾਸਤੇ ਇਕ ਹੋਰ ਕਾਗਜ਼ ਵੱਧ ਗਿਆ ਹੈ ਇਸ ਪੋਰਟਫੋਲਿਓ ਦਾ। ਇਸ ਤੋਂ ਵੱਧ ਹੋਰ ਕੋਈ ਗੱਲ ਨਹੀਂ। ਬੋਰਡ ਦਾ ਇਕ ਨਾਂ ਵਰਤਿਆ ਹੈ। ਜੇ ਬੋਰਡ ਬਣਾਉਣਾ ਹੈ ਤਾਂ ਉਸ ਨੂੰ ਰੀਅੱਲ ਡਿਵੈਲਪਮੈਂਟ ਬੋਰਡ ਬਣਾਉਣਾ ਚਾਹੀਦਾ ਹੈ। ਲੋਕਾਂ ਦੇ ਨੁਮਾਇੰਦੇ ਉਹਦੇ ਵਿਚ ਆਉਣੇ ਚਾਹੀਦੇ ਹਨ, ਅਸੈਂਬਲੀ ਦੇ ਮੈਂਬਰਜ਼ ਆਉਣੇ ਚਾਹੀਦੇ ਹਨ ਸਾਰੇ ਪੱਖਾਂ ਦੀ ਰਿਪ੍ਰੇਜ਼ੈਂਟੇਸ਼ਨ ਉਸ ਵਿਚ ਹੋਣੀ ਚਾਹੀਦੀ ਹੈ। ਬਾਕੀ ਇਹ ਤਾਂ ਐਵੇਂ ਤਿਫਲ ਤਸੱਲੀ ਹੈ। ਇਹ ਨਾ ਐਕਟ ਸਟੈਂਡ ਕਰੇ ਅਤੇ ਫੀਸ ਨਾ ਤੁਹਾਨੂੰ 20 ਕਰੋੜ ਰੁਪਿਆ ਆਵੇ ਇਹ ਤਾਂ ਫੂਕ ਮਾਰਿਆ ਉੱਡ ਜਾਊ ਸੁਪਰੀਮ ਕੋਰਟ ਤੇ ਹਾਈ ਕੋਰਟ ਵਿਚ।

ਸ੍ਰੀ ਰਾਧਾ ਕ੍ਰਿਸ਼ਨ (ਫਾਜ਼ਿਲਕਾ): ਸਪੀਕਰ ਸਾਹਿਬ, ਇਹ ਜਿਹੜਾ ਬੋਰਡ ਬਣਾਇਆ ਹੈ ਇਹ ਚੰਗੀ ਗੱਲ ਹੈ। ਇਸ ਤੋਂ ਬਗੈਰ ਪਿੰਡਾਂ ਦੀ ਭਲਾਈ ਦਾ ਧਿਆਨ ਨਹੀਂ ਕੀਤਾ ਜਾ ਸਕਦਾ ਸੀ। ਇਸ ਵਿਚ ਚੰਗੀਆਂ ਪਰੋਵੀਜ਼ਨਾਂ ਕੀਤੀਆਂ ਹਨ। ਪਰ ਇਸ ਵਿਚ ਇਕ ਗੱਲ ਮੈਂ ਮਹਿਸੂਸ ਕਰਦਾ ਹਾਂ ਕਿ ਜਿਹੜੀ ਇਸ ਬੋਰਡ ਦੀ ਸ਼ਕਲ ਹੈ ਉਹ ਠੀਕ ਨਹੀਂ ਇਸ ਬੋਰਡ ਨੂੰ ਚੰਗੀ ਸ਼ਕਲ ਦੇਣੀ ਚਾਹੀਦੀ ਹੈ ਤਾਕਿ ਜਿਹੜੀਆਂ ਪਿੰਡਾਂ ਦੀਆਂ ਤਕਲੀਫਾਂ ਹਨ, ਹਸਪਤਾਲਾਂ ਦੀਆਂ ਡਗਰਾਂ ਦੇ ਹਸਪਤਾਲਾਂ ਦੀਆਂ ਜਾਂ ਹੋਰ ਉਨ੍ਹਾਂ ਸਾਰੀਆਂ ਦਾ ਹਲ ਹੋ ਸਕੇ। ਬਾਕੀ ਇਸ ਬਿਲ ਲਿਆਉਣ ਬਾਰੇ ਮੈਂ ਮੁਬਾਰਕਬਾਦ ਦਿੰਦਾ ਹਾਂ। ਮੈਂ ਫਿਰ ਕਹਿੰਦਾ ਹਾਂ ਕਿ ਇਸ ਦੀ ਸ਼ਕਲ ਚੰਗੀ ਕੀਤੀ ਜਾਵੇ। ਜੇ ਇਸ ਦੀ ਚੰਗੀ ਸ਼ਕਲ ਹੋਵੇਗੀ ਤਾਂ ਇਸ ਦਾ ਅਗਲੇ ਸਾਲਾਂ ਵਿਚ ਕਾਫੀ ਫਾਇਦਾ ਹੋਵੇਗਾ। ਹੁਣ ਤਕ ਇਸ ਬੋਰਡ ਨੂੰ ਸਿਰਫ਼ ਕੈਬਨਿਟ ਤਕ ਔਰ ਅਫਸਰਾਂ ਤਕ ਹੀ ਮਹਿਦੂਦ ਰਖਿਆ ਹੈ। ਮੇਰੀ ਤਜਵੀਜ਼ ਹੈ ਕਿ ਸਹੀ ਮਾਨਿਆਂ ਵਿਚ ਇਸ ਦੀ ਡਿਵੈਲਪਮੈਂਟ ਕੀਤੀ ਜਾਵੇ ਤਾਕਿ ਲੋਕ ਇਸ ਦਾ ਪੂਰਾ ਫਾਇਦਾ ਉਠਾ ਸਕਣ।

ਸ੍ਰੀ ਸਪੀਕਰ: ਮੇਰੀ ਬੇਨਤੀ ਹੈ ਕਿ ਅਗਰ ਹਾਊਸ ਦੀ ਪ੍ਰਵਾਨਗੀ ਹੋਵੇ ਤਾਂ ਮੈਂ ਇਸ ਨੂੰ ਹਾਊਸ ਦੇ ਅੱਗੇ ਪੁੱਟ ਕਰਾਂ?

(ਆਵਾਜ਼ਾਂ: ਹਾਂ ਜੀ, ਹਾਂ ਜੀ।)

ਸ੍ਰੀ ਸਪੀਕਰ: ਪ੍ਰਸ਼ਨ ਹੈ—

ਕਿ ਪੰਜਾਬ ਦਿਹਾਤੀ ਵਿਕਾਸ ਬਿਲ ਤੇ ਤੁਰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਸ੍ਰੀ ਸਪੀਕਰ: ਹੁਣ ਸਦਨ ਬਿਲ ਦੀਆਂ ਕਲਾਜ਼ਾਂ ਤੇ ਇਕ ਇਕ ਕਰਕੇ ਵਿਚਾਰ ਕਰੇਗਾ।

ਕਲਾਜ਼ 1 ਦੀ ਸਬ-ਕਲਾਜ਼ (2)

ਸ੍ਰੀ ਸਪੀਕਰ: ਪ੍ਰਸ਼ਨ ਹੈ—

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

Original with;
Punjab Vidhan Sabha
Digitized by;
Panjab Digital Library

ਕਲਾਜ਼ 2

ਸ਼੍ਰੀ ਸਪੀਕਰ : ਪ੍ਰਸ਼ਨ ਹੈ —
ਕਿ ਲਾਜ਼ 2 ਬਿਲ ਦਾ ਭਾਗ ਹੈ।
ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 3

ਸ਼੍ਰੀ ਸਪੀਕਰ : ਅਗਲੀ ਕਲਾਜ਼ ਤੇ ਅਮੈਂਡਮੈਂਟਸ ਹਨ। ਪੰਡਿਤ ਮੋਹਨ ਲਾਲ।

ਪੰਡਿਤ ਮੋਹਨ ਲਾਲ : ਮਨਿਸਟਰ ਸਾਹਿਬ ਨੇ ਜਵਾਬ ਹੀ ਨਹੀਂ ਦਿੱਤਾ ਮੈਂ ਕੀ ਕਹਿ ਸਕਦਾ ਹਾਂ। ਅਗਰ ਤਾਂ ਉਹ ਅਕਸੈਪਟ ਕਰਦੇ ਹੋਣ ਤਾਂ ਮੈਂ ਮੂਵ ਕਰਾਂ। ਮੈਂ ਸਮਝ ਨਹੀਂ ਸਕਿਆ ਕਿ ਇਸ ਤੇ ਗੌਰਮਿੰਟ ਦਾ ਕੀ ਫੈਸਲਾ ਹੈ।

ਸ਼੍ਰੀ ਸਪੀਕਰ : ਮੈਂ ਅਮੈਂਡਮੈਂਟਸ ਪੜ੍ਹ ਦਿੰਦਾ ਹਾਂ।

ਪੰਡਿਤ ਮੋਹਨ ਲਾਲ : ਮੈਂ ਮੂਵ ਹੀ ਨਹੀਂ ਕਰਦਾ। ਮੈਂ ਵਿਦਡਰਾ ਕਰਦਾ ਹਾਂ।

ਸ਼੍ਰੀ ਸਪੀਕਰ : ਹਾਊਸ ਦੀ ਪ੍ਰਵਾਨਗੀ ਹੋਵੇ ਤਾਂ ਇਹ ਵਾਪਸ ਲੈ ਲੈਣ ?

(ਅਵਾਜ਼ਾਂ : ਹਾਂ ਜੀ, ਹਾਂ ਜੀ।)

ਸ਼੍ਰੀ ਸਪੀਕਰ : ਪ੍ਰਸ਼ਨ ਹੈ—
ਕਿ ਕਲਾਜ਼ 3 ਬਿਲ ਦਾ ਭਾਗ ਹੈ।
ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 4

ਸ਼੍ਰੀ ਸਪੀਕਰ : ਇਸ ਤੇ ਅਗੇ ਅਮੈਂਡਮੈਂਟ ਹੈ।

ਪੰਡਿਤ ਮੋਹਨ ਲਾਲ : ਇਹ ਵੀ ਵਿਦਡਰਾ ਕਰਦਾ ਹਾਂ।

ਸ਼੍ਰੀ ਸਪੀਕਰ : ਹਾਊਸ ਦੀ ਪ੍ਰਵਾਨਗੀ ਹੋਵੇ ਤਾਂ ਇਹ ਵਾਪਿਸ ਲੈ ਲੈਣ ?

(ਆਵਾਜ਼ਾਂ : ਹਾਂ ਜੀ, ਹਾਂ ਜੀ।)

ਸ਼੍ਰੀ ਸਪੀਕਰ : ਪ੍ਰਸ਼ਨ ਹੈ—
ਕਿ ਕਲਾਜ਼ 4 ਬਿਲ ਦਾ ਭਾਗ ਹੈ।
ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 5

ਸ਼੍ਰੀ ਸਪੀਕਰ : ਪ੍ਰਸ਼ਨ ਹੈ—
ਕਿ ਕਲਾਜ਼ 5 ਬਿਲ ਦਾ ਭਾਗ ਹੈ।
ਪ੍ਰਸਤਾਵ ਪ੍ਰਵਾਨ ਹੋਇਆ।

Original with;
Punjab Vidhan Sabha
Digitized by;
Panjab Digital Library

ਕਲਾਜ਼ 6

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 6 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 7

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਾਜ਼ 7 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 8

ਸ੍ਰੀ ਸਪੀਗਰ : ਪ੍ਰਸ਼ਨ ਹੈ—

ਕਿ ਕਲਾਜ਼ 8 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 9

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 9 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 10

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 10 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 11

ਸ੍ਰੀ ਸਪੀਗਰ : ਪ੍ਰਸ਼ਨ ਹੈ—

ਕਿ ਕਲਾਜ਼ 11 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 12

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 12 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

Original with;
Punjab Vidhan Sabha
Digitized by;
Panjab Digital Library

ਕਲਾਜ਼ 1 ਦੀ ਸੱਬ–ਕਲਾਜ਼ (1)

ਸ਼੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼–1 ਦੀ ਸਬ–ਕਲਾਜ਼ (1) ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਟਾਈਟਲ

ਸ਼੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਟਾਈਟਲ ਬਿਲ ਦਾ ਟਾਈਟਲ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

Minister of State for Forests, Soil Conservation and Wild Life (Sardar Surinderpal Singh) **:** Sir, I beg to move—

That the Punjab Rural Development Bill be passed.

Mr. Speaker : Motion moved—

That the Punjab Rural Development Bill be passed.

ਪੰਡਿਤ ਸਰਵਣ ਰਾਮ ਮਨਸੋਵਾਲੀਆ (ਗੜ੍ਹਸ਼ੰਕਰ) : ਸਪੀਕਰ ਸਾਹਿਬ, ਮੈਂ ਇਸ ਤੇ ਬੋਲਣਾ ਚਾਹੁੰਦਾ ਹਾਂ। ਮੈਂ, ਸਪੀਕਰ ਸਾਹਿਬ, ਸਮਝਦਾ ਹਾਂ ਕਿ ਇਸ ਦੀ ਲੋੜ ਨਹੀਂ ਹੈ। ਇਸ ਨਾਲ 20 ਕਰੋੜ ਜਾਂ 25 ਕਰੋੜ ਰੁਪਿਆ ਆਉਣਾ ਹੈ। ਜਿਹੜਾ ਅਸੀਂ ਕਰਨਾ ਹੈ ਔਰ ਜਿਹੜਾ ਇਨ੍ਹਾਂ ਨੇ ਕਰਨਾ ਹੈ, ਉਹ ਅਸੀਂ ਨਹੀਂ ਕਰ ਸਕਦੇ। ਇਹ ਤਾਂ, ਸਪੀਕਰ ਸਾਹਿਬ, ਉਹ ਗੱਲ ਹੋਈ ਕਿ ਸਿਧਾ ਕੰਨਾਂ ਨੂੰ ਹੱਥ ਨਾ ਪਾਇਆ ਤਾਂ ਫਿਰ ਘੁਮਾ ਕੇ ਹੱਥ ਲਗਾਇਆ ਜਾ ਰਿਹਾ ਹੈ। ਇਸ ਤਰ੍ਹਾਂ ਕੋਈ 50 ਕਰੋੜ ਰੁਪਏ ਦਾ ਨੁਕਸਾਨ ਹੋਵੇਗਾ। ਇਹ ਸਾਰਾ ਕੁਝ ਕਰਨ ਦੇ ਬਾਵਜੂਦ, ਸਪੀਕਰ ਸਾਹਿਬ, ਇਹ ਗਲ਼ਤੀ ਤੇ ਗਲਤੀ ਕੀਤੀ ਜਾ ਰਹੀ ਹੈ। ਇਸ ਦੀ ਸਾਨੂੰ ਬਾਅਦ ਵਿਚ ਬਹੁਤ ਮੁਸ਼ਕਲ ਹੋਵੇਗੀ। ਜਿਹੜੇ ਕੋਰਟ ਵਿਚ ਚਲੇ ਜਾਣਗੇ। ਜਿਸ ਤਰ੍ਹਾਂ ਸਰਦਾਰ ਕਰਨੈਲ ਸਿੰਘ ਡੋਡ ਜੀ ਨੇ ਦਸਿਆ ਹੈ। ਕੋਰਟ ਵਿਚ ਜਾਕੇ ਅਸੀਂ ਫੇਲ੍ਹ ਹੋ ਜਾਣਾ ਹੈ। ਇਸ ਕਰਕੇ ਇਹ ਕੀਤੀ ਕਰਾਈ ਤੇ ਪਾਣੀ ਫਿਰ ਜਾਣਾ ਹੈ। ਜੇ ਇਨ੍ਹਾਂ ਨੇ ਏਡਾ ਹੈਵੀ ਬੋਰਡ ਬਨਾਉਣਾ ਹੀ ਸੀ, ਇਹ ਜਿਹੜਾ ਡਿਵੈਲਪਮੈਂਟ ਮਨਿਸਟਰ ਹੈ, ਇਹ ਅਗੇ ਵੀ ਸਾਰੇ ਡਿਵੈਲਪਮੈਂਟ ਦੇ ਮਹਿਕਮੇ ਨੂੰ ਚਲਾ ਰਿਹਾ ਹੈ, ਇਸਨੂੰ ਚੇਅਰਮੈਨ ਬਣਾ ਲਿਆ ਜਾਵੇ, ਸੈਕਰੇਟਰੀ ਨੂੰ ਸੈਕਰੇਟਰੀ ਬਣਾ ਲਿਆ ਜਾਵੇ ਅਤੇ ਹੋਰ ਨਾਨ-ਆਫੀਸ਼ੀਅਲ ਮੈਂਬਰ ਪਾ ਲਏ ਜਾਣ ਤਾਂ ਬੋਰਡ ਚਲ ਸਕਦਾ ਹੈ। ਏਡਾ ਵੱਡਾ ਐਫ.ਐਮ. ਸਾਹਿਬ ਨੇ ਬੋਰਡ ਬਣਾ ਕੇ ਵੱਡੇ ਵੱਡੇ ਅਫਸਰ ਇਸ ਦੇ ਵਿੱਚ ਪਾ ਕੇ ਬੋਰਡ ਦੀ ਸ਼ਕਲ ਦੇ ਦਿੱਤੀ ਹੈ। ਤੇ ਉਧਰੋਂ ਲੋਕਾਂ ਨੂੰ ਦੱਸਿਆ ਜਾਂਦਾ ਹੈ ਕਿ ਪੈਸਾ ਨਹੀਂ ਹੈ। ਏਥੇ ਕੀ ਪੈਸੇ ਕੀ ਲੋੜ ਨਹੀਂ ਪਵੇਗੀ। ਛੋਟੇ ਮੁਲਾਜ਼ਮ ਵੀ ਤਾਂ ਬੋਰਡ ਵਿੱਚ ਰਖੇ ਜਾਣਗੇ। ਸਾਨੂੰ ਪਤਾ ਹੈ ਕਿ ਕੰਡੀ ਏਰੀਆ ਦਾ ਬੋਰਡ ਅਤੇ ਦੂਸਰੇ ਬੋਰਡ ਬਣੇ

Original with;
Punjab Vidhan Sabha
Digitized by;
Panjab Digital Library

[ਪੰਡਿਤ ਸਰਵਣ ਰਾਮ ਮਨਸੋਵਾਲੀਆ]

ਹਨ। ਉਨ੍ਹਾਂ ਦਾ ਕੋਈ ਫਾਇਦਾ ਨਹੀਂ ਹੋਇਆ। ਏਥੇ ਤੁਹਾਡੇ ਸਾਹਮਣੇ ਕੰਡੀ ਏਰੀਏ ਵਾਸਤੇ ਰੋਂਦੇ ਰਹੇ ਹਾਂ। ਪਰ ਕਿਸੇ ਨੇ ਕੋਈ ਗੱਲ ਨਹੀਂ ਸੁਣੀ। ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਸਾਡਾ ਏਨਾ ਰੋਣਾ ਸੁਨਣ ਤੋਂ ਬਾਅਦ ਕਮ–ਸੇ–ਕੰਮ, ਇਹ ਚੰਗੇ ਆਦਮੀ ਹਨ, ਸਾਡਾ ਜਿਹੜਾ ਕੰਡੀ ਏਰੀਆ ਹੈ, ਇਹ ਰੋਪੜ ਤੋਂ ਲੈ ਕੇ ਪਠਾਨਕੋਟ ਤੱਕ ਆਪ ਦੇਖ ਲੈਣ, ਜੇ ਨਾ ਕੁਝ ਕਰਨ ਵਾਲਾ ਹੋਵੇ ਤਾਂ ਜਵਾਬ ਦੇ ਦੇਣ, ਸਾਨੂੰ ਇਨ੍ਹਾਂ ਤੇ ਪੂਰੀ ਤਸੱਲੀ ਹੈ। ਜੈ ਹਿੰਦ।

ਸਰਦਾਰ ਸੁਰਿੰਦਰ ਪਾਲ ਸਿੰਘ (ਰਾਜ ਮੰਤਰੀ, ਜੰਗਲਾਤ, ਭੂਮੀ ਰੱਖਿਆ ਤੇ ਜੰਗਲੀ ਜੀਵ) : ਸਪੀਕਰ ਸਾਹਿਬ, ਮੈਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਆਪ ਹੀ ਕਿਹਾ ਹੈ ਕਿ 2 ਮਿੰਟ ਲੈ ਲਓ। ਅੱਜ ਪੰਡਿਤ ਜੀ ਵਲੋਂ ਅਤੇ ਬਾਲੀ ਜੀ ਵਲੋਂ, ਖਾਸ ਕਰਕੇ ਪੰਡਿਤ ਸਰਵਣ ਰਾਮ ਜੀ ਵਲੋਂ ਜੋ ਰੀਐਕਸ਼ਨ ਹੋਇਆ ਹੈ ਕਿ ਜੋ ਬੋਰਡ ਬਣਾਇਆ ਗਿਆ ਹੈ, ਉਸ ਦਾ ਸਟੇਟ ਐਕਸਚੈਕਰ ਤੇ ਖਰਚਾ ਪਵੇਗਾ, ਬੋਝ ਪਵੇਗਾ ਅਤੇ ਇਨ੍ਹਾਂ ਬਾਅਦ ਵਿੱਚ ਐਡਮਿਟ ਵੀ ਕਰ ਲਿਆ ਹੈ ਕਿ ਇਸ ਵਿੱਚ 3 ਮਨਿਸਟਰ ਹਨ, ਖਜ਼ਾਨਾ ਮੰਤਰੀ ਇਸ ਦੇ ਚੈਅਰਮੈਨ ਹਨ, ਤਿੰਨ ਸਾਡੇ ਜਿਹੜੇ ਸੈਕਟਰੀ ਹਨ, ਉਹ ਬੋਰਡ ਵਿੱਚ ਰਖੇ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਕੋਈ ਖਰਚਾ ਤਨਖਾਹਾਂ ਵਗੈਰਾ ਦਾ ਨਹੀਂ ਪਵੇਗਾ। ਇਹ ਚੰਗਾ ਕੰਮ ਕੀਤਾ ਹੈ ਸਰਕਾਰ ਨੇ ਕਿ ਨਵਾਂ ਬੋਰਡ ਨਹੀਂ ਬਣਾਇਆ ਤਾਂਕਿ ਖਰਚਾ ਬਚਾਇਆ ਜਾ ਸਕੇ। ਨਾ ਕਾਰ ਨਾ ਟੈਲੀਫੋਨ, ਨਾ ਚਪੜਾਸੀ ਆਦਿ ਦਾ ਖਰਚਾ ਪੈਣਾ ਹੈ। ਅਸੀਂ ਇਹ ਸੋਚਦੇ ਸੀ ਕਿ ਇਹ ਤਰੀਕਾ ਜਿਹੜਾ ਹੈ ਕੁਲੈਕਸ਼ਨ ਕਰਨ ਦਾ ਇਕ ਪਰਸੈਂਟ ਲੇਵੀ ਦਾ, ਇਹ ਬਗੈਰ ਖਰਚ ਤੋਂ, ਨੌਕਰ ਵਗੈਰਾ ਰੱਖਣ ਤੋਂ ਬਗੈਰ, ਉਗਰਾਹ ਲਿਆ ਕਰੀਏ, ਇਸ ਗੱਲ ਤੇ ਬੜੀ ਵਿਚਾਰ ਕੀਤੀ ਹੈ। ਪੰਡਿਤ ਸਰਵਣ ਰਾਮ ਅਤੇ ਬਾਲੀ ਜੀ ਹੋਰਾਂ ਨੇ ਇਹ ਦੱਸਿਆ ਹੈ ਕਿ ਸਾਡੇ ਮੰਤਰੀ ਖਿਆਲਾ ਜੀ ਨਾਲ ਬੜੀ ਜ਼ਿਆਦਤੀ ਹੋਈ ਹੈ। ਮੈਂ ਸਮਝਦਾ ਹਾਂ ਕਿ ਪੰਡਿਤ ਜੀ ਅਤੇ ਬਾਲੀ ਹੋਰਾਂ ਨੇ ਕਿਹਾ ਹੈ ਉਨ੍ਹਾਂ ਨੂੰ ਰੱਖਣਾ ਚਾਹੀਦਾ ਹੈ, ਬਾਕੀਆਂ ਦੀ ਲੋੜ ਨਹੀਂ ਸੀ। ਮੈਂ ਦੱਸਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਜਦੋਂ ਸਰਕਾਰ ਬਣੀ, ਮੈਨੂੰ ਐਗਰੀਕਲਚਰ ਦੇ ਮਨਿਸਟਰ ਨਾਲ ਅਟੈਚ ਕੀਤਾ ਗਿਆ ਸੀ। ਥੋਹੜੇ ਦਿਨ ਤੋਂ ਮੈਨੂੰ ਐਗਰੀਕਲਚਰ ਮਹਿਕਮਾ ਦਿੱਤਾ ਹੈ। ਇਹ ਅੱਜ ਮੇਰੇ ਨਾਲ ਲਗਦੇ ਹਨ। ਇਹ ਐਗਰੀਕਲਚਰ ਦੇ ਮਹਿਕਮੇ ਦਾ ਕੰਮ ਹੈ। ਮਾਰਕੀਟਿੰਗ ਬੋਰਡ ਵੀ ਐਗਰੀ-ਕਲਚਰ ਦੇ ਮਹਿਕਮੇ ਨਾਲ ਅਟੈਚ ਹੈ। ਅਤੇ ਪੈਸਾ ਵੀ ਉਗਰਾਹੀ ਦਾ ਮੰਡੀਆਂ ਵਿਚੋਂ ਆਉਣਾ ਹੈ। 26 ਕਰੋੜ ਰੁਪਿਆ ਪਿਛਲੀ ਸਭਾ ਵਿੱਚ ਛੱਡਿਆ ਹੈ। ਜਿਹੜਾ ਸੈਸ ਲਗਾ ਸੀ ਇਕ ਪਰਸੈਂਟ ਅਤੇ ਉਹ 26 ਕਰੋੜ ਰੁਪਿਆ ਮੁੜ ਕੇ ਪਿੰਡਾਂ ਵਿਚ ਰਹਿ ਗਿਆ ਹੈ। ਅਤੇ 20 ਕਰੋੜ ਦੀ ਨਵੀਂ ਵਿਵਸਥਾ ਕੀਤੀ ਹੈ। ਖੇਤੀ-ਬਾੜੀ ਦੀ ਉਪਜ ਖਰੀਦ ਕੇ ਬਾਹਰਲਿਆਂ ਸੂਬਿਆਂ ਵਿੱਚ ਜਾਂਦੀ ਹੈ, ਉਸ ਤੇ ਇਕ ਪਰਸੈਂਟ ਲੇਵੀ ਲਾਈ ਹੈ। ਇਸ ਤੇ ਵਿਚਾਰ ਕੀਤਾ ਹੈ ਅਤੇ ਜਿਹੜਾ ਦਿਹਾਤੀ ਵਿਕਾਸ ਕਰਨਾ ਹੈ, ਉਸ ਦਾ ਹੀ ਪਸਾਰਾ ਹੋਵੇਗਾ। ਮੈਂ ਸਮਝਦਾ ਹਾਂ ਕਿ ਸਰਦਾਰ ਬਲਵੰਤ ਸਿੰਘ ਜੀ ਨੇ 26 ਕਰੋੜ ਪਹਿਲਾਂ ਰਿਲੀਜ਼ ਕੀਤਾ ਹੈ,20 ਕਰੋੜ ਬਾਹਰੋਂ ਅੰਦਾਜ਼ਨ ਇਕੱਠਾ ਕਰਕੇ ਦਿਹਾਤੀ ਵਿਕਾਸ ਤੇ ਖਰਚਣ ਦਾ ਯਤਨ ਕੀਤਾ ਹੈ ਇਸ ਨਾਲ ਸਿੱਧਾ ਫਰਕ 46 ਕਰੋੜ ਦਾ ਪਵੇਗਾ। (ਥੰਪਿੰਗ) ਅਤੇ ਦਿਹਾਤਾਂ ਨੂੰ ਫਾਇਦਾ ਹੋਵੇਗਾ। ਮੈਂ ਦਸਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਇਹ ਜਿਹੜੀ ਗਲ ਦਸੀ ਸੀ ਡੋਡ ਸਾਹਿਬ ਨੇ (ਵਿਘਨ)

ਸ੍ਰੀ ਸਪੀਕਰ : ਰਾਜਾ ਸਾਹਿਬ ਵਲ ਧਿਆਨ ਨਾ ਦਿਓ ਤੁਸੀਂ ਆਪਣੀ ਗੱਲ ਆਖੋ।

ਰਾਜ ਮੰਤਰੀ : ਮੈਂ ਦੱਸਣਾ ਚਾਹੁੰਦਾ ਹਾਂ , ਸਪੀਕਰ ਸਾਹਿਬ, ਕਿ ਡੋਡ ਸਾਹਿਬ ਨੇ ਇੱਕ ਪੁਆਇੰਟ ਲਿਆਂਦਾ ਸੀ ਕਿ ਇਹ ਜੋ ਐਕਟ ਬਣਾ ਰਹੇ ਹੋ ਇਹ ਹਾਈ ਕੋਰਟ ਵਿਚ ਚੈਲੰਜ ਹੋਏਗਾ

Original with;
Punjab Vidhan Sabha
Digitized by;
Panjab Digital Library

ਔਰ ਇਹ ਠਹਿਰੇਗਾ ਨਹੀਂ ਔਰ ਪਾਸ ਨਹੀਂ ਹੋਏਗਾ। ਮੈਂ ਡੋਡ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਐਕਟ ਸਿਮਿਲਰ ਲਾਈਨਜ਼ ਤੇ ਬਣਿਆ ਹੋਇਆ ਹੈ ਜੋ ਕਿ ਹਰਿਆਣਾ ਵਿਚ ਚਲ ਰਿਹਾ ਹੈ। ਉਹ ਵੀ ਚੈਲੰਜ ਹੋਇਆ ਸੀ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵਿਚ ਪਰ ਥੋੜੇ ਦਿਨ ਹੋਏ ਉਥੇ ਅਪਹੋਲਡ ਹੋ ਗਿਆ ਹੈ। ਇਸ ਲਈ ਇਹ ਹਾਈ ਕੋਰਟ ਵਿਚ ਚੈਲੰਜ ਨਹੀਂ ਹੋਏਗਾ। ਅਸੀਂ ਬੜਾ ਸਮਝ ਕੇ ਲੀਗਲ ਓਪੀਨੀਅਨ ਲੈਕੇ ਉਸ ਨੂੰ ਵੈਟ ਕਰਾਕੇ ਲਿਆਂਦਾ ਹੈ। ਇਹ ਜੋ 20 ਕਰੋੜ ਰੁਪਿਆ ਹੈ, ਇਸ ਦੀ ਲੋੜ ਕਿਉਂ ਪਈ ਹੈ। ਤੁਹਾਨੂੰ ਪਤਾ ਹੈ ਕਿ ਥੋੜ੍ਹੇ ਦਿਨ ਹੋਏ ਹਨ ਮਾਲਵੇ ਵਿਚ ਗੜੇ ਪੈ ਗਏ ਹਨ। ਹੜ੍ਹ ਵੀ ਬੜੇ ਮਾਲਵੇ ਵਿਚ ਆਏ ਹਨ (ਵਿਘਨ) ਚਲੋ ਮਲੋਟ ਵੀ ਕਹਿ ਦਿੰਦੇ ਹਾਂ। ਕਈ ਵਾਰੀ ਪੰਜਾਬ ਦੇ ਕਿਸਾਨ ਨਾਲ ਬਹੁਤ ਜ਼ਿਆਦਤੀਆਂ ਹੁੰਦੀਆਂ ਹਨ। ਇਹ ਭਰਾ ਕਹਿੰਦੇ ਹਨ ਕਿ ਅਸੀਂ ਬਹੁਤ ਕੁਝ ਕੀਤਾ ਹੈ। ਪਰ ਮੈਂ ਕਹਿੰਦਾ ਹਾਂ ਕਿ ਪਿਛਲੇ ਸਮੇਂ ਵਿਚ ਅੱਜ ਤੱਕ ਐਸਾ ਬੋਰਡ, ਪੰਜਾਬ ਰੂਰਲ ਡਿਵੈਲਪਮੈਂਟ ਬੋਰਡ, ਇਸ ਤਰੀਕੇ ਨਾਲ ਬੋਰਡ ਪੰਜਾਬ ਦੇ ਕਿਸਾਨਾਂ ਦਾ ਗਰੀਬ ਲੋਕਾਂ ਤੇ ਬੋਝ ਨਾ ਪਏ, ਇਸ ਤਰ੍ਹਾਂ ਦਾ ਬੋਰਡ ਬਨਾਉਣ ਬਾਰੇ ਕੀ ਕਦੇ ਪਹਿਲਾਂ ਕਿਸੇ ਸਰਕਾਰ ਨੇ ਸੋਚਿਆ ਸੀ। ਇਹ ਪਹਿਲੀ ਵਾਰੀ ਪੰਜਾਬ ਰੂਰਲ ਡਿਵੈਲਪਮੈਂਟ ਬੋਰਡ ਇਹ ਪਿੰਡਾਂ ਦੀ ਸਰਕਾਰ, ਇਹ ਗਰੀਬਾਂ ਦੀ ਸਰਕਾਰ ਜੋ ਹੈ ਇਸ ਨੇ ਸੋਚਿਆ ਹੈ ਕਿ ਦਿਹਾਤੀ ਵਿਕਾਸ ਕੀਤਾ ਜਾਏ ਔਰ ਇਹ ਬੋਰਡ ਬਨਾਉਣ ਬਾਰੇ ਸੋਚਿਆ ਹੈ। 1% ਲੇਵੀ ਤਾਂ ਹਟਾਈ ਸੀ ਕਿਉਂਕਿ ਇਨ੍ਹਾਂ ਨੂੰ ਆਪਣੀ ਜਿਨਸ ਦਾ ਭਾਅ ਪੂਰਾ ਨਹੀਂ ਮਿਲਦਾ ਸੀ। ਥੋੜ੍ਹੇ ਦਿਨ ਹੋਏ ਇਹ ਦਸਿਆ ਸੀ ਕਿ ਹਿੰਦੁਸਤਾਨ ਵਿਚ ਅਨਾਜ ਬਹੁਤ ਪੈਦਾ ਹੁੰਦਾ ਹੈ ਜਿਸ ਵਿਚ ਪੰਜਾਬ ਨੇ ਜ਼ਿਆਦਾ ਆਪਣਾ ਹਿੱਸਾ ਪਾਇਆ ਹੈ। ਪਰ ਭਾਅ ਠੀਕ ਨਾ ਮਿਲਣ ਕਰਕੇ ਉਹ ਵਿਚਾਰੇ ਕਿਸਾਨ ਰੋਂਦੇ ਫਿਰਦੇ ਹਨ ਕਿ ਪੰਜ ਦਸ ਰੁਪਏ ਭਾਅ ਵਧਾਓ। ਪਰ ਅਸੀਂ ਸੋਚਿਆ ਹੈ ਕਿ 1% ਘਟਾਇਆ ਹੈ। ਇਸ ਨਾਲ 2% ਕਿਸਾਨਾਂ ਨੂੰ ਲਾਭ ਹੋਏਗਾ ਜੋ ਕਿ ਦਿਹਾਤੀ ਵਿਕਾਸ ਵਾਸਤੇ ਹੋਏਗਾ। ਇਹ ਦਿਹਾਤੀ ਵਿਕਾਸ ਦਾ ਫਾਇਦਾ ਇਕੱਲੇ ਕਿਸਾਨਾਂ ਨੂੰ ਨਹੀਂ ਹੋਣਾ ਬਲਕਿ ਜਿਹੜੇ ਉਥੇ ਆਰਟੀਜ਼ਨਜ਼ ਹਨ, ਲੇਬਰ ਦਾ ਕੰਮ ਕਰਦੇ ਹਨ ਉਨ੍ਹਾਂ ਨੂੰ ਵੀ ਇਸ ਦਾ ਫਾਇਦਾ ਹੋਏਗਾ। ਜੋ ਬਾਹਰੋਂ ਖਰੀਦਣ ਵੇਚਣ ਆਉਂਦੇ ਹਨ ਉਨ੍ਹਾਂ ਨੂੰ ਵੀ ਫਾਇਦਾ ਹੋਏਗਾ। ਵਪਾਰੀ ਲੋਕਾਂ ਲਈ ਵੀ ਖਰਚ ਕੀਤਾ ਜਾਏਗਾ। ਮਾਨਯੋਗ ਮੈਂਬਰ ਰਾਜਾ ਨਰਿੰਦਰ ਸਿੰਘ ਨੇ ਕਿਹਾ ਹੈ ਕਿ ਦੱਸੋ ਸਬਸਿਡੀ ਕੀ ਦੇਣੀ ਹੈ। ਇਹ ਰਾਜੇ ਹੁੰਦੇ ਹੋਏ ਫਿਰ ਮੰਗਣ ਵਲ ਧਿਆਨ ਰਖਦੇ ਹਨ, ਕਹਿੰਦੇ ਹਨ ਕਿ ਸਬਸਿਡੀ ਦਿਓ। ਮੈਂ ਤੁਹਾਡੇ ਨਾਲ ਇਤਫਾਕ ਰਖਦਾ ਹਾਂ ਪਰ ਸਾਨੂੰ ਸਬਸਿਡੀ ਤਾਂ ਹੀ ਮੰਗਣ ਦੀ ਲੋੜ ਹੈ ਜੇਕਰ ਸਾਨੂੰ ਸਾਡੀ ਜਿਨਸ ਦਾ ਸਹੀ ਮੁਲ ਨਾ ਮਿਲੇ। ਉਪਜ ਕਰਨ ਦੇ ਸਾਧਨ ਘਟੇ ਹਨ। (ਵਿਘਨ) ਪੰਡਿਤ ਜੀ ਨੇ ਕੰਡੀ ਏਰੀਆ ਦੀ ਗਲ ਕੀਤੀ ਸੀ। ਮੈਂ ਮੈਂਬਰ ਸਾਹਿਬ ਦੀ ਚਿੰਤਾ ਤੋਂ ਜਾਣੂੰ ਹਾਂ। ਜਦੋਂ ਵੀ ਹਾਊਸ ਵਿਚ ਕੋਈ ਗਲ ਹੁੰਦੀ ਹੈ ਤਾਂ ਕੰਡੀ ਏਰੀਆ ਦੀ ਗਲ ਆ ਜਾਂਦੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡਾ ਧਿਆਨ ਕੰਡੀ ਏਰੀਆ ਵਲ ਬਹੁਤ ਹੈ ਅਤੇ ਤੁਹਾਡਾ ਖਾਸ ਕਰਕੇ ਧਿਆਨ ਰਖਾਂਗੇ। ਕੰਡੀ ਏਰੀਆ ਵਾਸਤੇ ਵਧ ਤੋਂ ਵਧ ਧਿਆਨ ਰਖਿਆ ਜਾਏਗਾ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਆਨ ਏ ਪੁਆਇੰਟ ਆਫ ਆਰਡਰ। ਇਹ ਮਨਿਸਟਰ ਸਾਹਿਬ ਨੇ ਕੰਡੀ ਏਰੀਆ ਦੀ ਗਲ ਕੀਤੀ ਹੈ (ਵਿਘਨ) ਮੈਂ ਦਸਣਾ ਚਾਹੁੰਦਾ ਹਾਂ ਕਿ ਇੱਕ ਬਾਦਸ਼ਾਹ ਨੂੰ ਬਹੁਤ ਸ਼ੌਕ ਸੀ ਨਾਚ ਗਾਣਾ ਸੁਣਨ ਦਾ। ਉਸ ਨੇ ਨੱਚਣ ਵਾਲੀ ਬੁਲਾਈ ਔਰ ਉਹ ਨੱਚਦੀ ਰਹੀ ਗਾਂਦੀ ਰਹੀ ਪਰ ਕਿਸੇ ਨੇ ਉਸ ਨੂੰ ਕੁਝ ਇਨਾਮ ਨਹੀਂ ਦਿੱਤਾ। ਉਹ ਕਹਿੰਦੀ ਕਿ ਦਿੰਦੇ ਕੁਝ ਹੈ ਨਹੀਂ, ਮੈਂ ਜਾ ਰਹੀ ਹਾਂ। ਬਾਦਸ਼ਾਹ ਨੇ ਕਿਹਾ ਕਿ ਜੇ ਨਾਚ ਗਾਣੇ ਦਾ ਸ਼ੌਕ ਹੋਵੇ ਤਾਂ ਫਿਰ ਆਈਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕੰਡੀ ਏਰੀਆ ਨਾਲ ਮਖੌਲ ਕੀਤਾ ਜਾ ਰਿਹਾ ਹੈ ਔਰ ਦਿੱਤਾ ਕੁਝ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਦਿਆਲ ਸਿੰਘ ਰਾਜਲਾ : ** ** **

Mr. Speaker : This is no point of order.

ਰਾਜ ਮੰਤਰੀ : ਜੰਗਲਾਤ, ਭੂਮੀ ਰੱਖਿਆ ਤੇ ਜੰਗਲੀ ਜੀਵ (ਸਰਦਾਰ ਸੁਰਿੰਦਰਪਾਲ ਸਿਘ) : ਸਪੀਕਰ ਸਾਹਿਬ, ਮੈਂ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਹਾਊਸ ਦਾ ਟਾਈਮ ਜ਼ਿਆਦਾ ਹੋ ਗਿਆ ਹੈ। ਇਸ ਤੇ ਕਾਫੀ ਬਹਿਸ ਹੋ ਚੁੱਕੀ ਹੈ। ਮੈਂ ਬੇਨਤੀ ਕਰਾਂਗਾ ਕਿ ਇਸ ਬਿਲ ਨੂੰ ਪਾਸ ਕੀਤਾ ਜਾਵੇ।

ਡਾਕਟਰ ਕੇਵਲ ਕ੍ਰਿਸ਼ਨ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਅਸੀਂ ਨੈਚੁਰਲ ਕਲੈਮਿਟੀਜ਼ ਲਈ, ਹੇਲ ਸਟਾਰਮਜ਼ ਲਈ ਇਸ ਵਿਚੋਂ ਪੈਸਾ ਦਿਆਂਗੇ। 7 ਕਰੋੜ ਰੁਪਿਆ ਤਕਰੀਬਨ ਬੱਜਟ ਰੱਖਿਆ ਜਾਂਦਾ ਹੈ ਹਰ ਸਾਲ ਨੈਚੁਰਲ ਕਲੈਮਿਟੀਜ਼ ਲਈ ਔਰ ਤਕਰੀਬਨ 12-13 ਕਰੋੜ ਰੁਪਿਆ ਖਰਚ ਹੋ ਜਾਂਦਾ ਹੈ। ਕਈ ਵਾਰੀ ਇਸ ਤੋਂ ਵੀ ਬਹੁਤ ਜ਼ਿਆਦਾ ਖਰਚ ਹੋ ਜਾਂਦਾ ਹੈ। ਜੇ ਉਹ ਸਾਰਾ ਪੈਸਾ ਨੈਚੁਰਲ ਕਲੈਮਿਟੀਜ਼ ਦੀ ਰੈਮਿਡੀ ਵਾਸਤੇ ਦੇਣਾ ਹੈ ਤਾਂ ਬਾਕੀ ਦੀ ਰੂਰਲ ਡਿਵੈਲਪਮੈਂਟ ਕਿਸ ਤਰ੍ਹਾਂ ਇਹ ਕਰਨਗੇ? ਇਸਨੂੰ ਇਹ ਸਪੱਸ਼ਟ ਕਰਨ।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਸਾਰਾ ਪੈਸਾ ਨਹੀਂ ਦੇਣਾ ਸਗੋਂ A part of this money ਨੈਚੁਰਲ ਕਲੈਮਿਟੀਜ਼ ਵਾਸਤੇ ਫੰਡ ਕਰੀਏਟ ਕੀਤਾ ਜਾਂਦਾ ਹੈ, only a part. Thank you.

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਪੰਜਾਬ ਦਿਹਾਤੀ ਵਿਕਾਸ ਬਿਲ ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਸ੍ਰੀ ਸਪੀਕਰ : 2-3 ਮਿੰਟ ਰਹਿ ਗਏ ਹਨ।

ਵਿੱਤ ਮੰਤਰੀ : ਇਕ ਬਿਲ ਤਾਂ ਸਿਲੈਕਟ ਕਮੇਟੀ ਨੂੰ ਦੇ ਦੇਣਾ ਹੈ। (ਵਿਘਨ) ਅੱਧਾ ਘੰਟਾ ਹਾਊਸ ਦਾ ਸਮਾਂ ਐਕਸਟੈਂਡ ਕਰ ਦਿਓ। (ਵਿਘਨ)

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਤੁਸੀਂ ਸਾਈਨੇ ਡਾਈ ਦੀ ਮੋਸ਼ਨ ਨਹੀਂ ਲਿਆਂਦੀ।

ਸ੍ਰੀ ਸਪੀਕਰ : ਉਹ ਆ ਚੁੱਕੀ ਹੈ।

ਡਾਕਟਰ ਕੇਵਲ ਕ੍ਰਿਸ਼ਨ : ਉਹ ਮੂਵ ਨਹੀਂ ਹੋਈ।

ਸ੍ਰੀ ਸਪੀਕਰ : ਉਹ ਪਾਸ ਹੋ ਗਈ ਹੈ।

ਡਾਕਟਰ ਕੇਵਲ ਕ੍ਰਿਸ਼ਨ : ਲੰਚ ਦੇ ਬਾਅਦ ਇਕ ਘੰਟਾ ਫਿਰ ਮੀਟ ਕਰ ਲਓ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

EXTENSION OF TIME OF SITTING

ਸ਼੍ਰੀ ਸਪੀਕਰ: ਇਸ ਤਰ੍ਹਾਂ ਕਰ ਲਈਏ ਕਿ ਢਾਈ ਵਜੇ ਤੱਕ ਕੰਮ ਖਤਮ ਕਰ ਲਿਆ ਜਾਵੇ ਅਤੇ ਢਾਈ ਵਜੇ ਲੰਚ ਕਰ ਲਵਾਂਗੇ। ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਵਾਪਿਸ ਵੀ ਜਾਣਾ ਹੈ। ਮੈਂ ਹਾਊਸ ਅੱਗੇ ਪ੍ਰਸਤਾਵ ਰੱਖਦਾ ਹਾਂ ਕਿ ਹਾਊਸ ਦਾ ਸਮਾਂ 1 ਘੰਟੇ ਵਾਸਤੇ ਐਕਸਟੈਂਡ ਕਰ ਲਿਆ ਜਾਵੇ। ਕੀ ਸਾਰੇ ਇਸ ਦੇ ਹੱਕ ਵਿਚ ਹਨ?

(ਅਵਾਜ਼ਾਂ: ਹਾਂ ਜੀ।)

ਹਾਊਸ ਦੀ ਆਗਿਆ ਨਾਲ ਹਾਊਸ ਦਾ ਸਮਾਂ 1 ਘੰਟੇ ਵਾਸਤੇ ਐਕਸਟੈਂਡ ਕੀਤਾ ਜਾਂਦਾ ਹੈ।

THE PUNJAB SCHEDULED CASTES AND BACKWARD CLASSES (RESERVATION OF VACANCIES IN SERVICES AND POSTS) BILL, 1987

Minister of State for the Welfare of Scheduled Castes and Backward Classes (Sardar Dalip Singh Pandhi): Sir, I beg to introduce the Punjab Scheduled Castes and Backward Classes (Reservation of Vacancies in Services and Posts), Bill.

Sir, I also beg to move—

That the Punjab Scheduled Castes and Backward Classes (Reservation of Vacancies in Services and Posts) Bill be taken into consideration at once.

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ: ਮੈਂ ਪ੍ਰਸਤਾਵ ਕਰਦੀ ਹਾਂ:—

ਕਿ ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ (ਸੇਵਾਵਾਂ ਅਤੇ ਆਸਾਮੀਆਂ ਵਿਚ ਖਾਲੀ ਥਾਵਾਂ ਲਈ ਰਿਜ਼ਰਵੇਸ਼ਨ) ਬਿਲ, 1987 ਸਿਲੈਕਟ ਕਮੇਟੀ ਨੂੰ, ਜਿਸ ਦੇ ਮੈਂਬਰ ਸ਼੍ਰੀ ਸਪੀਕਰ ਨਾਮਜ਼ਦ ਕਰਨ, ਇਸ ਹਦਾਇਤ ਨਾਲ ਭੇਜਿਆ ਜਾਵੇ ਕਿ ਉਹ ਚਾਰ ਮਹੀਨਿਆਂ ਦੇ ਅੰਦਰ ਅੰਦਰ ਆਪਣੀ ਰਿਪੋਰਟ ਦੇਵੇ।

ਸ਼੍ਰੀ ਸਪੀਕਰ: ਪ੍ਰਸਤਾਵ ਪੇਸ਼ ਕੀਤਾ ਗਿਆ—

ਕਿ ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ (ਸੇਵਾਵਾਂ ਅਤੇ ਆਸਾਮੀਆਂ ਵਿਚ ਖਾਲੀ ਥਾਵਾਂ ਲਈ ਰਿਜ਼ਰਵੇਸ਼ਨ) ਬਿਲ, 1987 ਸਿਲੈਕਟ ਕਮੇਟੀ ਨੂੰ, ਜਿਸ ਦੇ ਮੈਂਬਰ ਸ਼੍ਰੀ ਸਪੀਕਰ ਨਾਮਜ਼ਦ ਕਰਨ, ਇਸ ਹਦਾਇਤ ਨਾਲ ਭੇਜਿਆ ਜਾਵੇ ਕਿ ਉਹ ਚਾਰ ਮਹੀਨਿਆਂ ਦੇ ਅੰਦਰ ਅੰਦਰ ਆਪਣੀ ਰਿਪੋਰਟ ਦੇਵੇ।

ਮੁੱਖ ਮੰਤਰੀ: ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਕਿਹਾ ਹੈ ਮੈਂ ਉਸ ਨਾਲ ਸਹਿਮਤ ਹਾਂ। ਅਸੀਂ ਸਾਰੇ ਸਹਿਮਤ ਹਾਂ, ਤੁਸੀਂ ਸਿਲੈਕਟ ਕਮੇਟੀ ਬਣਾ ਦਿਓ, ਮੁਕਰਰ ਕਰ ਦਿਓ।

Original with;
Punjab Vidhan Sabha
Digitized by;
Panjab Digital Library

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ (ਸੇਵਾਵਾਂ ਅਤੇ ਆਸਾਮੀਆਂ ਵਿਚ ਖਾਲੀ ਥਾਵਾਂ ਲਈ ਰਿਜ਼ਰਵੇਸ਼ਨ) ਬਿਲ, 1987 ਸਿਲੈਕਟ ਕਮੇਟੀ ਨੂੰ, ਜਿਸ ਦੇ ਮੈਂਬਰ ਸ੍ਰੀ ਸਪੀਕਰ ਨਾਮਜ਼ਦ ਕਰਨ, ਇਸ ਹਦਾਇਤ ਨਾਲ ਭੇਜਿਆ ਜਾਵੇ ਕਿ ਉਹ ਚਾਰ ਮਹੀਨਿਆਂ ਦੇ ਅੰਦਰ ਅੰਦਰ ਆਪਣੀ ਰਿਪੋਰਟ ਦੇਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਸ੍ਰੀ ਜਗਜੀਤ ਸਿੰਘ : ਉਸ ਦਾ ਟਾਈਮ ਵੀ ਮੁਕੱਰਰ ਕਰ ਦਿਓ ਕਿ ਉਹ ਕਮੇਟੀ ਰਿਪੋਰਟ ਕਿੰਨੇ ਚਿਰ ਵਿੱਚ ਦੇਵੇਗੀ।

ਸ੍ਰੀ ਸਪੀਕਰ : 4 ਮਹੀਨੇ ਦਾ ਟਾਈਮ ਸੁਜੈਸਟ ਕੀਤਾ ਹੈ।

ਸ੍ਰੀ ਜਗਜੀਤ ਸਿੰਘ : 4 ਮਹੀਨੇ ਤਾਂ ਬਹੁਤ ਹਨ ਜੀ। ਇਸ ਦੇ ਲਈ 2 ਮਹੀਨੇ ਬੜੇ ਹਨ, 2 ਮਹੀਨਿਆਂ ਵਿੱਚ ਕਮੇਟੀ ਆਪਣੀ ਰਿਪੋਰਟ ਦੇ ਦੇਵੇ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਤੇ ਪਿਛੜੀਆਂ ਸ਼੍ਰੇਣੀਆਂ ਭਲਾਈ (ਸਰਦਾਰ ਦਲੀਪ ਸਿਘ ਪਾਂਧੀ)**:** ਸਰ, ਮੈਂ ਇਕ ਅਰਜ਼ ਕਰਨੀ ਚਾਹੁੰਦਾ ਹਾਂ, ਮੈਨੂੰ 2 ਮਿੰਟ ਦਿਓ।

ਕੁਝ ਆਵਾਜ਼ਾਂ : ਜਦ ਸਾਰਾ ਹਾਊਸ ਮੰਨਦਾ ਹੈ। (ਵਿਘਨ)

ਰਾਜ ਮੰਤਰੀ : ਮੈਨੂੰ ਗੱਲ ਤਾਂ ਕਰ ਲੈਣ ਦਿਓ। ਹਾਊਸ ਸੁਪਰੀਮ ਹੈ, ਜੋ ਚਾਹੇ ਕਰ ਸਕਦਾ ਹੈ। ਹੋਰ ਸਾਰੇ ਬਿਲ ਪਾਸ ਹੋ ਗਏ, ਜਦੋਂ ਸ਼ਡਿਊਲਡ ਕਾਸਟਸ ਤੇ ਆ ਗਏ ਤਾਂ ਉਸ ਦੇ ਵਾਸਤੇ ਸਿਲੈਕਟ ਕਮੇਟੀ ਬਣ ਗਈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬੜੀ ਮਿਹਨਤ ਨਾਲ ਇਹ ਬਿਲ ਆਇਆ ਹੈ, ਸਾਰੇ ਮਾਨਯੋਗ ਮੈਂਬਰ ਸਾਹਿਬਾਨ ਦੀ ਬੜੇ ਲੰਮੇ ਅਰਸੇ ਤੋਂ ਮੰਗ ਸੀ, ਮੇਰੀ ਚੌਧਰੀ ਜਗਜੀਤ ਸਿੰਘ ਨਾਲ ਵੀ ਗੱਲ ਹੋਈ ਸੀ, ਇਸ ਬਿਲ ਨੂੰ ਪਾਸ ਕਰ ਦਿਓ ਉਸ ਦੇ ਬਾਅਦ ਜਿਹੜੀ ਸੋਧ ਕਰਨੀ ਹੈ ਉਹ ਵੀ ਕਰ ਸਕਦੇ ਹਾਂ। (ਵਿਘਨ) (ਸ਼ੋਰ) ਅਸੀਂ ਰੂਲ ਵੀ ਬਣਾ ਸਕਦੇ ਹਾਂ, ਅਮੈਂਡਮੈਂਟ ਵੀ ਲਿਆ ਸਕਦੇ ਹਾਂ। (ਵਿਘਨ)

ਸ੍ਰੀ ਸਪੀਕਰ : ਚਾਰ ਮਹੀਨਿਆਂ ਵਿੱਚ ਸਿਲੈਕਟ ਕਮੇਟੀ ਰਿਪੋਰਟ ਦੇਵੇਗੀ। (ਵਿਘਨ)

ਸ੍ਰੀ ਜਗਜੀਤ ਸਿੰਘ : ਪਾਂਧੀ ਸਾਹਿਬ ਨੇ ਕਿਹਾ ਹੈ ਕਿ ਚੌਧਰੀ ਜਗਜੀਤ ਸਿੰਘ ਨਾਲ ਗੱਲ ਹੋਈ ਸੀ। ਅਸੀਂ ਇਨ੍ਹਾਂ ਨੂੰ ਕੁਝ ਅਮੈਂਡਮੈਂਟਸ ਦਿੱਤੀਆਂ ਸਨ, ਉਹ ਅਮੈਂਡਮੈਂਟਸ ਇਹ ਮੰਨੇ ਨਹੀਂ। (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਪਿਛਲੇ ਸਦਨ ਦੇ ਸੈਸ਼ਨ ਸਮੇਂ, ਪਿਛਲੀ ਹਾਊਸ ਦੀ ਜੋ ਮੀਟਿੰਗ ਸੀ ਉਸ ਦੇ ਵਿੱਚ ਡੀਮਾਂਡ ਸੀ ਕਿ ਬਿਲ ਲਿਆਂਦਾ ਜਾਵੇ ਔਰ ਮੈਂ ਐਸ਼ੋਰੈਂਸ ਦਿਤੀ ਸੀ ਕਿ ਇਹ ਬਿਲ ਲਿਆਂਦਾ ਜਾਵੇਗਾ। ਕਿਉਂਕਿ ਉਹ ਆਸ਼ਵਾਸਨ ਹੋ ਚੁੱਕਾ ਸੀ, ਇਸ ਕਰਕੇ ਬਿਲ ਲਿਆਂਦਾ ਹੈ। ਇਧਰੋਂ ਕਾਫੀ ਹੱਦ ਤੱਕ ਕਿਹਾ ਗਿਆ ਹੈ ਕਿ ਸਿਲੈਕਟ ਕਮੇਟੀ ਵਿੱਚ ਰੈਫਰ ਕਰ ਦਿਓ, ਡੋਡ ਸਾਹਿਬ ਵਲੋਂ ਵੀ ਅਤੇ ਹੋਰ ਇਨ੍ਹਾਂ ਸਾਰਿਆਂ ਵਲੋਂ ਕਿਹਾ ਗਿਆ ਕਿ ਸਿਲੈਕਟ ਕਮੇਟੀ

Original with;
Punjab Vidhan Sabha
Digitized by;
Panjab Digital Library

ਨੂੰ ਰੈਫਰ ਕਰ ਦਿਓ। ਸਾਡੇ ਮਨਿਸਟਰ ਸਾਹਿਬ ਦੀ ਖਾਹਿਸ਼ ਹੈ ਕਿ ਪਾਸ ਕਰੀਏ। ਇਹ ਇਨ੍ਹਾਂ ਦੀ ਮਨਸ਼ਾ ਹੈ, ਇਸ ਕਰਕੇ ਇਹ ਪ੍ਰੈਸ ਕਰ ਰਹੇ ਹਨ। ਲੇਕਿਨ ਜੋ ਮੰਗ ਆ ਰਹੀ ਹੈ ਉਹ ਇਹ ਹੈ ਕਿ ਸਿਲੈਕਟ ਕਮੇਟੀ ਬਣਾਈ ਜਾਵੇ। ਜੋ ਮੰਗ ਆ ਰਹੀ ਹੈ ਹਾਊਸ ਵਿੱਚ ਕਿ ਸਿਲੈਕਟ ਕਮੇਟੀ ਬਣਾਈ ਜਾਵੇ ਤਾਂ ਅਸੀਂ ਤੁਹਾਨੂੰ ਇਸ ਦਾ ਅਧਿਕਾਰ ਦਿੰਦੇ ਹਾਂ।

ਸ੍ਰੀ ਸਪੀਕਰ : ਜੇ ਸਦਨ ਇਸ ਤੇ ਕੋਈ ਹੋਰ ਵਿਚਾਰ ਕਰਨਾ ਚਾਹੁੰਦਾ ਹੈ ਤਾਂ ਠੀਕ ਹੈ। (ਵਿਘਨ)

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਇਹ ਸਿਲੈਕਟ ਕਮੇਟੀ ਨੂੰ ਭੇਜਣ ਲਈ ਮੰਗ ਕਰਨ ਦਾ ਕਾਰਨ ਇਹ ਹੈ ਕਿ ਇਹ ਇਤਨਾ ਇਮਪਾਰਟੈਂਟ ਬਿਲ ਹੈ ਜਿਹੜਾ ਅੱਜ ਹੀ ਆਇਆ ਹੈ ਅਤੇ ਇਸ ਨੂੰ ਅਸੀਂ ਦੇਖ ਨਹੀਂ ਸਕੇ। (ਵਿਘਨ) ਇਸ ਤਰ੍ਹਾਂ ਕਿਵੇਂ ਮੰਨ ਲਈਏ। ਇਹੀ ਕਾਰਨ ਹੈ ਕਿ ਅਸੀਂ ਸਿਲੈਕਟ ਕਮੇਟੀ ਨੂੰ ਭੇਜਣ ਵਾਸਤੇ ਆਖਿਆ ਹੈ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਇਤਨੇ ਇਤਨੇ ਬਿਲ ਤੁਸੀਂ ਪਾਸ ਕਰ ਲਏ ਜੇ ਇਹ ਪਾਸ ਕਰ ਲਉਗੇ ਤਾਂ ਕੀ ਆਫਤ ਆ ਜਾਵੇਗੀ। (ਵਿਘਨ)

ਸ੍ਰੀ ਸਪੀਕਰ : ਹੁਣ ਸੀ. ਐਮ. ਸਾਹਿਬ ਉੱਤਰੀ ਭਾਰਤ ਨਹਿਰ ਅਤੇ ਜਲ ਨਿਕਾਸ (ਪੰਜਾਬ ਸੋਧਨਾਂ) ਬਿਲ, 1987 ਪੇਸ਼ ਕਰਨਗੇ।

THE NORTHERN INDIA CANAL AND DRAINAGE (PUNJAB AMENDMENT) BILL, 1987

Chief Minister (Sardar Surjit Singh Barnala) : Sir, I beg to introduce the Northern India Canal and Drainage (Punjab Amendment) Bill.

Sir, I also beg to move—

That the Northern India Canal and Drainage (Punjab Amendment) Bill be taken into consideration at once.

ਸ੍ਰੀ ਸਪੀਕਰ : ਪ੍ਰਸਤਾਵ ਪੇਸ਼ ਕੀਤਾ ਗਿਆ—

ਕਿ ਉੱਤਰੀ ਭਾਰਤ ਨਹਿਰ ਅਤੇ ਜਲ ਨਿਕਾਸ (ਪੰਜਾਬ ਸੋਧਨਾ) ਬਿਲ, ਤੇ ਤੁਰਤ ਵਿਚਾਰ ਕੀਤਾ ਜਾਵੇ।

ਸ੍ਰੀ ਸਪੀਕਰ : ਸੀ.ਐਮ. ਸਾਹਿਬ।

ਮੁੱਖ ਮੰਤਰੀ : (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਇਹ ਬਹੁਤ ਸਾਧਾਰਨ ਤੇ ਛੋਟਾ ਜਿਹਾ ਬਿਲ ਹੈ।

(ਇਸ ਵਕਤ ਕੁਝ ਮਾਨਯੋਗ ਮੈਂਬਰਜ਼ ਬੈਠੇ ਬੈਠੇ ਬੋਲ ਰਹੇ ਸਨ)

** ** **

ਸ੍ਰੀ ਸਪੀਕਰ : ਜੋ ਬਗੈਰ ਆਗਿਆ ਦੇ ਬੈਠੇ ਬੈਠੇ ਬੋਲ ਰਹੇ ਹਨ ਉਹ ਰਿਕਾਰਡ ਦਾ ਪਾਰਟ ਨਹੀਂ ਹਵੇਗਾ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਖਾਲਿਆਂ ਦੀ ਮੇਨਟੀਨੈਂਸ ਦੀ ਲੋੜ ਹੈ। ਕਈ ਜਗ੍ਹਾ ਤੇ ਖਾਲਾ ਟੁਟ ਜਾਂਦਾ ਹੈ ਅਗੇ ਪਾਣੀ ਨਹੀਂ ਮਿਲਦਾ, ਇਸ ਦਾ ਪ੍ਰਬੰਧ ਕੀਤਾ ਜਾ ਸਕੇ ਅਤੇ ਖਾਲਿਆਂ ਦੀ ਮੈਂਟੀਨੈਂਸ ਹੋ ਸਕੇ ਔਰ ਸਾਰਿਆਂ ਨੂੰ ਪਾਣੀ ਮਿਲ ਸਕੇ, ਇਹ ਛੋਟਾ ਜਿਹਾ ਸਿੰਪਲ ਬਿਲ ਹੈ ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ।

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਉਤਰੀ ਭਾਰਤ ਨਹਿਰ ਅਤੇ ਜਲ ਨਿਕਾਸ (ਪੰਜਾਬ ਸੋਧਨਾ) ਬਿਲ ਤੇ ਤੁਰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਸ੍ਰੀ ਸਪੀਕਰ : ਹੁਣ ਸਦਨ ਬਿਲ ਦੀਆਂ ਕਲਾਜ਼ਾਂ ਤੇ ਇਕ ਇਕ ਕਰ ਕੇ ਵਿਚਾਰ ਕਰੇਗਾ।

ਕਲਾਜ਼ 2

ਸ੍ਰੀ ਸਪੀਕਰ : ਪ੍ਰਸ਼ਨ ਹੈ —

ਕਿ ਕਲਾਜ਼ 2 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 3

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 3 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 4

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 4 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 5

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 5 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

ਕਲਾਜ਼ 1

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 1 ਬਿਲ ਦਾ ਭਾਗ ਹੈ।

ਪ੍ਰਸਤਾਵ ਪ੍ਰਵਾਨ ਹੋਇਆ।

Original with;
Punjab Vidhan Sabha
Digitized by;
Panjab Digital Library

ਟਾਈਟਲ

ਸ਼੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਟਾਈਟਲ ਬਿਲ ਦਾ ਟਾਈਟਲ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਮੈਂ ਪ੍ਰਸਤਾਵ ਕਰਦਾ ਹਾਂ:—

ਕਿ ਉੱਤਰੀ ਭਾਰਤ ਨਹਿਰ ਅਤੇ ਜਲ ਨਿਕਾਸ (ਪੰਜਾਬ ਸੋਧਨਾ) ਬਿਲ ਪਾਸ ਕੀਤਾ ਜਾਵੇ।

ਸ਼੍ਰੀ ਸਪੀਕਰ : ਪ੍ਰਸਤਾਵ ਪੇਸ਼ ਕੀਤਾ ਗਿਆ—

ਕਿ ਉੱਤਰੀ ਭਾਰਤ ਨਹਿਰ ਅਤੇ ਜਲ ਨਿਕਾਸ (ਪੰਜਾਬ ਸੋਧਨਾ) ਬਿਲ ਪਾਸ ਕੀਤਾ ਜਾਵੇ।

ਸ਼੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਉੱਤਰੀ ਭਾਰਤ ਨਹਿਰ ਅਤੇ ਜਲ ਨਿਕਾਸ (ਪੰਜਾਬ ਸੋਧਨਾ) ਬਿਲ ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਪੰਜਾਬ ਮੁਸਾਫਰਾਂ ਅਤੇ ਸਮਾਨ ਕਰ (ਸੋਧਨਾ) ਬਿਲ, 1987

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਸ਼੍ਰੀਮਾਨ ਜੀ, ਮੈਂ ਪੰਜਾਬ ਮੁਸਾਫਰਾਂ ਅਤੇ ਸਾਮਾਨ ਕਰ (ਸੋਧਨਾ) ਬਿਲ ਪੇਸ਼ ਕਰਦਾ ਹਾਂ।

ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ :

ਕਿ ਪੰਜਾਬ ਮੁਸਾਫਰਾਂ ਅਤੇ ਸਾਮਾਨ ਕਰ (ਸੋਧਨਾ) ਬਿਲ ਤੇ ਤੁਰਤ ਵਿਚਾਰ ਕੀਤਾ ਜਾਵੇ।

ਸ਼੍ਰੀ ਸਪੀਕਰ : ਪ੍ਰਸਤਾਵ ਪੇਸ਼ ਕੀਤਾ ਗਿਆ—

ਕਿ ਪੰਜਾਬ ਮੁਸਾਫ਼ਰਾਂ ਅਤੇ ਸਾਮਾਨ ਕਰ (ਸੋਧਨਾ) ਬਿਲ ਤੇ ਤੁਰਤ ਵਿਚਾਰ ਕੀਤਾ ਜਾਵੇ।

ਰਾਜਾ ਨਰਿੰਦਰ ਸਿੰਘ (ਨਾਭਾ) : ਸਪੀਕਰ ਸਾਹਿਬ, ਵੈਸੇ ਤਾਂ ਇਹ ਬਿਲ ਜਿਹੜਾ ਹੈ ਇਹ ਟਰਾਂਸਪੋਰਟਰਜ਼ ਦੇ ਨਾਲ ਸਬੰਧ ਰੱਖਦਾ ਹੈ। (ਵਿਘਨ)

ਸ਼੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਤੁਸੀਂ ਰਾਜਾ ਜੀ ਦੀ ਗਲ ਮੰਨ ਲੈਂਦੇ ਹੋ ਔਰ ਉਹ ਵੀ ਤੁਹਾਡੀ ਗੱਲ ਮੰਨ ਲੈਣ ਅਤੇ ਬੈਠ ਜਾਣ।

ਰਾਜਾ ਨਰਿੰਦਰ ਸਿੰਘ : ਮੈਂ ਐਫ. ਐਮ. ਸਾਹਿਬ ਨੂੰ ਇਸ ਬਿਲ ਬਾਰੇ ਬੇਨਤੀ ਕਰਾਂਗਾ ਕਿ ਜਿਹੜੀਆਂ ਹਾਰਡਸ਼ਿਪਸ ਹਨ ਉਹ ਮੰਨ ਲੈਣ। ਵਹੀਕਲ ਤੇ ਕਪੈਸਿਟੀ ਦਾ 80 % ਲਾ ਦਿੱਤਾ ਹੈ ਇਹ ਬਹੁਤ ਜ਼ਿਆਦਾ ਹੈ। ਇਹ ਰੀਜ਼ਨੇਬਲ ਨਹੀਂ। ਕਈ ਵਾਰੀ ਗਡੀ ਖੜੀ ਰਹਿੰਦੀ ਹੈ ਜਾਂ ਪਾਸ ਹੋਣ ਲਈ ਜਾਂਦੀ ਹੈ ਉਸ ਤੇ ਟੈਕਸ ਲੈਣਾ ਹੀ ਲੈਣਾ ਹੈ, ਜਿਹੜੀਆਂ ਹਾਇਰ ਪ੍ਰਚੇਜ਼ ਦੀ ਟਰਾਂਸ-ਪੋਰਟ ਦੀਆਂ ਗੱਡੀਆਂ ਹਨ ਉਹ ਵੀ ਇਸ ਦੇ ਅੰਦਰ ਆਉਂਦੀਆਂ ਹਨ। ਸਾਡੇ ਲੈਂਡ ਮਾਰਟਗੇਜ ਬੈਂਕ ਦੇ ਟਰੈਕਟਰ ਵੀ ਆਉਂਦੇ ਹਨ। ਹਾਇਰ ਪਰਚੇਜ਼ ਤੇ ਟੈਕਸ ਦੇ ਦਿੱਤਾ ਹੈ ਉਸ ਦੇ ਬਾਦ ਮੋਟਰ ਜਾਂ ਟਰੈਕਟਰ ਵਿਕ ਗਿਆ ਫਿਰ ਪੈਸੇ ਦੇਣੇ ਪੈਣਗੇ। ਇਹ ਦੋ ਗਲਾਂ ਹਨ। ਇਹ ਠੀਕ ਕਰ ਲੈਣ।

Original with;
Punjab Vidhan Sabha
Digitized by;
Panjab Digital Library

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਸਪੀਕਰ ਸਾਹਿਬ, ਜੋ ਰਾਜਾ ਨਰਿੰਦਰ ਸਿੰਘ ਨੇ ਗਲ ਕਹੀ ਹੈ ਇਸ ਤੇ ਵਿਚਾਰ ਕਰ ਲਵਾਂਗੇ, ਇਸ ਕਰਕੇ ਪਰਸੈਂਟੇਜ ਬਿਲ ਵਿਚ ਨਹੀਂ ਲਿਆਂਦੀ। it is a matter of policy ਇਹ ਲੰਪਸਮ ਕਰਨਾ ਹੈ।

ਜਿਹੜੀ ਹਾਇਰ ਪਰਚੇਜ਼ ਵਾਲੀ ਗਲ ਹੈ ਉਸ ਨੂੰ ਵੀ ਧਿਆਨ ਵਿਚ ਰਖਿਆ ਜਾਏਗਾ।

ਸ੍ਰੀ ਸਪੀਕਰ : ਪ੍ਰਸਤਾਵ ਹੈ ਕਿ ਜੇ ਹਾਊਸ ਦੀ ਪ੍ਰਵਾਨਗੀ ਹੋਵੇ ਤਾਂ ਇਸ ਨੂੰ ਹਾਊਸ ਦੇ ਅੱਗੇ ਪੇਸ਼ ਕੀਤਾ ਜਾਵੇ।

(ਅਵਾਜ਼ਾਂ : ਹਾਂ ਜੀ, ਹਾਂ ਜੀ।)

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਪੰਜਾਬ ਮੁਸਾਫਰਾਂ ਅਤੇ ਸਾਮਾਨ ਕਰ (ਸੋਧਨਾ) ਬਿਲ ਤੇ ਤੁਰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਸ੍ਰੀ ਸਪੀਕਰ : ਜੇ ਹਾਊਸ ਦੀ ਪ੍ਰਸੰਨਤਾ ਹੋਵੇ ਤਾਂ ਸਾਰੀਆਂ ਕਲਾਜ਼ਾਂ ਇਕੱਠੀਆਂ ਕਰ ਲਈਆਂ ਜਾਣ ?

(ਅਵਾਜ਼ਾਂ : ਹਾਂ ਜੀ, ਹਾਂ ਜੀ।)

ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ 2, ਕਲਾਜ਼ 3, ਕਲਾਜ਼ 4, ਕਲਾਜ਼ 5, ਕਲਾਜ਼ 6, ਕਲਾਜ਼ 7 ਅਤੇ ਕਲਾਜ਼ 1 ਦੀ ਸਬ ਕਲਾਜ਼ (1)

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ 2 ਕਲਾਜ਼ 3, ਕਲਾਜ਼ 4 ਕਲਾਜ਼ 5, ਕਲਾਜ਼ 6, ਕਲਾਜ਼ 7 ਅਤੇ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਭਾਗ ਹਨ।

ਪ੍ਰਸਤਾਵ ਪ੍ਰਵਾਨ ਹੋਇਆ।

ਟਾਈਟਲ

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਟਾਈਟਲ ਬਿਲ ਦਾ ਟਾਈਟਲ ਬਣੇ।

ਪ੍ਰਸਤਾਵ ਪ੍ਰਵਾਨ ਹੋਇਆ।

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਮੈਂ ਪ੍ਰਸਤਾਵ ਕਰਦਾ ਹਾਂ—

ਕਿ ਪੰਜਾਬ ਮੁਸਾਫਰਾਂ ਅਤੇ ਸਾਮਾਨ ਕਰ (ਸੋਧਨਾਂ) ਬਿਲ ਪਾਸ ਕੀਤਾ ਜਾਵੇ।

ਸ੍ਰੀ ਸਪੀਕਰ : ਪ੍ਰਸਤਾਵ ਪੇਸ਼ ਕੀਤਾ ਗਿਆ —

ਕਿ ਪੰਜਾਬ ਮੁਸਾਫਰਾਂ ਅਤੇ ਸਾਮਾਨ ਕਰ (ਸੋਧਨਾ) ਬਿਲ ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

ਸ੍ਰੀ ਸਪੀਕਰ : ਪ੍ਰਸ਼ਨ ਹੈ—

ਕਿ ਪੰਜਾਬ ਮੁਸਾਫਰਾਂ ਅਤੇ ਸਾਮਾਨ ਕਰ (ਸੋਧਨਾ) ਬਿਲ ਪਾਸ ਕੀਤਾ ਜਾਵੇ।

ਪ੍ਰਸਤਾਵ ਪ੍ਰਵਾਨ ਹੋਇਆ।

Original with;
Punjab Vidhan Sabha
Digitized by;
Panjab Digital Library

ਸ਼੍ਰੀ ਸਪੀਕਰ: ਮੈਂ ਹਾਊਸ ਨੂੰ ਮੁਬਾਰਕਬਾਦ ਦਿਆਂਗਾ ਕਿ ਬਹੁਤ ਅੱਛਾ ਰਿਹਾ ਹੈ, ਪ੍ਰੋਗਰਾਮ ਦਾ ਜਿੰਨਾ ਬਿਜ਼ਨੈਸ ਸੀ ਉਹ ਕਾਫੀ ਚੰਗੀ ਤਰ੍ਹਾਂ ਕੰਡਕਟ ਹੋਇਆ ਹੈ। ਮੈਂ ਇਸ ਗਲ ਦੀ ਤੁਹਾਨੂੰ ਵਧਾਈ ਦਿੰਦਾ ਹਾਂ। ਬਾਕੀ ਇਥੇ ਇਕ ਸਦਨ ਦੀ ਜਿਹੜੀ ਰਾਏ ਆਈ ਹੈ ਕਿ ਜਿਸ ਦਿਨ ਲੈਜਿਸਲੇਟਿਵ ਬਿਜ਼ਨੈਸ ਹੋਵੇ ਉਸ ਤੇ ਵਧੇਰੇ ਸਮਾਂ ਹੋਣਾ ਚਾਹੀਦਾ ਹੈ, ਮੈਂ ਚਾਹਵਾਂਗਾ ਕਿ ਅੱਗੇ ਤੋਂ ਇਸ ਵਾਸਤੇ ਵੱਧ ਸਮਾਂ ਮਿਲਣਾ ਚਾਹੀਦਾ ਹੈ।

* 1.42 P.M.

ਵਿਧਾਨ ਸਭਾ ਅਣਮਿਥੇ ਸਮੇਂ ਲਈ ਸਥਗਿਤ ਕੀਤੀ ਜਾਂਦੀ ਹੈ।

(ਵਿਧਾਨ ਸਭਾ ਫਿਰ ਅਣਮਿਥੇ ਸਮੇਂ ਲਈ *ਸਥਗਿਤ ਹੋ ਗਈ।)

26948 PVS—Govt. Press, U. T., Chd.

Original with;
Punjab Vidhan Sabha
Digitized by;
Panjab Digital Library

[illegible]

1.42 P.M.

[illegible]

[illegible]

26948 PVS—Govt. Press, U. T., Chd.

Original with:
Punjab Vidhan Sabha
Digitized by:
Panjab Digital Library

Original with;
Punjab Vidhan Sabha
Digitized by;
Panjab Digital Library

Chief Reporter
Punjab Vidhan Sabha
Chandigarh

(C) 1987

Published under the authority of the Punjab Vidhan Sabha and printed by the Controller, Printing & Stationery (U.T.), Chandigarh.

Original with;
Punjab Vidhan Sabha
Digitized by;
Panjab Digital Library